ਵੀਰਵਾਰ, 2 ਫਰਵਰੀ, 2023

20 ਮਾਘ { ਨਾਨਕਸ਼ਾਹੀ 554 / ਬਿਕਰਮੀ 2079 }

ਜਿਲਦ/VOL. : 71

ਅੰਕ/NO. : 243

ਨਵਾਂ ਜ਼ਮਾਨਾ

DAILY NAWAN ZAMANA • THURSDAY, 2 FEBRUARY, 2023 ਜਲੰਧਰ

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ) 0181-5097300

ਇਸ਼ਤਿਹਾਰ ਵਿਭਾਗ 0181-5097302

ਸਾਹਿਤ ਸੰਪਾਦਕ (ਐਤਵਾਰਤਾ) 0181-5097305

ਕੰਪਿਊਟਰ ਰੂਮ 0181-5097310

ਵੈੱਬ ਟੀ ਵੀ 0181-5133160

You Tube nawan zamana TV

ਇਨਕਮ ਟੈਕਸ 'ਚ ਸ਼ਰਤ ਨਾਲ ਛੋਟ, ਮਨਰੇਗਾ ਰਾਸ਼ੀ 'ਚ ਭਾਰੀ ਕਟੌਤੀ

ਨਵੀਂ ਦਿੱਲੀ : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 2024 ਦੀਆਂ ਆਮ ਚੋਣਾਂ ਤੋਂ ਪਹਿਲਾਂ ਬੁੱਧਵਾਰ ਸੰਸਦ 'ਚ 2023-24 ਦਾ ਆਮ ਬਜਟ ਪੇਸ਼ ਕਰਦਿਆਂ 7 ਲੱਖ ਰੁਪਏ ਤੱਕ ਦੀ ਆਮਦਨ ਨੂੰ ਟੈਕਸ ਮੁਕਤ ਕਰਨ ਦੀ ਤਜਵੀਜ਼ ਰੱਖੀ। ਮੱਧ ਵਰਗ ਨੂੰ 5 ਲੱਖ ਤੱਕ ਕੋਈ ਟੈਕਸ ਨਹੀਂ ਦੇਣਾ ਪੈਂਦਾ, ਹੁਣ ਇਸ ਦੀ ਹੱਦ 7 ਲੱਖ ਰੁਪਏ ਹੋਵੇਗੀ, ਪਰ ਇਸ ਦੇ ਨਾਲ ਇਹ ਸ਼ਰਤ ਨੱਥੀ ਕੀਤੀ ਗਈ ਹੈ ਕਿ ਛੋਟ ਉਨ੍ਹਾਂ ਨੂੰ ਮਿਲੇਗੀ, ਜੋ ਨਵੀਂ ਟੈਕਸ ਪ੍ਰਣਾਲੀ ਦੀ ਚੋਣ ਕਰਨਗੇ। ਪੁਰਾਣੀ ਪ੍ਰਣਾਲੀ ਜਾਰੀ ਰੱਖਣ ਵਾਲਿਆਂ ਨੂੰ ਪਹਿਲਾਂ ਵਾਂਗ ਟੈਕਸ ਦੇਣਾ ਪਏਗਾ।

ਨਵੀਂ ਪ੍ਰਣਾਲੀ ਵਿਚ 50 ਹਜ਼ਾਰ ਰੁਪਏ ਦੀ ਸਟੈਂਡਰਡ ਡਿਡਕਸ਼ਨ ਸ਼ਾਮਲ ਕੀਤੀ ਗਈ ਹੈ, ਯਾਨੀ ਕਿ ਸਾਢੇ 7 ਲੱਖ ਰੁਪਏ ਤੱਕ ਦੀ ਤਨਖਾਹ 'ਤੇ ਕੋਈ ਟੈਕਸ ਨਹੀਂ ਲੱਗੇਗਾ। ਜਿਨ੍ਹਾਂ ਦੀ ਕਮਾਈ ਤਨਖਾਹ ਵਾਲੀ ਨਹੀਂ, ਉਨ੍ਹਾਂ ਨੂੰ ਸਟੈਂਡਰਡ ਡਿਡਕਸ਼ਨ ਦਾ ਫਾਇਦਾ ਨਹੀਂ ਮਿਲੇਗਾ।

ਬਜਟ ਵਿਚ ਮਨਰੇਗਾ ਲਈ ਬਜਟ ਘਟਾ ਕੇ 60 ਹਜ਼ਾਰ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਚਲੰਤ ਮਾਲੀ ਸਾਲ ਵਿਚ ਸੋਧਿਆ ਅਨੁਮਾਨ 89 ਹਜ਼ਾਰ 400 ਕਰੋੜ ਰੁਪਏ ਸੀ।

ਸੀਤਾਰਮਨ ਨੇ ਕਿਹਾ ਕਿ ਖੇਤੀਬਾੜੀ ਸੈਕਟਰ ਦਾ ਵਿਕਾਸ ਤੇਜ਼ ਕਰਨ ਲਈ ਵੱਖਰਾ ਫੰਡ ਬਣਾਇਆ ਜਾਵੇਗਾ ਤੇ ਨਵੀਂ ਤਕਨੀਕ 'ਤੇ ਜ਼ੋਰ ਦਿੱਤਾ ਜਾਵੇਗਾ। ਵਿੱਤੀ ਸਾਲ 2023-24 ਲਈ ਖੇਤੀਬਾੜੀ ਕਰਜ਼ੇ ਦਾ ਟੀਚਾ ਵਧਾ ਕੇ 20 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਇਸ ਵਿਚ ਪਸ਼ੂ ਪਾਲਣ, ਡੇਅਰੀ ਉਦਯੋਗ ਅਤੇ ਮੱਛੀ ਪਾਲਣ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ।

ਔਰਤਾਂ ਲਈ ਮਹਿਲਾ ਸਨਮਾਨ ਬਚਤ ਪੱਤਰ ਯੋਜਨਾ ਸ਼ੁਰੂ ਕੀਤੀ ਜਾਵੇਗੀ, ਜਿਸ 'ਤੇ 7.5 ਫੀਸਦੀ ਵਿਆਜ ਦਿੱਤਾ ਜਾਵੇਗਾ। ਸੀਨੀਅਰ ਸਿਟੀਜ਼ਨ ਸੇਵਿੰਗ ਸਕੀਮ ਦੀ ਹੱਦ 15 ਲੱਖ ਰੁਪਏ ਤੋਂ ਵਧਾ ਕੇ 30 ਲੱਖ ਰੁਪਏ ਕੀਤੀ ਜਾਵੇਗੀ।

ਰੇਲਵੇ ਲਈ ਪੂੰਜੀ ਖਰਚ ਵਧਾ ਕੇ ਹੁਣ ਤੱਕ ਦਾ ਸਭ ਤੋਂ ਵੱਧ 2.40 ਲੱਖ ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਰੇਲਵੇ ਲਈ ਖਰਚਾ 2013-2014 'ਚ ਪ੍ਰਦਾਨ ਕੀਤੀ ਗਈ ਰਕਮ ਤੋਂ ਨੌਂ ਗੁਣਾ ਹੈ। ਏਕਲਵਿਆ ਮਾਡਲ ਰਿਹਾਇਸ਼ੀ ਸਕੂਲਾਂ ਲਈ 38,800 ਅਧਿਆਪਕਾਂ ਦੀ ਭਰਤੀ ਕੀਤੀ ਜਾਵੇਗੀ।

ਬੱਜਟ ਮੁਤਾਬਕ ਐੱਲ ਈ ਡੀ ਟੀ ਵੀ ਸਸਤਾ ਹੋਵੇਗਾ, ਕਸਟਮ ਡਿਊਟੀ ਘੱਟ ਹੋਣ ਕਾਰਨ ਦਰਾਮਦੀ ਡਿਊਟੀ ਘੱਟ ਹੋਵੇਗੀ, ਇਲੈਕਟ੍ਰਿਕ ਸਾਮਾਨ ਵੀ ਸਸਤਾ ਹੋਵੇਗਾ, ਮੋਬਾਇਲ ਪਾਰਟਸ ਦੀ ਕੀਮਤ ਵੀ ਘੱਟ ਹੋਵੇਗੀ। ਇਨ੍ਹਾਂ ਤੋਂ ਇਲਾਵਾ ਜਿਹੜੀਆਂ ਚੀਜਾਂ ਮਹਿੰਗੀਆਂ ਹੋਣਗੀਆਂ, ਉਨ੍ਹਾਂ 'ਚ ਸਿਗਰਟ, ਚਾਂਦੀ ਦੀਆਂ ਦਰਾਮਦ ਵਸਤਾਂ, ਰਸੋਈ ਦੀ ਚਿਮਨੀ, ਆਯਾਤ ਕੀਤੇ ਸਾਈਕਲ ਅਤੇ ਖਿਡੌਣੇ, ਪੂਰੀ ਤਰ੍ਹਾਂ ਆਯਾਤ ਕੀਤੀਆਂ ਕਾਰਾਂ ਅਤੇ ਇਲੈਕਟ੍ਰਿਕ ਵਾਹਨ, ਨਕਲੀ ਗਹਿਣੇ ਅਤੇ ਮਿਸ਼ਰਤ ਰਬੜ।

ਸੀਤਾਰਮਨ ਨੇ ਕਿਹਾ ਕਿ ਦੇਸ਼ ਭਰ ਦੀਆਂ ਜੇਲ੍ਹਾਂ 'ਚ ਅਜਿਹੇ ਬਹੁਤ ਸਾਰੇ ਗਰੀਬ ਕੈਦੀ ਹਨ, ਜੋ ਜ਼ਮਾਨਤ ਜਾਂ ਜੁਰਮਾਨੇ ਦੀ ਰਕਮ ਅਦਾ ਨਾ ਹੋਣ ਕਾਰਨ ਜੇਲ੍ਹ ਵਿੱਚੋਂ ਬਾਹਰ ਨਹੀਂ ਆ ਸਕਦੇ। ਇਨ੍ਹਾਂ ਨੂੰ ਜ਼ਮਾਨਤ ਲੈਣ ਲਈ ਜੋ ਵੀ ਖਰਚਾ ਹੋਵੇਗਾ, ਉਸ ਦਾ ਸਾਰਾ ਭਾਰ ਸਰਕਾਰ ਚੁੱਕੇਗੀ।

ਬੱਜਟ ਪ੍ਰਭਾਵਹੀਣ ਤੇ ਖੋਖਲਾ : ਅਮਰਜੀਤ ਕੌਰ

ਲੁਧਿਆਣਾ, (ਐੱਮ ਐੱਸ ਭਾਟੀਆ)-ਏਟਕ ਸਕੱਤਰੇਤ ਨਵੀਂ ਦਿੱਲੀ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਆਪਣਾ ਜੋ ਆਖਰੀ ਪੂਰਾ ਬਜਟ ਪੇਸ਼ ਕੀਤਾ ਹੈ, ਜਿਸ ਨੂੰ 'ਅੰਮ੍ਰਿਤ ਕਾਲ ਬਜਟ' ਵਜੋਂ ਧੂਮਧਾਮ ਨਾਲ ਪੇਸ਼ ਕੀਤਾ ਗਿਆ ਹੈ, ਆਮ ਤੌਰ 'ਤੇ ਪ੍ਰਧਾਨ ਮੰਤਰੀ ਦੇ ਸ਼ਬਦਾਂ ਦੇ ਤਾਲਮੇਲ ਦੀ ਧਮਾਕੇਦਾਰ ਜੁਗਲਬੰਦੀ ਹੈ, ਜਿਸ ਨੇ ਉਨ੍ਹਾ ਦੇ ਬਜਟ ਭਾਸ਼ਣ ਦਾ ਮਹੱਤਵਪੂਰਨ ਹਿੱਸਾ ਭਰ ਦਿੱਤਾ। ਕੁਲ ਮਿਲਾ ਕੇ ਰੁਜ਼ਗਾਰ, ਸਿਹਤ, ਸਿੱਖਿਆ, ਮਹਿੰਗਾਈ ਆਦਿ ਦੇ ਅਹਿਮ ਮੁੱਦਿਆਂ ਨੂੰ ਸੰਬੋਧਤ ਕੀਤੇ ਬਿਨਾਂ ਬਜਟ ਬੁਰੀ ਤਰ੍ਹਾਂ ਖੋਖਲਾ ਹੈ। ਸਿਵਾਏ ਕਿ ਵੋਟਰਾਂ ਨੂੰ ਲੁਭਾਉਣ ਦੇ ਇਰਾਦੇ ਨਾਲ ਕੁਝ ਹੱਥਕੰਡੇ ਹਨ, ਲੋਕ ਕੇਂਦਰਤ ਆਰਥਕ ਵਿਕਾਸ ਅਤੇ ਮਨੁੱਖੀ ਵਿਕਾਸ ਵੱਲ ਵਧਣ ਦਾ ਉਦੇਸ਼ ਕੁਝ ਵੀ ਨਹੀਂ ਹੈ। ਬੋਲੀ ਝੂਠ ਅਤੇ ਜੁਗਲਬੰਦੀ ਨਾਲ ਭਰੀ ਹੋਈ ਸੀ। ਪ੍ਰਾਪਤੀਆਂ ਵਜੋਂ ਪੇਸ਼ ਕੀਤੇ ਗਏ ਅੰਦਾਜ਼ੇ ਸੱਚ ਤੋਂ ਕੋਹਾਂ ਦੂਰ ਸਨ। ਬਜਟ ਵਿੱਚ ਸੂਚੀਬੱਧ ਸੱਤ ਪ੍ਰਮੁੱਖ ਤਰਜੀਹਾਂ, ਜਿਵੇਂ ਕਿ ਸਮਾਵੇਸ਼ੀ ਵਿਕਾਸ, ਆਖਰੀ ਮੀਲ ਤੱਕ ਪਹੁੰਚਣਾ, ਯੁਵਾ ਸ਼ਕਤੀ ਆਦਿ ਬਿਨਾਂ ਕਿਸੇ ਪਦਾਰਥ ਦੇ ਖਾਲੀ ਹਨ। ਲੋਕਾਂ ਨਾਲ ਸੰਬੰਧਤ ਅਸਲ ਮੁੱਦਿਆਂ ਵਿੱਚੋਂ ਕਿਸੇ ਨੂੰ ਵੀ ਹੱਲ ਨਹੀਂ ਕੀਤਾ ਗਿਆ। ਟਰੇਡ ਯੂਨੀਅਨਾਂ ਪੁਰਾਣੀ ਪੈਨਸ਼ਨ ਸਕੀਮ, ਸਭ ਨੂੰ ਸਮਾਜਕ ਸੁਰੱਖਿਆ, ਸਾਰਿਆਂ ਨੂੰ ਪੈਨਸ਼ਨ, ਸਕੀਮ ਕਾਮਿਆਂ ਨੂੰ ਰੈਗੂਲਰ ਕਰਨ, ਖੇਤੀਬਾੜੀ ਮਜ਼ਦੂਰਾਂ ਸਮੇਤ ਗੈਰ-ਸੰਗਠਿਤ ਖੇਤਰ ਦੇ ਮਜ਼ਦੂਰਾਂ ਲਈ ਘੱਟੋ-ਘੱਟ ਉਜਰਤਾਂ ਆਦਿ ਦੀ ਮੰਗ ਕਰ ਰਹੀਆਂ ਹਨ। ਇਹ ਇੱਕ ਅਜਿਹਾ ਬਜਟ ਹੈ, ਜੋ ਰਾਸ਼ਟਰ ਦੇ ਹਿੱਤਾਂ ਨੂੰ ਪਿੱਛੇ ਛੱਡਦਾ ਹੈ, ਇਸ ਦੀ 94% ਅਸੰਗਠਿਤ ਕਾਰਜ ਸ਼ਕਤੀ, ਜੋ ਜੀ ਡੀ ਪੀ ਵਿੱਚ 60% ਯੋਗਦਾਨ ਪਾਉਂਦੀ ਹੈ।ਬਜਟ ਵਿੱਚ ਲੰਮੇ ਸਮੇਂ ਦੇ ਰੁਜ਼ਗਾਰ ਅਤੇ ਮਿਆਰੀ ਨੌਕਰੀਆਂ ਦੀ ਸਿਰਜਣਾ ਵੱਲ ਧਿਆਨ ਨਹੀਂ ਦਿੱਤਾ ਗਿਆ। 8 ਮਿਲੀਅਨ ਨਵੇਂ ਨੌਕਰੀ ਲੱਭਣ ਵਾਲੇ ਹਰ ਸਾਲ ਨੌਕਰੀ ਦੀ ਮਾਰਕੀਟ ਵਿੱਚ ਦਾਖਲ ਹੁੰਦੇ ਹਨ। ਬੇਰੁਜ਼ਗਾਰੀ 34% ਦੇ ਸਿਖਰ 'ਤੇ ਹੈ। ਬਜਟ ਮੰਗ ਅਧਾਰਤ ਹੁਨਰ ਦੀ ਗੱਲ ਕਰਦਾ ਹੈ। ਹੁਨਰ ਰਸਮੀ ਸਿੱਖਿਆ ਦੇ ਨਾਲ ਆਉਂਦਾ ਹੈ। ਭਾਰਤ ਵਿੱਚ ਰਸਮੀ ਸਿੱਖਿਆ ਦੀ ਅਸਲੀਅਤ ਨੂੰ ਪਿੱਛੇ ਛੱਡ ਕੇ ਹੁਨਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਇਹ ਵਚਨਬੱਧਤਾ ਦੀ ਘਾਟ ਵਾਲੀ ਇੱਕ ਨੁਕਸਦਾਰ ਪਹੁੰਚ ਹੈ। 'ਯੁਵਾ ਸ਼ਕਤੀ' ਦੀ ਪ੍ਰਾਥਮਿਕਤਾ ਸਭ ਤੋਂ ਵੱਧ ਨੌਜਵਾਨਾਂ ਦੀ ਆਬਾਦੀ ਹੋਣ ਦੇ ਜਨਸੰਖਿਆ ਲਾਭਅੰਸ਼ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦੀ ਹੈ। ਉਦਯੋਗ 4.0 ਲਈ ਨਵੇਂ ਯੁੱਗ ਦੇ ਕੋਰਸਾਂ ਦਾ ਉਦੇਸ ਤਕਨੀਕੀ ਤੌਰ 'ਤੇ ਪੜ੍ਹੇ-ਲਿਖੇ ਨੌਜਵਾਨਾਂ ਦੇ ਇੱਕ ਬਹੁਤ ਹੀ ਛੋਟੇ ਵਰਗ ਲਈ ਹੈ, ਜੋ ਉਦਯੋਗ ਦੇ ਇੱਕ ਵੱਡੇ ਹਿੱਸੇ ਨੂੰ ਪਿੱਛੇ ਛੱਡਦਾ ਹੈ। ਸਿੱਖਿਆ ਵਿੱਚ ਖਰਚ ਨਾਕਾਫੀ ਹੈ। ਭਾਰਤ ਵਿੱਚ ਔਸਤਨ ਸਕੂਲੀ ਸਿੱਖਿਆ ਦੀ ਦਰ ਵਿੱਚ ਭਾਰੀ ਗਿਰਾਵਟ ਆਈ ਹੈ। ਬਜਟ ਉੱਚ ਸਿੱਖਿਆ 'ਤੇ ਖਰਚ ਕਰਨ ਦੀ ਗੱਲ ਕਰਦਾ ਹੈ। ਇਸ ਨੇ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਲਿਆਉਣ ਲਈ ਪਹਿਲਾਂ ਹੀ ਬਲਿਊ ਪ੍ਰਿੰਟ ਬਣਾ ਲਿਆ ਹੈ। ਇਹ ਖਰਚ ਉੱਚ ਸਿੱਖਿਆ ਨੂੰ ਸਮਰਥਨ ਦੇਣ ਦੀ ਉਸ ਯੋਜਨਾ ਨਾਲ ਮੇਲ ਖਾਂਦਾ ਜਾਪਦਾ ਹੈ। ਭਾਜਪਾ ਹੁਣ ਤੱਕ ਸਿੱਖਿਆ 'ਤੇ ਜੀ ਡੀ ਪੀ ਦਾ ਸਿਰਫ 3% ਤੋਂ ਵੀ ਘੱਟ ਵੰਡ ਰਹੀ ਹੈ। 2047 ਤੱਕ ਸਿਕਲ ਸੈੱਲ ਅਨੀਮੀਆ ਦੇ ਖਾਤਮੇ ਦੇ ਖਾਸ ਪ੍ਰੋਗਰਾਮ ਨੂੰ ਛੱਡ ਕੇ ਬਜਟ ਵਿੱਚ ਸਿਹਤ 'ਤੇ ਕੋਈ ਖਰਚ ਨਹੀਂ ਕੀਤਾ ਗਿਆ । ਸਿਹਤ 'ਤੇ ਜਨਤਕ ਖਰਚੇ ਘਟਣ ਨਾਲ ਭਾਰਤ ਵਿੱਚ ਗਰੀਬੀ ਵਧ ਗਈ ਹੈ। ਖੇਤੀਬਾੜੀ 'ਤੇ ਖਰਚਾ ਕਾਫੀ ਹੱਦ ਤੱਕ ਘਟਾ ਦਿੱਤਾ ਜਾਂਦਾ ਹੈ। ਬਜਟ ਚੋਣ ਸਾਲ ਦੀ ਡਰਾਮੇਬਾਜ਼ੀ ਹੈ। ਮੱਛੀ ਪਾਲਣ, ਭਵਿੱਖ ਵਿੱਚ ਬਜਟ ਦੀਆਂ ਵਚਨਬੱਧਤਾਵਾਂ ਦੀ ਘਾਟ ਲਈ ਕੁਝ ਯੋਜਨਾਵਾਂ ਹਨ। ਮਨਰੇਗਾ ਇੱਕ ਮੰਗ ਅਧਾਰਤ ਕੰਮ ਹੈ। ਯੋਜਨਾ ਲਈ ਵੰਡ ਵਿੱਚ ਕਟੌਤੀ ਨੇ ਇਸ ਯੋਜਨਾ ਦੇ ਤਹਿਤ ਲੱਗਭੱਗ 7 ਕਰੋੜ ਨੌਕਰੀ ਭਾਲਣ ਵਾਲਿਆਂ ਨੂੰ ਵਾਂਝਾ ਕਰ ਦਿੱਤਾ ਹੈ। ਮੱਧ ਵਰਗ ਨੂੰ 7 ਲੱਖ ਤੱਕ ਦੀ ਟੈਕਸ ਛੋਟ ਨਾਲ ਭਰਮਾਇਆ ਗਿਆ ਹੈ। ਇਹ ਰਸਮੀ ਤਨਖਾਹ ਪ੍ਰਾਪਤ ਕਾਰਜ ਬਲ ਦਾ ਇੱਕ ਛੋਟਾ ਜਿਹਾ ਹਿੱਸਾ ਹੈ। ਇਹ ਫਿਰ ਵੋਟ ਬੈਂਕ ਨੂੰ ਖਿੱਚਣ ਦਾ ਉਪਾਅ ਹੈ। ਜਮ੍ਹਾਂ ਦੀ ਸੀਮਾ ਨੂੰ ਵਧਾਉਣ ਦੇ ਤਰੀਕੇ ਨਾਲ ਔਰਤਾਂ ਅਤੇ ਸੀਨੀਅਰ ਨਾਗਰਿਕਾਂ ਨੂੰ ਰਾਹਤ ਦਾ ਕੋਈ ਵੱਡਾ ਲਾਭ ਨਹੀਂ। ਲਿੰਗਕ ਉਜਰਤ ਅਸਮਾਨਤਾ ਨੂੰ ਵਧਾਉਣਾ ਅਤੇ ਔਰਤਾਂ ਦੀ ਰੋਜ਼ਗਾਰ ਦਰ ਵਿੱਚ ਕਮੀ ਵੱਲ ਧਿਆਨ ਨਹੀਂ ਦਿੱਤਾ ਗਿਆ। ਚੁਣੀਆਂ ਗਈਆਂ ਵਸਤੂਆਂ 'ਤੇ ਜੀ ਐੱਸ ਟੀ ਛੋਟ ਸਿਰਫ ਗੈਰ-ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਨੂੰ ਘਟਾਉਂਦੀ ਹੈ। ਅਸਿੱਧੇ ਟੈਕਸ ਅਦਾ ਕਰਨ ਵਾਲੇ ਆਮ ਆਦਮੀ ਨੂੰ ਕੋਈ ਰਾਹਤ ਨਹੀਂ। ਵਪਾਰ ਕਰਨ ਦੀ ਸੌਖ ਨੂੰ ਸਰਲ ਬਣਾਉਣ ਲਈ ਇਹ ਦੇਖਣਾ ਹੋਵੇਗਾ ਕਿ ਨਿਯੋਕਤਾਵਾਂ ਨੂੰ ਕਿਹੜੀਆਂ ਰਾਹਤਾਂ ਦੀ ਪੇਸ਼ਕਸ਼ ਹੈ। ਇਸ ਨਾਲ ਮਜ਼ਦੂਰਾਂ ਦੇ ਹੱਕਾਂ 'ਤੇ ਸੱਟ ਵੱਜੇਗੀ। ਐੱਮ ਐੱਸ ਐੱਮ ਈ ਨੂੰ ਉਚਿਤ ਢੰਗ ਨਾਲ ਸੰਬੋਧਤ ਨਹੀਂ ਕੀਤਾ ਜਾਂਦਾ। ਗਾਰੰਟੀ ਵਧਾਉਣ ਦੇ ਤਰੀਕੇ ਨਾਲ ਜੋ ਦਿੱਤਾ ਜਾਂਦਾ ਹੈ, ਉਹ ਵਿਸ਼ਾਲ ਸੈਕਟਰ ਲਈ ਬਹੁਤ ਛੋਟਾ ਹੈ, ਜੋ ਕਿ ਵਿਕਾਸ ਦਾ ਇੰਜਣ ਅਤੇ ਰੁਜ਼ਗਾਰ ਪੈਦਾ ਕਰਨ ਵਾਲਾ ਹੈ। ਮਾਲੀਆ ਕਿੱਥੋਂ ਪੈਦਾ ਹੁੰਦਾ ਹੈ, ਇਸ ਬਾਰੇ ਬਜਟ ਚੁੱਪ ਹੈ। ਅਮੀਰਾਂ ਅਤੇ ਕਾਰਪੋਰੇਟਾਂ 'ਤੇ ਟੈਕਸ ਲਗਾ ਕੇ ਆਮਦਨ ਵਧਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਹ ਘਾਟੇ ਨੂੰ ਪੂਰਾ ਕਰਨ ਲਈ ਹੋਰ ਉਧਾਰ ਲੈਣ ਦੀ ਗੱਲ ਕਰਦਾ ਹੈ। ਭਾਰਤ ਦੇ ਕਰਜ਼ੇ ਦਾ ਬੋਝ ਪਹਿਲਾਂ ਹੀ ਭਾਰੀ ਹੈ ਅਤੇ ਹੋਰ ਬੋਝ ਕਰਜ਼ੇ ਦੀ ਅਦਾਇਗੀ ਦੇ ਬੋਝ ਨੂੰ ਵਧਾਏਗਾ। ਬਜਟ ਮਨੁੱਖੀ ਅਤੇ ਸਮਾਜਕ ਵਿਕਾਸ ਨੂੰ ਉੱਚਾ ਚੁੱਕਣ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ ਹੈ। ਇਹ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ ਆਦਿ ਅਹਿਮ ਮੁੱਦਿਆਂ ਨੂੰ ਹੱਲ ਨਹੀਂ ਕਰਦਾ।

ਮਨੀਸ਼ਾ ਗੁਲਾਟੀ ਦੀ ਛੁੱਟੀ



ਚੰਡੀਗੜ੍ਹ : ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਉਸ ਨੂੰ ਕੈਪਟਨ ਸਰਕਾਰ ਨੇ 18 ਸਤੰਬਰ 2020 ਨੂੰ 3 ਸਾਲ ਦਾ ਵਾਧਾ ਦਿੱਤਾ ਸੀ। ਸਮਾਜਕ ਸੁਰੱਖਿਆ, ਇਸਤਰੀ ਤੇ ਬਾਲ ਭਲਾਈ ਵਿਭਾਗ ਵੱਲੋਂ ਜਾਰੀ ਹੁਕਮਾਂ ਅਨੁਸਾਰ ਸਰਕਾਰੀ ਨਿਯਮਾਂ ਤਹਿਤ ਮਿਆਦ ਵਧਾਉਣ ਦੀ ਕੋਈ ਵਿਵਸਥਾ ਨਹੀਂ ਹੈ, ਜਿਸ ਕਾਰਨ ਉਸ ਤੋਂ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਦਾ ਅਹੁਦਾ ਵਾਪਸ ਲੈ ਲਿਆ ਗਿਆ ਹੈ।

ਅੰਬਾਨੀ ਨੇ ਅਡਾਨੀ ਨੂੰ ਪਛਾੜਿਆ

ਨਵੀਂ ਦਿੱਲੀ : ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਸਾਲ 2023 ਲਈ ਫੋਰਬਸ ਰੀਅਲ-ਟਾਈਮ ਅਰਬਪਤੀਆਂ ਦੀ ਸੂਚੀ 'ਚ ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਨੂੰ ਪਛਾੜ ਕੇ 84.3 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਦੁਨੀਆ ਦੇ ਸਭ ਤੋਂ ਅਮੀਰ ਭਾਰਤੀ ਬਣ ਗਏ ਹਨ।

ਵਟਸਐਪ ਵਾਅਦਾ ਨਿਭਾਏ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਵਟਸਐਪ ਨੂੰ ਆਪਣੇ ਵਾਅਦੇ ਨੂੰ ਜਨਤਕ ਕਰਨ ਦਾ ਨਿਰਦੇਸ਼ ਦਿੱਤਾ ਹੈ ਕਿ ਉਹ ਪਲੇਟਫਾਰਮ 'ਤੇ ਉਪਲੱਬਧ ਵਿਕਲਪਾਂ ਨੂੰ ਉਨ੍ਹਾਂ ਯੂਜ਼ਰਜ਼ ਤੱਕ ਸੀਮਤ ਨਹੀਂ ਕਰੇਗਾ, ਜੋ ਉਸ ਦੀ ਨਵੀਂ ਨਿੱਜਤਾ ਨੀਤੀ ਨਾਲ ਸਹਿਮਤ ਨਹੀਂ ਹਨ। ਕੋਰਟ ਨੇ ਵਟਸਐਪ ਨੂੰ 2021 'ਚ ਸਰਕਾਰ ਨਾਲ ਕੀਤੇ ਆਪਣੇ ਵਾਅਦੇ ਦਾ ਪ੍ਰਚਾਰ ਕਰਨ ਲਈ ਪੰਜ ਅਖ਼ਬਾਰਾਂ 'ਚ ਇਸ਼ਤਿਹਾਰ ਦੇਣ ਦਾ ਨਿਰਦੇਸ ਦਿੱਤਾ ਹੈ।

ਵਿਦੇਸ਼ੀ ਡੈਲੀਗੇਟਾਂ ਵੱਲੋਂ ਵਿਰਾਸਤ-ਏ-ਖਾਲਸਾ ਦੇ ਦਰਸ਼ਨ

ਰੋਪੜ: ਭਾਰਤ ਦੀ ਅਗਵਾਈ ਅਧੀਨ ਹੋਣ ਵਾਲੇ ਜੀ-20 ਸਿਖਰ ਸੰਮੇਲਨ ਦੇ ਸੰਬੰਧ 'ਚ ਇਕ ਮੀਟਿੰਗ ਲਈ ਚੰਡੀਗੜ੍ਹ ਆਏ ਵਿਦੇਸ਼ੀ ਡੈਲੀਗੇਟ ਬੁੱਧਵਾਰ ਵਿਰਾਸਤ-ਏ-ਖਾਲਸਾ ਦੇ ਦਰਸ਼ਨ ਕਰਨ ਪੁੱਜੇ। ਇਸ ਤੋਂ ਬਾਅਦ ਉਨ੍ਹਾਂ ਕਸਬਾ ਭਰਤਗੜ੍ਹ ਵਿਖੇ ਲੰਚ ਕੀਤਾ। ਇੱਥੇ ਵਿਦਿਆਰਥੀਆਂ ਨੇ ਗਿੱਧੇ, ਭੰਗੜੇ ਅਤੇ ਬੋਲੀਆਂ ਨਾਲ ਮਹਿਮਾਨਾਂ ਦਾ ਸਵਾਗਤ ਕੀਤਾ।

ਬਜਟ 'ਚ ਪੰਜਾਬ ਨਦਾਰਦ : ਮਾਨ

ਚੰਡੀਗੜ੍ਹ : ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਵਿੱਤੀ ਸਾਲ 2023-24 ਲਈ ਕੇਂਦਰੀ ਬਜਟ 2023 ਪੇਸ਼ ਕੀਤਾ ਗਿਆ, ਜਿਸ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣਾ ਪ੍ਰਤੀਕਰਮ ਜ਼ਾਹਰ ਕੀਤਾ ਹੈ। ਉਹਨਾ ਆਪਣੇ ਸ਼ੋਸ਼ਲ ਮੀਡੀਆ ਅਕਾਊਂਟ ਤੇ ਲਿਖਿਆ, ਪਹਿਲਾਂ 26 ਜਨਵਰੀ ਦੀ ਝਾਕੀ 'ਚੋਂ ਪੰਜਾਬ ਗਾਇਬ ਸੀ, ਹੁਣ ਦੇਸ਼ ਦੇ ਬਜਟ 'ਚੋਂ ਪੰਜਾਬ ਗਾਇਬ ਹੈ। ਬੜੇ ਦੁੱਖ ਦੀ ਗੱਲ ਹੈ ਕਿ ਨਾ ਕਿਸਾਨਾਂ ਲਈ ਕੋਈ ਰਾਹਤ ਬਜਟ 'ਚ ਦਿੱਤੀ ਗਈ ਨਾ ਹੀ ਪੰਜਾਬ ਵੱਲੋਂ ਭੇਜੇ ਸੁਝਾਆਂ 'ਚੋਂ ਇੱਕ ਵੀ ਸੁਝਾਅ 'ਤੇ ਬਜਟ 'ਚ ਕੋਈ ਤਜਵੀਜ ਰੱਖੀ ਗਈ। ਕੇਂਦਰ ਸਰਕਾਰ ਪੰਜਾਬ ਨਾਲ ਬਦਲਾਖੋਰੀ ਦੀ ਭਾਵਨਾ ਨਾਲ ਚੱਲ ਰਹੀ ਹੈ।' ਉਨ੍ਹਾ ਕਿਹਾ ਕਿ ਰਾਜ ਸਰਕਾਰ ਨੇ ਬੀ ਐੱਸ ਐੱਫ ਦੇ ਅਪਗ੍ਰੇਡੇਸ਼ਨ, ਆਧੁਨਿਕੀਕਰਨ, ਐਂਟੀ ਡਰੋਨ ਸਿਸਟਮ ਲਈ 1000 ਕਰੋੜ ਰੁਪਏ ਦੀ ਮੰਗ ਕੀਤੀ ਸੀ, ਪਰ ਬਜਟ 'ਚ ਇਸ ਬਾਰੇ ਕੁਝ ਨਹੀਂ ਬੋਲਿਆ ਗਿਆ। ਮਾਨ ਨੇ ਕਿਹਾ, 'ਅਸੀਂ ਅੰਮ੍ਰਿਤਸਰ, ਬਠਿੰਡਾ ਤੋਂ ਦਿੱਲੀ ਤੱਕ ਵੰਦੇ ਭਾਰਤ ਰੇਲ ਗੱਡੀਆਂ ਚਲਾਉਣ ਲਈ ਵੀ ਕਿਹਾ, ਪਰਾਲੀ ਸਾੜਨ ਦੇ ਪ੍ਰਬੰਧਨ ਲਈ 1500 ਰੁਪਏ ਪ੍ਰਤੀ ਏਕੜ, ਪਰ ਇਸ 'ਤੇ ਵੀ ਕੁਝ ਨਹੀਂ ਧਿਆਨ ਦਿੱਤਾ ਗਿਆ। ਮਾਨ ਨੇ ਕਿਹਾ ਕਿ ਕਿਸਾਨਾਂ ਲਈ ਐੱਮ ਐੱਸ ਪੀ ਦਾ ਐਲਾਨ ਨਹੀਂ ਕੀਤਾ ਗਿਆ। ਪੰਜਾਬ ਨਾਲ ਇਹ ਬੇਇਨਸਾਫੀ ਸਹੀ ਨਹੀਂ ਹੈ।' ਮਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਵੀ 26 ਜਨਵਰੀ ਦੀ ਪਰੇਡ ਤੋਂ ਪੰਜਾਬ ਨੂੰ ਗਾਇਬ ਕਰ ਦਿੱਤਾ ਸੀ। ਕੇਂਦਰ ਸਰਕਾਰ ਪੰਜਾਬ ਤੋਂ ਬਦਲਾ ਲੈ ਰਹੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਹੱਦੀ ਇਲਾਕਾ ਹੈ। ਅਸੀਂ ਸੁਰੱਖਿਆ ਲਈ ਬਾਰਡਰ 'ਤੇ 1000 ਕਰੋੜ ਦੀ ਮੰਗੀ ਕੀਤੀ ਸੀ, ਪਰ ਉਹ ਵੀ ਨਹੀਂ ਮੰਨੀ ਗਈ। ਅਸੀਂ ਟਰੇਨਾਂ ਚਲਾਉਣ ਦੀ ਮੰਗ ਕੀਤੀ ਸੀ, ਉਹਨੂੰ ਵੀ ਨਹੀਂ ਮੰਨਿਆ ਗਿਆ। ਇਸ ਤੋਂ ਇਲਾਵਾ ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਨਹੀਂ ਦਿੱਤਾ ਗਿਆ ਅਤੇ ਪਰਾਲੀ ਲਈ ਫੰਡ ਨਹੀਂ ਰੱਖਿਆ ਗਿਆ ਹੈ। ਮਾਨ ਨੇ ਕਿਹਾ ਕਿ ਮੈਡੀਕਲ ਕਾਲਜ ਲਈ ਕੁਝ ਨਹੀਂ ਕੀਤਾ। ਉਨ੍ਹਾ ਕਿਹਾ ਇਹ ਸਿਰਫ ਕਾਗਜ਼ 'ਤੇ ਲਿਖੀ ਸਕ੍ਰਿਪਟ ਹੈ। ਬਜਟ ਵਿੱਚ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋਈ ਹੈ। ਕਿਸਾਨਾਂ ਤੋਂ

● ਬਾਕੀ ਸਫ਼ਾ 2 'ਤੇ

ਆਈ ਡੀ ਪੀ ਡੀ ਨੇ ਸਿਹਤ ਬਜਟ ਘਟਾਉਣ 'ਤੇ ਜਤਾਈ ਨਿਰਾਸ਼ਾ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ) : ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਨੇ ਅੱਜ ਪੇਸ਼ ਕੀਤੇ ਬੱਜਟ ਵਿੱਚ ਸਿਹਤ ਖੇਤਰ ਲਈ ਕੁੱਲ ਵੰਡ ਘਟਾਉਣ 'ਤੇ ਨਿਰਾਸ਼ਾ ਜ਼ਾਹਰ ਕੀਤੀ ਹੈ। ਪਿਛਲੇ ਸਾਲ ਦੇ 39.45 ਲੱਖ ਕਰੋੜ ਰੁਪਏ ਦੇ ਬੱਜਟ ਵਿੱਚ ਸਿਹਤ ਖਰਚਾ 86606 ਕਰੋੜ ਰੁਪਏ ਸੀ, ਜਿਸ ਦਾ ਮਤਲਬ ਬੱਜਟ ਦਾ 2.19% ਸੀ। ਪਰ ਇਸ ਸਾਲ ਸਿਹਤ ਲਈ ਕੁੱਲ 45 ਲੱਖ ਕਰੋੜ ਰੁਪਏ ਦੇ ਬੱਜਟ ਵਿੱਚੋਂ 88956 ਕਰੋੜ ਰੁਪਏ ਅਲਾਟ ਕੀਤੇ ਗਏ ਹਨ, ਭਾਵ ਬੱਜਟ ਦਾ 1.97% ਹੈ। ਉੱਚ ਮੁਦਰਾ ਸਫੀਤੀ ਦੇ ਬਾਵਜੂਦ 0.22% ਦੀ ਕਮੀ ਆਈ ਹੈ। ਡਾ. ਅਰੁਣ ਮਿੱਤਰਾ ਸੀਨੀਅਰ ਮੀਤ ਪ੍ਰਧਾਨ ਆਈ ਡੀ ਪੀ ਡੀ ਨੇ ਜਾਰੀ ਬਿਆਨ ਵਿੱਚ ਕਿਹਾ ਹੈ ਕਿ ਸਾਡਾ ਸਿਹਤ ਬੱਜਟ ਦੁਨੀਆ ਦੇ ਸਭ ਤੋਂ ਘੱਟ ਬੱਜਟਾਂ ਵਿੱਚੋਂ ਇੱਕ ਹੈ। ਇਸੇ ਕਰਕੇ ਸਾਡੇ ਸਿਹਤ ਸੂਚਕ ਤਸੱਲੀਬਖਸ਼ ਤੋਂ ਦੂਰ ਹਨ। ਜੇਕਰ ਅਸੀਂ ਲੋਕਾਂ ਦੀਆਂ ਸਿਹਤ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੁੰਦੇ ਹਾਂ ਤਾਂ ਸਿਹਤ ਲਈ ਘੱਟੋ-ਘੱਟ 10% ਹਿੱਸੇ ਦੀ ਲੋੜ ਹੈ। ਬੱਜਟ ਵਿੱਚ ਕਿਤੇ ਵੀ ਡਾਕਟਰਾਂ ਅਤੇ ਹੋਰ ਪੈਰਾ-ਮੈਡੀਕਲ ਸਟਾਫ ਲਈ ਭੱਤਿਆਂ ਦੀ ਬਿਹਤਰ ਵੰਡ ਦਾ ਸੰਕੇਤ ਨਹੀਂ ਦਿੱਤਾ ਗਿਆ ਹੈ। ਫਰੰਟ ਲਾਈਨ ਹੈਲਥ ਵਰਕਰਾਂ, ਆਸ਼ਾ, ਆਂਗਨਵਾੜੀ ਆਦਿ ਨੂੰ ਇਸ ਬੱਜਟ ਵਿੱਚ ਵਰਕਰ ਦਾ ਦਰਜਾ ਨਹੀਂ ਦਿੱਤਾ ਗਿਆ ਹੈ। ਇਸ ਤਰ੍ਹਾਂ ਉਨ੍ਹਾਂ ਦੀਆਂ ਸੇਵਾਵਾਂ ਨੂੰ ਸ਼ਾਇਦ ਹੀ ਮਾਨਤਾ ਦਿੱਤੀ ਗਈ ਹੋਵੇ।

ਰਾਸ਼ਟਰੀ ਸਿਹਤ ਮਿਸ਼ਨ ਲਈ ਬੱਜਟ ਦੀ ਵੰਡ ਵਿੱਚ ਮਾਮੂਲੀ ਯਾਨੀ 0.21% ਦਾ ਵਾਧਾ ਹੋਇਆ ਹੈ। ਨੈਸ਼ਨਲ ਏਡਜ਼ (ਐਕਵਾਇਰਡ ਇਮਯੂਨੋਡਫੀਸੀਐਂਸੀ ਸਿੰਡਰੋਮ) ਅਤੇ ਐੱਸ ਟੀ ਡੀ (ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ) ਨਿਯੰਤਰਣ ਪ੍ਰੋਗਰਾਮ ਲਈ ਬੱਜਟ ਵਿੱਚ 11.61 ਪ੍ਰਤੀਸ਼ਤ ਰੁਪਏ ਦਾ ਵਾਧਾ ਦੇਖਿਆ ਗਿਆ ਹੈ। 2,622.75 ਕਰੋੜ ਰੁਪਏ ਤੋਂ 2349.73 ਕਰੋੜ ਜੋ ਕਿ 2021-22 ਲਈ ਸੰਸ਼ੋਧਿਤ ਅਨੁਮਾਨ ਸੀ। ਹਾਲਾਂਕਿ ਜੇਕਰ ਅਸੀਂ ਦੇਖੀਏ ਤਾਂ 2020-21 ਵਿੱਚ ਨੈਸ਼ਨਲ ਏਡਜ਼ (ਐਕਵਾਇਰਡ ਇਮਯੂਨੋਡਫੀਸੀਐਂਸੀ ਸਿੰਡਰੋਮ) ਅਤੇ ਐੱਸ ਟੀ ਡੀ (ਜਿਨਸੀ ਤੌਰ 'ਤੇ ਸੰਚਾਰਿਤ ਬਿਮਾਰੀਆਂ) ਨਿਯੰਤਰਣ ਪ੍ਰੋਗਰਾਮ 'ਤੇ ਖਰਚੇ ਗਏ ਅਸਲ ਧਨ ਦੇ ਮੁਕਾਬਲੇ 6.84 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ।

ਪੇਂਡੂ ਸਿਹਤ ਕੇਂਦਰਾਂ ਵਿੱਚ ਡਾਕਟਰਾਂ ਦੇ ਬੁਨਿਆਦੀ ਢਾਂਚੇ ਅਤੇ ਰੁਜ਼ਗਾਰ ਦੀ ਬਜਾਏ ਡਿਜੀਟਲ ਏਜੰਡੇ ਨੂੰ ਉਤਸ਼ਾਹਿਤ ਕਰਨ ਦੀ ਪੂਰੀ ਕਵਾਇਦ ਹੈ।

ਕਮਿਊਨਿਟੀ ਹੈਲਥ ਸੈਂਟਰ ਜਨਤਕ ਸਿਹਤ ਪ੍ਰਣਾਲੀ ਵਿੱਚ ਪਹਿਲੇ ਰੈਫਰਲ ਕੇਂਦਰਾਂ ਵਜੋਂ ਕੰਮ ਕਰਦੇ ਹਨ ਅਤੇ ਇੱਕ ਸਰਜਨ, ਇੱਕ ਪ੍ਰਸੂਤੀ-ਗਾਇਨੀਕੋਲੋਜਿਸਟ, ਇੱਕ ਬਾਲ ਰੋਗ ਵਿਗਿਆਨੀ, ਇੱਕ ਚਿਕਿਤਸਕ ਅਤੇ ਇੱਕ ਅਨੱਸਥੀਸਿਸਟ ਹੋਣਾ ਚਾਹੀਦਾ ਹੈ।

ਬਜਟ 'ਚ ਕਿਸਾਨਾਂ ਲਈ ਕੁਝ ਨਹੀਂ : ਸੁਖਬੀਰ

ਨਵੀਂ ਦਿੱਲੀ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਬਜਟ 2023-24 ਨੂੰ ਕਿਸਾਨਾਂ, ਪੇਂਡੂ ਗਰੀਬਾਂ ਅਤੇ ਨੌਜਵਾਨਾਂ ਲਈ ਨਾਕਾਮ ਕਰਾਰ ਦਿੱਤਾ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋਈ ਅਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਸਾਰੀਆਂ ਫਸਲਾਂ ਦੀ ਖਰੀਦ ਲਈ ਕੁਝ ਨਹੀਂ ਕੀਤਾ ਗਿਆ। 2022 ਤੱਕ ਸਾਰਿਆਂ ਲਈ ਪੱਕੇ ਮਕਾਨਾਂ ਨੂੰ ਯਕੀਨੀ ਬਣਾਉਣ ਦੇ ਵਾਅਦੇ ਨੂੰ ਪੂਰਾ ਕਰਨ ਲਈ ਕੁਝ ਨਹੀਂ ਕੀਤਾ ਗਿਆ। ਮਹਿੰਗਾਈ ਨੂੰ ਕਾਬੂ ਕਰਨ ਅਤੇ ਤੇਲ ਅਤੇ ਐੱਲ ਪੀ ਜੀ ਦੀਆਂ ਕੀਮਤਾਂ ਘਟਾਉਣ ਲਈ ਕੁਝ ਨਹੀਂ ਕੀਤਾ ਗਿਆ। ਨੌਜਵਾਨ 16 ਕਰੋੜ ਨੌਕਰੀਆਂ ਦੀ ਉਡੀਕ ਕਰ ਰਹੇ ਹਨ। ਉਨ੍ਹਾ ਕਿਹਾ ਕਿ ਪੰਜਾਬ ਲਈ ਵੀ ਬਜਟ 'ਚ ਕੁਝ ਨਹੀਂ।

ਕਾਂਗਰਸ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਨੇ ਪਿਛਲੇ ਸਾਲ ਬੱਜਟ 'ਤੇ ਵਾਹ-ਵਾਹ ਖੱਟੀ ਸੀ, ਪਰ ਅਸਲੀਅਤ ਸਾਹਮਣੇ ਆ ਗਈ, ਕਿਉਂਕਿ ਉਸ ਦੀ ਰਣਨੀਤੀ ਵਧੇਰੇ ਵਾਅਦੇ ਅਤੇ ਕੰਮ ਘੱਟ ਕਰਨ ਵਾਲੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ—ਪਿਛਲੇ ਸਾਲ ਦੇ ਬੱਜਟ 'ਚ ਖੇਤੀਬਾੜੀ, ਸਿਹਤ, ਸਿੱਖਿਆ, ਮਨਰੇਗਾ ਅਤੇ ਅਨੁਸੂਚਿਤ ਜਾਤੀਆਂ ਦੀ ਭਲਾਈ ਨਾਲ ਸੰਬੰਧਤ ਅਲਾਟਮੈਂਟ ਲਈ ਪ੍ਰਸ਼ੰਸਾ ਕੀਤੀ ਗਈ ਸੀ। ਅੱਜ ਅਸਲੀਅਤ ਸਭ ਨੂੰ ਪਤਾ ਹੈ। ਅਸਲ ਖਰਚਾ ਬੱਜਟ ਨਾਲੋਂ ਬਹੁਤ ਘੱਟ ਹੈ।

ਪੱਛਮੀ

● ਬਾਕੀ ਸਫ਼ਾ 2 'ਤੇ

ਮੋਦੀ ਨੇ ਸਲਾਹਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੱਜਟ ਦੀ ਤਾਰੀਫ ਕਰਦਿਆਂ ਕਿਹਾ ਹੈ ਕਿ ਇਸ 'ਚ ਪੱਛੜੇ ਵਰਗਾਂ ਨੂੰ ਪਹਿਲ ਦਿੱਤੀ ਗਈ ਹੈ। ਬੱਜਟ ਕਿਸਾਨਾਂ ਤੇ ਮੱਧ ਵਰਗ ਦੀਆਂ ਉਮੀਦਾਂ ਨਾਲ ਭਰਪੂਰ ਸਮਾਜ ਦੇ ਸੁਫਨਿਆਂ ਨੂੰ ਪੂਰਾ ਕਰੇਗਾ।

ਪੱਤਰਕਾਰਾਂ ਦੀ ਲੋੜ

'ਨਵਾਂ ਜ਼ਮਾਨਾ' ਨੂੰ ਬਠਿੰਡਾ ਜ਼ਿਲ੍ਹੇ ਲਈ ਹੇਠ ਲਿਖੇ ਸਟੇਸ਼ਨਾਂ ਲਈ ਸੂਝਵਾਨ ਤੇ ਤਜਰਬੇਕਾਰ ਪੱਤਰਕਾਰਾਂ ਦੀ ਲੋੜ ਹੈ।

ਬਠਿੰਡਾ, ਸੰਗਤ ਮੰਡੀ, ਭਾਈ ਰੂਪਾ, ਭੁੱਚੋ ਮੰਡੀ, ਸੀਂਗੋ ਮੰਡੀ, ਘੁੱਦਾ, ਕੋਟ ਫੱਤਾ, ਮੌੜ ਮੰਡੀ, ਰਾਮਾ ਮੰਡੀ, ਗੋਨਿਆਣਾ ਮੰਡੀ, ਬੱਲੂਆਣਾ, ਫੂਲ। ਚਾਹਵਾਨ ਸੱਜਣ ਕੰਮ ਵਾਲੇ ਦਿਨ 10.30 ਤੋਂ 5 ਵਜੇ ਤੱਕ 0181-5097300 'ਤੇ ਸੰਪਰਕ ਕਰਨ।

-ਮੈਨੇਜਰ

ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ।

-ਮੈਨੇਜਰ

ਮਾਨ ਅੱਜ ਬਨਾਰਸ ਲਈ ਰੇਲ ਗੱਡੀ ਰਵਾਨਾ ਕਰਨਗੇ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਅਤੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀਰਵਾਰ ਨੂੰ ਬਨਾਰਸ ਲਈ ਸ਼ਰਧਾਲੂਆਂ ਨਾਲ ਭਰੀ ਰੇਲ ਗੱਡੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਦੇ ਪ੍ਰਬੰਧਾਂ ਨੂੰ ਬੁੱਧਵਾਰ ਅੰਤਮ ਰੂਪ ਦਿੱਤਾ।

ਦੋਵਾਂ ਅਧਿਕਾਰੀਆਂ ਨੇ ਸਟੇਸ਼ਨ ਦਾ ਦੌਰਾ ਕੀਤਾ ਅਤੇ ਸਮਾਗਮ ਸੰਬੰਧੀ ਪ੍ਰਬੰਧਾਂ ਨੂੰ ਅੰਤਮ ਰੂਪ ਦੇਣ ਲਈ ਡੇਰਾ ਬੱਲਾਂ ਦੀ ਮੈਨੇਜਮੈਂਟ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਸ਼ਰਧਾਲੂਆਂ ਨਾਲ ਭਰੀ ਰੇਲ ਗੱਡੀ ਸਿਟੀ ਸਟੇਸ਼ਨ ਤੋਂ ਬਨਾਰਸ ਲਈ ਰਵਾਨਾ ਹੋਵੇਗੀ।

ਮਾਤਾ ਜੋਗਿੰਦਰ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ

ਨਾਭਾ, (ਵਰਿੰਦਰ ਵਰਮਾ)-ਕਸ਼ਮੀਰ ਸਿੰਘ ਗਦਾਈਆ ਦੇ ਸਤਿਕਾਰਯੋਗ ਮਾਤਾ ਜੀ ਜੋਗਿੰਦਰ ਕੌਰ ਦੀ ਅੰਤਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਪਿੰਡ ਗਦਾਈਆ ਦੇ ਗੁਰਦੁਆਰਾ ਸਾਹਿਬ ਵਿਖੇ ਹੋਇਆ। ਇਸ ਮੌਕੇ ਸਮਾਗਮ 'ਚ ਹਰ ਵਰਗ ਦੇ ਲੋਕ ਸ਼ਾਮਲ ਹੋਏ। ਵੱਡੀ ਗਿਣਤੀ ਵਿੱਚ ਜੁੜੇ ਹੋਏ ਲੋਕਾਂ ਦੌਰਾਨ ਬਾਬਾ ਜਗਸੀਰ ਸਿੰਘ ਖਾਲਸਾ ਬਲਿਆਲ ਵਾਲਿਆਂ ਵੈਰਾਗਮਈ ਕੀਰਤਨ ਕੀਤਾ । ਇਸ ਸਮੇਂ ਵੱਡੀ ਤਾਦਾਦ 'ਚ ਪੰਚ-ਸਰਪੰਚ, ਧਾਰਮਕ ਸੰਸਥਾਵਾਂ ਦੇ ਆਗੂ ਤੇ ਰਾਜਨੀਤਕ ਪਾਰਟੀਆ ਦੇ ਆਗੂ ਹਾਜ਼ਰ ਸਨ। ਸ਼ਰਧਾਂਜਲੀਆਂ ਭੇਟ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕਾਰਜਕਾਰਨੀ ਦੇ ਮੈਂਬਰ ਜਗਰੂਪ ਸਿੰਘ, ਨਿਰਮਲ ਸਿੰਘ ਧਾਲੀਵਾਲ, ਨਰਿੰਦਰ ਕੌਰ ਸੋਹਲ, ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ, ਸੂਬਾ ਕਾਰਜਕਾਰਨੀ ਦੇ ਮੈਂਬਰ ਕੁਲਦੀਪ ਸਿੰਘ ਭੋਲਾ, ਸੁਖਦੇਵ ਸ਼ਰਮਾ ਧੂਰੀ, ਪੰਜਾਬ ਇਸਤਰੀ ਸਭਾ ਦੇ ਸੂਬਾਈ ਪ੍ਰਧਾਨ ਬੀਬੀ

● ਬਾਕੀ ਸਫ਼ਾ 2 'ਤੇ

ਅੱਜ-ਨਾਮਾ

ਆਇਆ ਕੇਂਦਰ ਸਰਕਾਰ ਦਾ ਅੱਜ ਬਜਟ,
ਪਾਇਆ ਈ ਬੋਝ ਥੋੜ੍ਹਾ, ਚੋਖੀ ਛੋਟ ਮੀਆਂ।
ਬੋਝ ਟੈਕਸ ਦਾ ਕੀਤਾ ਗਿਆ ਘੱਟ ਵਾਹਵਾ,
ਵੱਜਣ ਦਿੱਤੀ ਨਹੀਂ ਕਿਤੇ ਕੁਝ ਚੋਟ ਮੀਆਂ।
ਅੰਕੜਿਆਂ ਵਾਲੀ ਵੀ ਬਹੁਤ ਕਮਾਲ ਕੀਤੀ,
ਚਮਕਣ ਦਿੱਤਾ ਨਹੀਂ ਕਿਤੇ ਹੈ ਖੋਟ ਮੀਆਂ।
ਅਗਲੀਆਂ ਚੋਣਾਂ ਦਾ ਸਿਰਫ ਖਿਆਲ ਕੀਤਾ,
ਫਿਰ ਤੋਂ ਹੁੰਝਣ ਲਈ ਲੋਕਾਂ ਦੇ ਵੋਟ ਮੀਆਂ।
ਮੱਝਾਂ ਚੋਵਣ ਲਈ ਭਾੜਾ ਜਿਉਂ ਕੋਈ ਪਾਵੇ,
ਇਹੀਓ ਵੱਜਦੀ ਬਜਟ ਵਿੱਚ ਰਮਜ਼ ਮੀਆਂ।
ਸਿੱਧੀ ਆਖੀ ਨਹੀਂ, ਬਾਤ ਸਭ ਗੁਪਤ ਰੱਖੀ,
ਸਮਝਣ ਵਾਲਿਆਂ ਲੈਣੀ ਸਭ ਸਮਝ ਮੀਆਂ।

-ਤੀਸ ਮਾਰ ਖਾਂ

ਮੰਤਰੀਆਂ ਦੀ ਸੀਨੀਆਰਤਾ ਸੂਚੀ 'ਚ ਸੋਧ, ਹੁਣ ਸੱਤਵੇਂ ਨੰਬਰ 'ਤੇ ਡਾ. ਬਲਬੀਰ ਸਿੰਘ

ਚੰਡੀਗੜ੍ਹ : ਪੰਜਾਬ ਸਰਕਾਰ ਨੇ ਇਕ ਵਾਰ ਫਿਰ ਆਪਣੇ ਮੰਤਰੀਆਂ ਦੀ ਸੀਨੀਆਰਤਾ ਸੂਚੀ 'ਚ ਸੋਧ ਕੀਤੀ ਹੈ। ਇਸ ਤੋਂ ਪਹਿਲਾਂ ਜੁਲਾਈ ਮਹੀਨੇ ਵੀ ਸੀਨੀਆਰਤਾ ਸੂਚੀ ਵਿਚ ਸੋਧ ਕੀਤੀ ਗਈ ਸੀ, ਜਦੋਂ ਅਮਨ ਅਰੋੜਾ ਨੂੰ ਤੀਜੇ ਨੰਬਰ 'ਤੇ ਰੱਖਿਆ ਗਿਆ ਸੀ। ਨਵੀਂ ਸੂਚੀ 'ਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਮੰਤਰੀ ਮੰਡਲ 'ਚ ਸੱਤਵੇਂ ਨੰਬਰ 'ਤੇ ਹੋਣਗੇ। ਇਸ ਤੋਂ ਪਹਿਲਾਂ ਸਿੰਚਾਈ ਮੰਤਰੀ ਬ੍ਰਹਮ ਸ਼ੰਕਰ ਜ਼ਿੰਪਾ ਸੱਤਵੇਂ ਨੰਬਰ 'ਤੇ ਸਨ। ਨਵੀਂ ਸੀਨੀਆਰਤਾ ਸੂਚੀ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਤੋਂ ਬਾਅਦ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਡਾ. ਬਲਜੀਤ ਕੌਰ, ਗੁਰਮੀਤ ਸਿੰਘ ਮੀਤ ਹੇਅਰ, ਕੁਲਦੀਪ ਸਿੰਘ ਧਾਲੀਵਾਲ, ਡਾ. ਬਲਬੀਰ ਸਿੰਘ, ਬ੍ਰਹਮ ਸ਼ੰਕਰ ਜ਼ਿੰਪਾ, ਲਾਲ ਚੰਦ ਕਟਾਰੂਚੱਕ, ਇੰਦਰਬੀਰ ਸਿੰਘ ਨਿੱਜਰ, ਲਾਲਜੀਤ ਭੁੱਲਰ, ਹਰਜੋਤ ਸਿੰਘ ਬੈਂਸ, ਹਰਭਜਨ ਸਿੰਘ ਈ ਟੀ ਓ, ਚੇਤਨ ਸਿੰਘ ਜੌੜਾ ਮਾਜਰਾ ਅਤੇ ਅਨਮੋਲ ਗਗਨ ਮਾਨ ਦਾ ਨੰਬਰ ਹੈ।

ਬਰਫ ਦੇ ਤੋਦੇ ਹੇਠ ਆ ਕੇ ਪੋਲੈਂਡ ਦੇ ਦੋ ਨਾਗਰਿਕਾਂ ਦੀ ਮੌਤ

ਸ੍ਰੀਨਗਰ : ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਉਚਾਈ 'ਤੇ ਸਥਿਤ ਗੁਲਮਰਗ ਸਕੀਇੰਗ ਰਿਜ਼ਾਰਟ 'ਚ ਭਾਰੀ ਬਰਫ ਦਾ ਤੋਦਾ ਡਿੱਗਣ ਕਾਰਨ ਪੋਲੈਂਡ ਦੇ ਦੋ ਨਾਗਰਿਕਾਂ ਦੀ ਮੌਤ ਹੋ ਗਈ। ਬਚਾਅ ਕਾਰਜ ਜਾਰੀ ਸਨ ਤੇ ਕਈ ਸੈਲਾਨੀਆਂ ਦੇ ਫਸੇ ਹੋਣ ਦਾ ਖਦਸ਼ਾ ਹੈ। 19 ਵਿਅਕਤੀਆਂ ਨੂੰ ਬਚਾਅ ਲਿਆ ਗਿਆ ਸੀ।

ਬਾਰਡਰ ਰਾਹੀਂ ਹਥਿਆਰ ਮੰਗਾਉਣ ਵਾਲੇ 3 ਗ੍ਰਿਫ਼ਤਾਰ

ਖੰਨਾ : ਪੁਲਸ ਨੇ ਬਾਰਡਰ ਰਾਹੀਂ ਹਥਿਆਰ ਮੰਗਵਾ ਕੇ ਗੈਂਗਸਟਰਾਂ ਨੂੰ ਸਪਲਾਈ ਕਰਨ ਵਾਲੇ ਗਰੋਹ ਦੇ ਤਿੰਨ ਮੈਂਬਰ ਕਾਬੂ ਕਰਕੇ ਉਨ੍ਹਾਂ ਕੋਲੋਂ 6 ਹਥਿਆਰ, 22 ਰੌਂਦ ਅਤੇ 2 ਗੱਡੀਆਂ ਬਰਾਮਦ ਕੀਤੀਆਂ। ਗਰੋਹ ਦਾ ਸੰਬੰਧ ਗੈਂਗਸਟਰ ਸੁਖਪ੍ਰੀਤ ਬੁੱਢਾ ਨਾਲ ਹੈ। ਕਾਬੂ ਕੀਤੇ ਗਰੋਹ ਦੇ ਤਿੰਨ ਮੈਂਬਰਾਂ 'ਚੋਂ ਦੀਪਕ ਗੋਇਲ ਆਮ ਆਦਮੀ ਪਾਰਟੀ ਦਾ ਯੂਥ ਆਗੂ ਹੈ, ਜਿਸ ਨੇ ਇੱਕ ਸਾਲ ਪਹਿਲਾਂ ਹੀ ਚੰਡੀਗੜ੍ਹ ਵਿਖੇ 'ਆਪ' ਇੰਚਾਰਜ ਜਰਨੈਲ ਸਿੰਘ ਅਤੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੀ ਹਾਜ਼ਰੀ 'ਚ ਪਾਰਟੀ ਜੁਆਇੰਨ ਕੀਤੀ ਸੀ।

ਐੱਸ ਐੱਸ ਪੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਆਕਾਸ਼ਦੀਪ ਸਿੰਘ ਵਾਸੀ ਨੱਥੂ ਮਾਜਰਾ ਜ਼ਿਲ੍ਹਾ ਮਾਲੇਰਕੋਟਲਾ ਨੂੰ ਅਜਿਹੇ ਵਿਦੇਸ਼ੀ ਪਿਸਤੌਲ ਸਣੇ ਫੜਿਆ ਗਿਆ, ਜਿਹੜਾ ਕੇਵਲ ਗਜ਼ਟਿਡ ਅਫਸਰਾਂ ਕੋਲ ਹੀ ਹੁੰਦਾ ਹੈ। ਉਸ ਦਾ ਸੰਪਰਕ ਪਰਮਿੰਦਰ ਸਿੰਘ ਪਿੰਦਰੀ ਵਾਸੀ ਮਲੌਦ ਨਾਲ ਨਿਕਲਿਆ। ਪਿੰਦਰੀ ਦੇ ਬੰਦਿਆਂ ਤੋਂ ਆਕਾਸ਼ਦੀਪ ਨੇ ਹਥਿਆਰ ਮੰਗਵਾਏ ਸਨ। ਪਿੰਦਰੀ ਨੇ ਖੁਲਾਸਾ ਕੀਤਾ ਕਿ ਦੀਪਕ ਗੋਇਲ ਕੋਲ ਵੱਡੀ ਗਿਣਤੀ 'ਚ ਹਥਿਆਰ ਹਨ। ਇਸ ਉਪਰੰਤ ਦੀਪਕ ਗੋਇਲ ਕੋਲੋਂ 5 ਨਜਾਇਜ਼ ਹਥਿਆਰ ਅਤੇ ਰੌਂਦ ਬਰਾਮਦ ਹੋਏ। ਐੱਸ ਐੱਸ ਪੀ ਅਨੁਸਾਰ ਇਨ੍ਹਾਂ ਦਾ ਸੰਬੰਧ ਸੁਖਪ੍ਰੀਤ ਬੁੱਢਾ ਗੈਂਗਸਟਰ ਨਾਲ ਨਿਕਲਿਆ। ਇਨ੍ਹਾਂ ਕਈ ਵਿਅਕਤੀਆਂ ਨੂੰ ਮਾਰਨਾ ਸੀ, ਜਿਸ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ। ਆਕਾਸ਼ਦੀਪ ਅਤੇ ਪਿੰਦਰੀ ਖਿਲਾਫ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ। ਦੀਪਕ ਗੋਇਲ ਦੇ ਸਿਆਸੀ ਸੰਬੰਧਾਂ ਉਪਰ ਐੱਸ ਐੱਸ ਪੀ ਨੇ ਕੋਈ ਜਵਾਬ ਨਹੀਂ ਦਿੱਤਾ।

CMYK

ਮਾ. ਜਗਦੀਸ਼ ਚੰਦਰ ਸ਼ਾਸਤਰੀ ਦੀ ਸੇਵਾਮੁਕਤੀ ਸਮੇਂ ਬਿਖਰੇ ਸ਼ਾਇਰੀ ਦੇ ਰੰਗ

ਸਿਰਸਾ (ਸੁਰਿੰਦਰ ਪਾਲ ਸਿੰਘ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔਢਾਂ ਦੇ ਸੰਸਕ੍ਰਿਤ ਅਧਿਆਪਕ ਤੇ ਸ਼ਾਇਰ ਜਗਦੀਸ਼ ਚੰਦਰ ਸ਼ਾਸਤਰੀ ਨੂੰ ਉਨ੍ਹਾਂ ਦੀਆਂ ਸੰਸਕ੍ਰਿਤ ਅਧਿਆਪਨ ਸੇਵਾਵਾਂ ਤੋਂ ਮੁਕਤ ਹੋਣ ਤੇ ਸਕੂਲ ਸਟਾਫ਼ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ।ਸਕੂਲ ਦੇ ਪ੍ਰਿਸੀਪਲ ਬਿਕਰਮਜੀਤ ਸਿੰਘ ਨੇ ਜਗਦੀਸ਼ ਚੰਦਰ ਸ਼ਾਸ਼ਤਰੀ ਦੀਆਂ ਸਿੱਖਿਆ ਵਿਭਾਗ ਵਿੱਚ ਸ਼ਾਨਦਾਰ ਸੇਵਾਵਾਂ ਸਬੰਧੀ ਬੋਲਦਿਆਂ ਕਿਹਾ ਕਿ ਉਨ੍ਹਾਂ ਆਪਣੇ 26 ਸਾਲ ਦੇ ਅਧਿਆਪਕਨ ਕਾਲ ਦੌਰਾਨ ਵਿਦਿਆਰਥੀਆਂ ਨੂੰ ਸਿਲੇਬਸ ਸੰਪੰਨ ਕਰਾਉਣ ਦੇ ਨਾਲ ਵੱਡਿਆਂ ਦਾ ਸਤਿਕਾਰ ਕਰਨ, ਖੇਡਾਂ ਵਿਚ ਹਿੱਸਾ ਲੈਣ ਅਤੇ ਸਾਹਿਤ ਅਤੇ ਸਮਾਜ ਅਤੇ ਸ਼ਇਰੀ ਨਾਲ ਜੁੜਨ ਲਈ ਪ੍ਰੇਰਤ ਕੀਤਾ।ਮੈਡਮ ਸਰਵਮੰਗਲਾ ਵੱਲੋਂ ਜਗਦੀਸ਼ ਚੰਦਰ ਦੇ ਜੀਵਨ ਪ੍ਰਤੀ ਸ਼ਾਇਰਾਨਾ ਜਾਣਕਾਰੀ ਦਿੱਤੀ ਗਈ। ਸਕੂਲ ਦੀਆਂ ਵਿਦਿਆਰਥਣਾ ਵੱਲੋਂ ਹਿੰਦੀ, ਪੰਜਾਬੀ ਤੇ ਹਰਿਆਣਵੀ ਗੀਤ ਸੰਗੀਤ ਦੇ ਰੰਗ ਬੰਨ੍ਹੇ ਗਏ। ਇਸ ਦੌਰਾਨ ਸਕੂਲ ਦੇ ਰਿਟਾਇਰ ਅਧਿਆਪਕ ਕ੍ਰਿਸ਼ਨ ਸਿੰਘ ਡੱਬਵਾਲੀ ਵੱਲੋ ਸ਼ਾਇਰੀ ਦੇ ਵੱਖ-ਵੱਖ ਰੰਗ ਬਿਖੇਰੇ ਗਏ ਤੇ ਜਗਦੀਸ਼ ਚੰਦਰ ਵਲੋਂ ਵੀ ਆਪਣੇ ਸ਼ਿਅਰਾਂ ਅਤੇ ਗੀਤਾਂ ਨਾਲ ਸਭਨੂੰ ਮੰਤਰ ਮੁਗਧ ਕੀਤਾ। ਉਨ੍ਹਾਂ ਸਕੂਲ ਲਈ ਵਾਟਰ ਕੂਲਰ ਭੇਟ ਕੀਤਾ। ਮੰਚ ਸੰਚਾਲਨ ਮਾ: ਹਰਪਾਲ ਸਿੰਘ ਤੇ ਬਲਵਿੰਦਰ ਸਿੰਘ ਵੱਲੋਂ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸਕੂਲ ਸਟਾਫ਼ ਵੱਲੋਂ ਜਗਦੀਸ਼ ਚੰਦਰ ਸ਼ਾਸ਼ਤਰੀ ਦੀ ਪਤਨੀ ਨਰੇਸ਼ ਰਾਣੀ ਅਤੇ ਉਨ੍ਹਾਂ ਦੀਆਂ ਨੂਹਾਂ ਪੁੱਤਰਾ ਸਮੇਤ ਸਮੁੱਚੇ ਪਰਵਾਰ ਨੂੰ ਸਨਮਾਨਤ ਕੀਤਾ ਗਿਆ।
ਇਸ ਮੌਕੇ ਹਰਿੰਦਰ ਸ਼ਰਮਾ, ਵਰਿੰਦਰ ਸ਼ਰਮਾ, ਬੀਬਾ ਨਵਪ੍ਰੀਤ ਕੌਰ, ਪ੍ਰਦੀਪ ਸ਼ਰਮਾ, ਹਰਬੰਸ ਲਾਲ, ਲੋਕ ਰਾਜ, ਸੁਖਜੀਤ ਕੌਰ, ਕਿਰਨ ਬਾਲਾ ਤੋਂ ਬਿਨਾਂ ਇਲਾਕੇ ਦੇ ਅਧਿਆਪਕ, ਦੋਸਤ ਮਿੱਤਰ ਤੇ ਰਿਸ਼ਤੇਦਾਰ ਵੀ ਹਾਜ਼ਰ ਸਨ।

ਜਾਅਲੀ ਦਸਤਾਵੇਜ਼ਾਂ ਰਾਹੀਂ ਸ਼ੈਲਰ ਦੀ ਮਲਕੀਅਤ ਤਬਦੀਲ ਕਰਵਾਉਣ ਦੇ ਮਾਮਲੇ 'ਚ ਔਰਤ ਸਣੇ 5 ਨਾਮਜ਼ਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਅਮਲੋਹ ਨੇੜਲੇ ਪਿੰਡ ਚੈਹਲਾਂ ਵਿਖੇ ਸਥਿਤ ਇੱਕ ਸ਼ੈਲਰ ਦੀ ਮਲਕੀਅਤ ਜਾਅਲੀ ਦਸਤਾਵੇਜ਼ਾਂ ਰਾਹੀਂ ਨਾਂਅ ਕਰਵਾਉਣ ਦੀ ਕੋਸ਼ਿਸ਼ ਕਰਨ ਦੇ ਮਾਮਲੇ 'ਚ ਅਮਲੋਹ ਪੁਲਸ ਵੱਲੋਂ ਕਥਿਤ ਵਿਅਕਤੀਆਂ ਪੁਨੀਤ ਕੁਮਾਰ, ਦੀਪਕ ਕੁਮਾਰ, ਕਰਨ ਜਿੰਦਲ, ਪੂਨਮ ਜਿੰਦਲ ਅਤੇ ਵਿਜੈ ਕੁਮਾਰ ਵਾਸੀਆਨ ਅਮਲੋਹ ਵਿਰੁੱਧ ਅ/ਧ 420,406,465,467,468,471,120-ਬੀ ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਸਿਸਟੈਂਟ ਫੂਡ ਸਪਲਾਈ ਅਫਸਰ ਅਮਲੋਹ ਗੁਰਸ਼ਰਨ ਸਿੰਘ ਵੱਲੋਂ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੋਸ਼ ਲਗਾਏ ਗਏ ਸਨ ਕਿ ਪਿੰਡ ਚੈਹਲਾਂ ਵਿਖੇ ਸਥਿਤ ਉਂਕਾਰ ਉਦਯੋਗ ਯੂਨਿਟ 2 ਦੀ ਪੁਰਾਣੀ ਮਾਲਕ ਪਾਰਟੀ ਤੋਂ ਉਪਰਕੋਤ ਵਿਅਕਤੀਆਂ ਵੱਲੋਂ ਰਾਈਸ ਗ੍ਰਾਮ ਯੂਨਿਟ ਖਰੀਦਿਆ ਗਿਆ ਸੀ, ਜਿਸ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਦਿੱਤੇ ਗਏ ਕਾਗਜ਼ਾਤ ਸਫਾ ਰਜਿਸਟਰ ਨਾਲ ਮੇਲ ਨਹੀਂ ਖਾਂਦੇ, ਜਿਸ ਦੇ ਰਕਬੇ 'ਚ ਤਬਦੀਲੀ ਕੀਤੀ ਗਈ ਹੈ ਤੇ ਹਲਕਾ ਪਟਵਾਰੀ ਅਤੇ ਸ਼ਿਕਾਇਤਕਰਤਾ ਦੇ ਜਾਅਲੀ ਦਸਤਖਤ ਕਰਕੇ ਜਾਅਲੀ ਦਸਤਾਵੇਜ਼ ਤਿਆਰ ਕੀਤੇ ਗਏ ਹਨ। ਸਬ-ਇੰਸਪੈਕਟਰ ਗੁਰਜੰਟ ਸਿੰਘ ਵੱਲੋਂ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਓਟ ਕਲੀਨਿਕ 'ਚੋਂ ਬਿਊਪਰੋਨੌਰਫਿਨ ਗੋਲੀਆਂ ਹੋਈਆਂ ਗਾਇਬ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਬਸੀ ਪਠਾਣਾਂ ਦੇ ਸਰਕਾਰੀ ਓਟ ਸੈਂਟਰ 'ਚੋਂ ਵੱਡੀ ਗਿਣਤੀ 'ਚ ਬਿਊਪਰੋਨੌਰਫਿਨ ਗੋਲੀਆਂ ਗਾਇਬ ਹੋ ਜਾਣ ਦਾ ਕਥਿਤ ਮਾਮਲਾ ਹੁਣ ਇਲਾਕੇ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੂਤਰਾਂ ਅਨੁਸਾਰ ਹਜ਼ਾਰਾਂ ਦੀ ਗਿਣਤੀ 'ਚ ਬਿਊਪਰੋਨੌਰਫਿਨ ਗੋਲੀਆਂ ਉਕਤ ਓਟ ਕਲੀਨਿਕ 'ਚੋਂ ਗਾਇਬ ਹੋਈਆਂ ਦੱਸੀਆਂ ਜਾ ਰਹੀਆਂ ਹਨ ਹਾਲਾਂਕਿ ਸੰਬੰਧਤ ਸਟਾਫ ਇਸ ਮਾਮਲੇ ਬਾਰੇ ਚੁੱਪ ਹੈ। ਨਸ਼ੇ ਦੀ ਬਿਮਾਰੀ ਤੋਂ ਪੀੜਤ ਲੋਕਾਂ ਦਾ ਇਲਾਜ ਕਰਨ ਲਈ ਸੂਬਾ ਸਰਕਾਰ ਵੱਲੋਂ ਖੋਲ੍ਹੇ ਗਏ ਓਟ ਕਲੀਨਿਕਾਂ 'ਚ ਮੁਹੱਈਆ ਕਰਵਾਈ ਜਾ ਰਹੀ ਜੀਭ ਥੱਲੇ ਰੱਖਣ ਵਾਲੀ ਗੋਲੀ (ਬਿਊਪਰੋਨੌਰਫਿਨ) ਜਿਸ ਦੀ ਵਰਤੋਂ ਜ਼ਿਆਦਾਤਰ ਲੋਕਾਂ ਵੱਲੋਂ ਨਸ਼ੇ ਦੀ ਪੂਰਤੀ ਲਈ ਕੀਤੇ ਜਾਣ ਸੰਬੰਧੀ ਰਿਪੋਰਟਾਂ ਅਕਸਰ ਮੀਡੀਆ 'ਚ ਛਪਦੀਆਂ ਰਹਿੰਦੀਆਂ ਹਨ। ਮਰੀਜ਼ਾਂ ਲਈ ਆਈਆਂ ਇਹ ਬਿਊਪਰੋਨੌਰਫਿਨ ਗੋਲੀਆਂ ਓਟ ਕਲੀਨਿਕ 'ਚੋਂ ਗਾਇਬ ਹੋ ਜਾਣ ਸੰਬੰਧੀ ਜਦੋਂ ਸਿਵਲ ਸਰਜਨ ਫ਼ਤਹਿਗੜ੍ਹ ਸਾਹਿਬ ਡਾ. ਵਿਜੈ ਕੁਮਾਰ ਨੂੰ ਪੁੱਛਿਆ ਗਿਆ ਤਾਂ ਉਨ੍ਹਾ ਮੰਨਿਆ ਕਿ ਬਸੀ ਪਠਾਣਾਂ ਓਟ ਕਲੀਨਿਕ 'ਚ ਬਿਊਪਰੋਨੌਰਫਿਨ ਦਵਾਈ ਸਟਾਕ ਮੁਤਾਬਕ ਨਾ ਹੋਣ ਦਾ ਮਾਮਲਾ ਉਨ੍ਹਾ ਦੇ ਵੀ ਧਿਆਨ 'ਚ ਆਇਆ ਹੈ, ਜਿਸ ਦੇ ਸੰਬੰਧ 'ਚ ਉਨ੍ਹਾ ਵੱਲੋਂ ਡੀ ਐਮ ਸੀ ਦੀ ਅਗਵਾਈ 'ਚ ਇੱਕ ਜਾਂਚ ਕਮੇਟੀ ਬਣਾ ਦਿੱਤੀ ਗਈ ਹੈ ਤੇ ਉਕਤ ਕਮੇਟੀ ਵੱਲੋਂ ਚਾਰ ਦਿਨਾਂ 'ਚ ਉਨ੍ਹਾਂ ਨੂੰ ਰਿਪੋਰਟ ਸੌਂਪ ਦਿੱਤੀ ਜਾਵੇਗੀ, ਜਿਸ ਤੋਂ ਬਾਅਦ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਗਾਇਬ ਹੋਈਆਂ ਗੋਲੀਆਂ ਦੀ ਗਿਣਤੀ ਸੰਬੰਧੀ ਪੁੱਛੇ ਜਾਣ 'ਤੇ ਸਿਵਲ ਸਰਜਨ ਨੇ ਕਿਹਾ ਕਿ ਸਹੀ ਗਿਣਤੀ ਤਾਂ ਸਟਾਕ ਦਾ ਮਿਲਾਨ ਹੋਣ ਉਪਰੰਤ ਹੀ ਪਤਾ ਲੱਗ ਸਕੇਗੀ, ਇਸ ਲਈ ਹਾਲੇ ਉਹ ਇਸ ਬਾਰੇ ਕੁਝ ਨਹੀਂ ਦੱਸ ਸਕਦੇ।

ਅਨੀਤਾ ਸ਼ਬਦੀਸ਼ ਦਾ ਮੱਖੂ ਪਹੁੰਚਣ 'ਤੇ ਕੀਤਾ ਸਵਾਗਤ

ਮੱਖੂ, (ਰਛਪਾਲ ਸਿੰਘ ਸੰਧੂ) : ਪੰਜਾਬੀ ਫਿਲਮਾਂ ਦੇ ਮਸ਼ਹੂਰ ਕਲਾਕਾਰ ਅਨੀਤਾ ਸ਼ਬਦੀਸ਼ ਜਦ ਆਪਣੇ ਮਾਸੀ ਦੇ ਲੜਕੇ ਦਵਿੰਦਰ ਪ੍ਰਕਾਸ਼ ਸ਼ਰਮਾ ਦੀ ਰਿਟਾਇਰਮੈਂਟ ਪਾਰਟੀ 'ਚ ਸ਼ਾਮਲ ਹੋਣ ਲਈ ਮੱਖੂ ਵਿਖੇ ਪਹੁੰਚੇ ਤਾਂ ਇਲਾਕੇ ਦੇ ਪਤਵੰਤੇ ਸੱਜਣ ਰਵੀ ਸ਼ਰਮਾ ਸਾਬਕਾ ਡਾਇਰੈਕਟਰ ਪੰਜਾਬ ਮੰਡੀ ਬੋਰਡ, ਨਗਰ ਪੰਚਾਇਤ ਮੱਖੂ ਦੇ ਸਾਬਕਾ ਪ੍ਰਧਾਨ ਮਹਿੰਦਰ ਮਦਾਨ, ਡਾ. ਸਤੀਸ਼ ਠੁਕਰਾਲ, ਸੇਵਾ ਮੁਕਤ ਅਧਿਆਪਕ ਦਵਿੰਦਰ ਪ੍ਰਕਾਸ਼ ਸ਼ਰਮਾ, ਪ੍ਰਗਟ ਸਿੰਘ ਤਲਵੰਡੀ ਕਿਸਾਨ ਆਗੂ, ਜਗਜੀਤ ਸਿੰਘ ਕਾਲੜਾ ਪ੍ਰਧਾਨ ਨਗਰ ਪੰਚਾਇਤ ਮੱਖੂ, ਕੁਲਦੀਪ ਸਿੰਘ ਲਾਟੀ, ਲੱਕੀ ਗਰੋਵਰ, ਵਰੁਣ ਸ਼ਰਮਾ ਆਦਿ ਵੱਲੋਂ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ ਗਿਆ। ਇਸ ਮੌਕੇ ਪਤਵੰਤੇ ਸੱਜਣਾਂ ਨੇ ਕਿਹਾ ਕਿ ਫਿਲਮੀ ਕਲਾਕਾਰ ਅਨੀਤਾ ਸ਼ਬਦੀਸ਼ ਵੱਲੋਂ ਦਵਿੰਦਰ ਪ੍ਰਕਾਸ਼ ਸ਼ਰਮਾ ਦੀ ਰਿਟਾਇਰਮੈਂਟ ਪਾਰਟੀ ਵਿੱਚ ਪਹੁੰਚ ਕੇ ਦਵਿੰਦਰ ਪ੍ਰਕਾਸ਼ ਸ਼ਰਮਾ ਦੇ ਨਾਲ ਛੋਟੇ ਜਿਹੇ ਕਸਬੇ ਦਾ ਵੀ ਮਾਣ ਵਧਾਇਆ ਹੈ। ਅਸੀਂ ਫਿਲਮੀ ਕਲਾਕਾਰ ਅਨੀਤਾ ਸ਼ਬਦੀਸ਼ ਦਾ ਮੱਖੂ ਵਿਖੇ ਪਹੁੰਚਣ 'ਤੇ ਸਵਾਗਤ ਕਰਦੇ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਅਨੀਤਾ ਸ਼ਬਦੀਸ਼ ਨੂੰ ਇਸੇ ਤਰ੍ਹਾਂ ਹੀ ਤਰੱਕੀ ਬਖਸ਼ੇ। ਇਸ ਮੌਕੇ ਅਨੀਤਾ ਸ਼ਬਦੀਸ਼ ਨੇ ਕਿਹਾ ਕਿ ਮੱਖੂ ਵਿਖੇ ਪਹੁੰਚਣ 'ਤੇ ਜੋ ਪਿਆਰ ਮੈਨੂੰ ਇਲਾਕਾ ਨਿਵਾਸੀਆਂ ਦਾ ਮਿਲਿਆ ਹੈ, ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮੱਖੂ ਸ਼ਹਿਰ ਵਿਖੇ ਪਹੁੰਚ ਕੇ ਮੇਰੀਆਂ ਬਚਪਨ ਦੀਆਂ ਯਾਦਾਂ ਤਾਜ਼ਾ ਹੋ ਗਈਆਂ। ਮੱਖੂ ਸ਼ਹਿਰ ਨਾਲ ਮੇਰੀਆਂ ਬਚਪਨ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ, ਕਿਉਂਕਿ ਮੇਰਾ ਲੰਮਾ ਸਮਾਂ ਮੱਖੂ ਸ਼ਹਿਰ ਵਿੱਚ ਬਤੀਤ ਹੋਇਆ ਹੈ।

ਸਰਕਾਰੀ ਸਕੂਲਾਂ ਵੱਲੋਂ ਦਾਖਲਾ ਮੁਹਿੰਮ ਰੈਲੀ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ) : ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਵੇਂ ਸੈਸ਼ਨ 2023-24 ਲਈ ਲੁਧਿਆਣਾ ਜ਼ਿਲ੍ਹੇ 'ਚ ਦਾਖਲਾ ਮੁਹਿੰਮ ਦੀ ਸ਼ੁਰੂਆਤ ਸ੍ਰੀ ਸ਼ੰਕਰਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੋਂ ਦੋਵਾਂ ਬਲਾਕਾਂ ਮਾਛੀਵਾੜਾ 1 ਤੇ 2 ਦੇ ਨੋਡਲ ਅਫ਼ਸਰ ਪ੍ਰਿੰਸੀਪਲ ਹਰਨੀਤ ਭਾਟੀਆ ਅਤੇ ਪ੍ਰਿੰਸੀਪਲ ਕਮਲਜੀਤ ਸਿੰਘ ਦੀ ਅਗਵਾਈ 'ਚ ਹੋਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਾਈਸ ਪ੍ਰਿੰਸੀਪਲ ਨਿਰੰਜਨ ਕੁਮਾਰ ਨੇ ਦੱਸਿਆ ਕਿ ਦੋਵਾਂ ਬਲਾਕਾਂ ਦੇ ਵੱਖ-ਵੱਖ ਸਕੂਲ ਮੁਖੀਆਂ ਨੂੰ ਸੰਬੋਧਨ ਕਰਦਿਆਂ ਉਕਤ ਨੋਡਲ ਅਫ਼ਸਰਾਂ ਨੇ ਮਿਸ਼ਨ ਸ਼ਤ-ਪ੍ਰਤੀਸ਼ਤ ਦੇ ਨਾਲ-ਨਾਲ ਹੁਣ ਤੋਂ ਸਕੂਲਾਂ 'ਚ ਬੱਚਿਆਂ ਦੀ ਗਿਣਤੀ 'ਚ ਵਾਧੇ ਲਈ ਉਪਰਾਲੇ ਕਰਨ ਹਿੱਤ ਪ੍ਰੇਰਨਾ ਦਿੱਤੀ। ਮੀਟਿੰਗ 'ਚ ਸਕੂਲ ਪ੍ਰਿੰਸੀਪਲ ਡਾ. ਆਰ ਕੇ ਸ਼ਰਮਾ ਤੋਂ ਇਲਾਵਾ ਪ੍ਰਿੰਸੀਪਲ ਵੰਦਨਾ ਕਪੂਰ ਨੇ ਵੀ ਸੰਬੋਧਨ ਕੀਤਾ। ਮੁਹਿੰਮ ਰੈਲੀ ਨੂੰ ਨੋਡਲ ਅਫ਼ਸਰਾਂ ਨੇ ਹਰੀ ਝੰਡੀ ਦੇ ਕੇ ਸਕੂਲ ਤੋਂ ਰਵਾਨਾ ਕੀਤਾ ਜੋ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਤੋਂ ਹੁੰਦੀ ਹੋਈ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਮਾਪਤ ਹੋਈ।

ਗੁਰਦੁਆਰਾ ਵਿਸ਼ਵਕਰਮਾ ਮੰਦਰ 'ਚ ਨਵੇਂ ਹਾਲ ਦਾ ਉਦਘਾਟਨ

ਜਗਰਾਉਂ (ਅਮਿਤ ਖੰਨਾ) : ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਨਵੇਂ ਹਾਲ ਦਾ ਉਦਘਾਟਨ ਭਾਈ ਸੁਰਜੀਤ ਸਿੰਘ ਖੁਰਲ ਕਨੇਡਾ ਵਾਸੀ, ਭਾਈ ਸ਼ਮਸ਼ੇਰ ਸਿੰਘ ਖੁਰਲ ਵਾਸੀ ਦਿੱਲੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਹਾਲ ਦਾ ਉਦਘਾਟਨ ਕੀਤਾ ਗਿਆ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ: 133 ਅਤੇ ਰਾਮਗੜ੍ਹੀਆ ਵੈਲਫੇਅਰ ਕੌਂਸਲ ਵੱਲੋਂ ਇਨ੍ਹਾਂ ਸਾਰਿਆਂ ਦਾ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਸੱਗੂ, ਸੈਕਟਰੀ ਹਰਜਿੰਦਰ ਸਿੰਘ , ਦਰਸ਼ਨ ਸਿੰਘ ਉੱਭੀ, ਹਰਪ੍ਰੀਤ ਸਿੰਘ ਸੱਗੂ, ਜਸਵੰਤ ਸਿੰਘ ਸੱਗੂ , ਸਤਵਿੰਦਰ ਸਿੰਘ ਸੱਗੂ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਸਰਪ੍ਰਸਤ ਜਗਦੇਵ ਸਿੰਘ ਮਠਾੜੂ , ਸਰਪ੍ਰਸਤ ਹਰਦਿਆਲ ਸਿੰਘ ਮੂੰਡੇ, ਪ੍ਰਧਾਨ ਰਜਿੰਦਰ ਸਿੰਘ ਰਿੰਕੂ, ਖਜ਼ਾਨਚੀ ਤਰਲੋਚਨ ਸਿੰਘ ਪਨੇਸਰ, ਸੈਕਟਰੀ ਭਵਨਜੀਤ ਸਿੰਘ ਉੱਭੀ , ਹਾਕਮ ਸਿੰਘ ਸੀਰਾ, ਬਲਵਿੰਦਰ ਸਿੰਘ ਪੱਪਾ, ਸੁਖਵਿੰਦਰ ਸਿੰਘ ਸੋਨੀ, ਰਾਮਗੜ੍ਹੀਆ ਵੈਲਫੇਅਰ ਕੌਂਸਲ ਤੋਂ ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ, ਸੁਰਜੀਤ ਸਿੰਘ ਐਸ ਡੀ ਓ, ਬਲਵੰਤ ਸਿੰਘ ਪਨੇਸਰ ਵਿਸ਼ੇਸ਼ ਤੌਰ 'ਤੇ ਪੁੱਜੇ, ਰਾਮਗੜ੍ਹੀਆ ਦਰਪਣ ਤੋਂ ਭੁਪਿੰਦਰ ਸਿੰਘ ਉੱਭੀ, ਸੋਹਣ ਸਿੰਘ ਗੋਗਾ, ਲੁਧਿਆਣਾ ਤੋਂ ਗਿਆਨ ਸਿੰਘ ਆਦਿ ਹਾਜ਼ਰ ਸਨ।

ਪੰਜਵੜ 'ਚ ਭੇਦਭਰੀ ਹਾਲਤ 'ਚ ਦੋ ਮੱਝਾਂ ਤੇ ਇੱਕ ਕੱਟੀ ਦੀ ਮੌਤ

ਸਰਾਏ ਅਮਾਨਤ ਖਾਂ (ਮੱਖਣ ਮਨੋਜ) : ਨਜ਼ਦੀਕੀ ਪਿੰਡ ਪੰਜਵੜ ਕਲਾਂ ਵਿਖੇ ਬੀਤੀ ਰਾਤ ਇੱਕ ਗਰੀਬ ਕਿਸਾਨ ਦੇ ਤਿੰਨ ਪਸ਼ੂਆਂ ਦੀ ਭੇਦਭਰੀ ਹਾਲਤ ਵਿੱਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਸਰਬਜੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪੰਜਵੜ ਨੇ ਦੱਸਿਆ ਕਿ ਉਸ ਦੀ ਕੋਈ ਜ਼ਮੀਨ ਨਾ ਹੋਣ ਕਰਕੇ ਉਸ ਨੇ ਦੋ ਮੱਝਾਂ ਰੱਖੀਆਂ ਸਨ ਜਿਨ੍ਹਾਂ ਦਾ ਦੁੱਧ ਵੇਚ ਕੇ ਪਰਵਾਰ ਦਾ ਗੁਜ਼ਾਰਾ ਚਲਦਾ ਸੀ। ਬੀਤੀ ਰਾਤ ਉਸ ਨੇ ਰੋਜ਼ ਦੀ ਤਰ੍ਹਾਂ ਦੋਵਾਂ ਮੱਝਾਂ ਜੋ ਸੂਣ ਵਾਲੀਆਂ ਸਨ ਤੇ ਇਕ ਕੱਟੀ ਨੂੰ ਰਾਤ ਸਮੇਂ ਅੰਦਰ ਬੰਨ੍ਹਿਆ ਤੇ ਆਪ ਸਾਰਾ ਪਰਵਾਰ ਨੇੜਲੇ ਕਮਰੇ ਵਿੱਚ ਸੌਂ ਗਿਆ। ਪ੍ਰੰਤੂ ਅੱਧੀ ਕੁ ਰਾਤ ਨੂੰ ਜਦੋਂ ਉਨ੍ਹਾਂ ਦੀ ਮਾਤਾ ਉੱਠੀ ਤਾਂ ਉਸ ਨੇ ਮੱਝਾਂ ਵਾਲੇ ਕੋਠੇ ਵਿੱਚੋਂ ਧੂੰਆਂ ਨਿਕਲਦਾ ਵੇਖ ਕੇ ਰੌਲਾ ਪਾਇਆ ਤਾਂ ਅਸੀਂ ਜਾ ਕੇ ਵੇਖਿਆ ਕਿ ਪਸ਼ੂਆਂ ਵਾਲੇ ਅੰਦਰ ਪਈਆਂ ਪਾਥੀਆਂ ਨੂੰ ਅੱਗ ਲੱਗੀ ਹੋਈ ਸੀ ਜਿਸ ਨਾਲ ਸਾਰਾ ਕਮਰਾ ਧੂੰਏ ਨਾਲ ਭਰਿਆ ਪਿਆ ਸੀ ਅਤੇ ਨਾਲ ਹੀ ਅੰਦਰ ਬੱਝੀਆਂ ਦੋ ਮੱਝਾਂ ਜਿਹੜੀਆਂ ਦੁੱਧ ਵੀ ਦਿੰਦੀਆਂ ਅਤੇ ਸੂਣ ਵਾਲੀਆਂ ਵੀ ਹਨ ਤੇ ਇੱਕ ਝੋਟੀ (ਕੱਟੀ) ਜਿਨ੍ਹਾਂ ਦੇ ਮੂੰਹ ਵਿੱਚੋਂ ਲਹੂ ਵਗ ਰਿਹਾ ਸੀ ਮਰੀਆਂ ਪਈਆਂ ਸਨ। ਇਸ ਸੰਬੰਧੀ ਉਨ੍ਹਾਂ ਥਾਣਾ ਝਬਾਲ ਵਿਖੇ ਲਿਖਤੀ ਦਰਖਾਸਤ ਦਿੰਦੇ ਹੋਏ ਸ਼ੱਕ ਜ਼ਾਹਰ ਕੀਤਾ ਕਿ ਕਿਸੇ ਅਣਪਛਾਤੇ ਸ਼ਰਾਰਤੀ ਅਨਸਰ ਨੇ ਉਨ੍ਹਾਂ ਦੀਆਂ ਮੱਝਾਂ ਨੂੰ ਕੋਈ ਜ਼ਹਿਰੀਲੀ ਦਵਾਈ ਦੇ ਕੇ ਮਾਰ ਕੇ ਜਾਂਦੇ ਹੋਏ ਅੰਦਰ ਪਈਆਂ ਪਾਥੀਆਂ ਨੂੰ ਅੱਗ ਲਾ ਗਏ। ਉਨ੍ਹਾਂ ਸਰਕਾਰ ਕੋਲੋਂ ਮੰਗ ਕੀਤੀ ਕਿ ਉਸ ਦੇ ਪਰਵਾਰ ਦਾ ਇੱਕੋ ਇੱਕ ਸਹਾਰਾ ਇਹ ਮੱਝਾਂ ਨੂੰ ਮਾਰਨ ਵਾਲੇ ਖਿਲਾਫ ਕਾਰਵਾਈ ਕਰਕੇ ਉਸ ਨੂੰ ਮੁਆਵਜ਼ਾ ਦਿੱਤਾ ਜਾਵੇ। ਜਦੋਂ ਕਿ ਇਸ ਸੰਬੰਧੀ ਵੈਟਰਨਰੀ ਅਫਸਰ ਡਾਕਟਰ ਗੁਰਿੰਦਰ ਸਿੰਘ ਜਿਨ੍ਹਾ ਦੀ ਸੋਹਲ ਵਿਖੇ ਡਿਊਟੀ ਹੈ, ਨਾਲ ਸੰਪਰਕ ਕੀਤਾ ਤਾਂ ਉਨ੍ਹਾ ਕਿਹਾ ਕਿ ਪਸ਼ੂਆਂ ਦੇ ਮਰਨ ਦੇ ਅਸਲ ਕਾਰਨ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਲੱਗੇਗਾ ਜਦੋਂ ਕਿ ਮਹਿਕਮੇ ਦੇ ਉੱਚ ਅਧਿਕਾਰੀਆਂ ਦੇ ਹੁਕਮਾਂ ਨਾਲ ਕੀਤਾ ਜਾਵੇਗਾ। ਇਸ ਮੌਕੇ ਪੀੜਤ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਲਵਪ੍ਰੀਤ ਸਿੰਘ ਲਾਡੀ ਪੰਜਵੜ ਨੇ ਕਿਹਾ ਕਿਹਾ ਇਹ ਮਾਮਲਾ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੇ ਧਿਆਨ ਵਿੱਚ ਲਿਆ ਕੇ ਪੀੜਤ ਪਰਵਾਰ ਦੀ ਮਦਦ ਕਰਨ ਲਈ ਉਨ੍ਹਾ ਨੂੰ ਬੇਨਤੀ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ 30 ਲੱਖ ਪ੍ਰੋਫਾਰਮੇ ਭਰ ਕੇ ਰਾਸ਼ਟਰਪਤੀ ਨੂੰ ਭੇਜੇਗੀ : ਧਾਮੀ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੀ ਦਸਤਖ਼ਤੀ ਮੁਹਿੰਮ ਹੋਰ ਸਰਗਰਮੀ ਨਾਲ ਅੱਗੇ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਮੁਹਿੰਮ ਤਹਿਤ 13 ਲੱਖ ਤੋਂ ਵੱਧ ਲੋਕਾਂ ਵੱਲੋਂ ਸਵੈ-ਇੱਛਾ ਅਨੁਸਾਰ ਪ੍ਰੋਫਾਰਮੇ ਭਰੇ ਜਾ ਚੁੱਕੇ ਹਨ ਅਤੇ ਸ਼੍ਰੋਮਣੀ ਕਮੇਟੀ ਨੇ ਹੁਣ ਇਸ ਦਾ ਵਿਸਥਾਰ ਕਰਦਿਆਂ ਕਰੀਬ 30 ਲੱਖ ਲੋਕਾਂ ਤੱਕ ਪੁੱਜਣ ਦਾ ਟੀਚਾ ਮਿਥਿਆ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਅਗਵਾਈ ਵਿਚ ਪਿੰਡ ਪੱਧਰ ਤੱਕ ਇਹ ਮੁਹਿੰਮ ਲਿਜਾਣ ਲਈ ਰੂਪ-ਰੇਖਾ ਤਿਆਰ ਕੀਤੀ ਗਈ ਹੈ, ਜਿਸ ਤਹਿਤ ਧਰਮ ਪ੍ਰਚਾਰ ਲਈ ਪਿੰਡਾਂ ਵਿਚ ਜਾਣ ਸਮੇਂ ਪ੍ਰਚਾਰਕ ਜਥੇ ਪ੍ਰੋਫਾਰਮੇ ਵੀ ਭਰਵਾਉਣਗੇ। ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਮੀਟਿੰਗਾਂ ਦਾ ਸਿਲਸਿਲਾ ਵੀ ਸ਼ੁਰੂ ਕੀਤਾ ਗਿਆ ਹੈ। ਉਨ੍ਹਾ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਧਰਮ ਪ੍ਰਚਾਰ ਦੇ ਅੰਮ੍ਰਿਤਸਰ ਜ਼ੋਨ ਨਾਲ ਸੰਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ, ਪ੍ਰਚਾਰਕਾਂ ਅਤੇ ਦਫ਼ਤਰ 'ਚ ਕੰਮ ਕਰਦੇ ਮੁਲਾਜ਼ਮਾਂ ਨਾਲ ਇਕੱਤਰਤਾ ਕਰਕੇ ਲਹਿਰ ਨੂੰ ਪ੍ਰਚੰਡ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ।

ਇਸੇ ਦੌਰਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਬਹੁਤ ਸਾਰੇ ਲੋਕਾਂ ਵੱਲੋਂ ਦਸਤਖ਼ਤੀ ਮੁਹਿੰਮ ਦਾ ਹਿੱਸਾ ਬਣਨ ਸੰਬੰਧੀ ਇੱਛਾ ਪ੍ਰਗਟਾਈ ਜਾ ਰਹੀ ਹੈ, ਪਰੰਤੂ ਇਤਿਹਾਸਕ ਗੁਰਦੁਆਰਾ ਸਾਹਿਬਾਨ ਤੱਕ ਨਾ ਪੁੱਜ ਸਕਣ ਕਰਕੇ ਉਹ ਵਾਂਝੇ ਰਹਿ ਰਹੇ ਹਨ। ਇਸ ਨੂੰ ਵੇਖਦਿਆਂ ਪਿੰਡ ਪੱਧਰ ਤੱਕ ਪ੍ਰੋਫਾਰਮੇ ਪਹੁੰਚਾਉਣ ਲਈ ਸ਼੍ਰੋਮਣੀ ਕਮੇਟੀ ਆਪਣੀ ਜ਼ੁੰਮੇਵਾਰੀ ਨਿਭਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ 30 ਲੱਖ ਪ੍ਰੋਫਾਰਮੇ ਭਰਵਾ ਕੇ ਰਾਸ਼ਟਰਪਤੀ ਦੇ ਨਾਂਅ 'ਤੇ ਗਵਰਨਰ ਨੂੰ ਸੌਂਪੇ ਜਾਣਗੇ। ਧਾਮੀ ਨੇ ਕਿਹਾ ਕਿ ਹਾਲ ਹੀ ਵਿਚ ਸਥਾਪਤ ਕੀਤੇ ਗਏ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦੇ ਨੁਮਾਇੰਦਿਆਂ ਨਾਲ ਵਿਚਾਰ-ਵਟਾਂਦਰਾ ਕਰਕੇ ਇਸ ਮੁਹਿੰਮ ਨੂੰ ਆਨਲਾਈਨ ਢੰਗ ਨਾਲ ਵਿਦੇਸ਼ਾਂ ਵਿਚ ਵੀ ਸਰਗਰਮ ਕੀਤਾ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਬੰਦੀ ਸਿੰਘਾਂ ਨਾਲ ਕੀਤੇ ਜਾ ਰਹੇ ਵਿਤਕਰੇ ਅਤੇ ਮਨੁੱਖਤਾ ਵਿਰੋਧੀ ਵਰਤਾਰੇ ਦਾ ਮਾਮਲਾ ਯੂ ਐੱਨ ਓ 'ਚ ਉਠਾਉਣ ਲਈ ਵੀ ਸ਼੍ਰੋਮਣੀ ਕਮੇਟੀ ਕਾਰਜਸ਼ੀਲ ਹੈ। ਇਸ ਨੂੰ ਲੈ ਕੇ ਕਾਨੂੰਨੀ ਸਲਾਹਕਾਰਾਂ ਅਤੇ ਬੁੱਧੀਜੀਵੀਆਂ ਦੇ ਮਸ਼ਵਰੇ ਨਾਲ ਪੱਤਰ ਤਿਆਰ ਕੀਤਾ ਜਾ ਰਿਹਾ ਹੈ, ਜਿਸ ਨੂੰ ਜਲਦ ਯੂ ਐੱਨ ਓ ਨੂੰ ਭੇਜਿਆ ਜਾਵੇਗਾ।

ਐਡਵੋਕੇਟ ਧਾਮੀ ਨੇ ਇਹ ਜਾਣਕਾਰੀ ਵੀ ਦਿੱਤੀ ਕਿ ਗੁਰਮੀਤ ਰਾਮ ਰਹੀਮ ਨੂੰ ਸਰਕਾਰਾਂ ਦੀ ਸਰਪ੍ਰਸਤੀ ਵਿਰੁੱਧ ਸ਼੍ਰੋਮਣੀ ਕਮੇਟੀ ਵੱਲੋਂ ਉੱਚ ਅਦਾਲਤ ਵਿਚ ਪਟੀਸ਼ਨ ਦਾਇਰ ਕਰਨ ਲਈ ਵੀ ਤਿਆਰੀਆਂ ਮੁਕੰਮਲ ਹਨ। ਇਸ ਸੰਬੰਧ ਵਿਚ ਇਸੇ ਹਫ਼ਤੇ ਹੀ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਧੂਰਕੋਟ ਵਾਸੀਆਂ ਨੂੰ ਪਸੰਦ ਨਾ ਆਇਆ ਆਮ ਆਦਮੀ ਪਾਰਟੀ ਦੀ ਸਰਕਾਰ ਦਾ 'ਬਦਲਾਅ'

ਰੂੜੇਕੇ ਕਲਾਂ, (ਰਵਿੰਦਰ ਸ਼ਰਮਾ) : ਨੇੜਲੇ ਪਿੰਡ ਧੂਰਕੋਟ ਦੇ ਸਬਸਿਡਰੀ ਸਿਹਤ ਕੇਂਦਰ ਦਾ ਸਟਾਫ ਰੂੜੇਕੇ ਕਲਾਂ ਦੇ 'ਆਮ ਆਦਮੀ ਕਲੀਨਿਕ' ਵਿੱਚ ਤਬਦੀਲ ਕਰਨ ਤੋਂ ਤੰਗ ਆਏ ਲੋਕਾਂ ਨੇ ਅੱਜ ਪਿੰਡ ਦੀ ਪੰਚਾਇਤ ਤੇ ਕਿਸਾਨ ਜਥੇਬੰਦੀਆਂ ਨੇ ਬਰਨਾਲਾ ਮਾਨਸਾ ਰੋਡ ਜਾਮ ਕਰਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ । ਇਸ ਮੌਕੇ ਸਰਪੰਚ ਕੁਲਵੀਰ ਸਿੰਘ, ਗੁਰਪਿਆਰ ਸਿੰਘ ਇਕਾਈ ਪ੍ਰਧਾਨ ਬੀ ਕੇ ਯੂ ਕਾਦੀਆਂ, ਰੂਪ ਸਿੰਘ ਜ਼ਿਲ੍ਹਾ ਪ੍ਰਧਾਨ ਬੀ ਕੇ ਯੂ ਸਿੱਧੂਪੁਰ ਅਤੇ ਪਿੰਡ ਵਾਸੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡ ਧੂਰਕੋਟ ਦੇ ਸਬਸਿਡਰੀ ਹੈਲਥ ਸੈਂਟਰ ਦਾ ਸਟਾਫ ਰੂੜੇਕੇ ਕਲਾਂ ਦੇ 'ਆਮ ਆਦਮੀ ਕਲੀਨਿਕ' ਵਿੱਚ ਤਬਦੀਲ ਕਰਕੇ ਜੋ ਬਦਲਾਅ ਲਿਆਂਦਾ ਗਿਆ ਹੈ ਉਸ ਨੇ ਸਾਡੇ ਪਿੰਡ ਨੂੰ ਪਹਿਲਾਂ ਤੋਂ ਹੀ ਮਿਲ ਰਹੀ ਸਿਹਤ ਸਹੂਲਤ ਤੋਂ ਵੀ ਬਾਂਝਾ ਕਰ ਦਿੱਤਾ ਹੈ ਅਤੇ ਸਿਹਤ ਕੇਂਦਰ ਬੰਦ ਹੋਣ ਕਿਨਾਰੇ ਪੁੱਜ ਗਿਆ ਹੈ। ਰੋਡ ਜਾਮ ਹੋਣ 'ਤੇ ਜਦੋਂ ਧਰਨਾਕਾਰੀਆਂ ਨਾਲ ਗੱਲ ਕਰਨ ਤਹਿਸੀਲਦਾਰ ਤਪਾ ਵਰਿੰਦਰ ਭਾਟੀਆ ਮੌਕੇ 'ਤੇ ਪੁੱਜੇ ਤਾਂ ਧਰਨਾਕਾਰੀ ਉਸ ਦੀ ਗੱਡੀ ਦੇ ਅੱਗੇ ਪਿੱਛੇ ਬੈਠ ਗਏ । ਇਸ ਮੌਕੇ ਲੋਕਾਂ ਨੇ ਐਲਾਨ ਕਰ ਦਿੱਤਾ ਕਿ ਉਹ ਤਹਿਸੀਲਦਾਰ ਸਾਹਿਬ ਨੂੰ ਵੀ ਉਦੋਂ ਤੱਕ ਨਹੀਂ ਜਾਣ ਦੇਣਗੇ ਜਦੋਂ ਤੱਕ ਸਾਨੂੰ ਸਾਡੇ ਸਿਹਤ ਕੇਂਦਰ ਦਾ ਸਟਾਫ ਵਾਪਸ ਭੇਜਣ ਦਾ ਪੱਕਾ ਭਰੋਸਾ ਨਹੀਂ ਦਿੰਦੇ । ਇਸ ਮੌਕੇ ਤਹਿਸੀਦਾਰ ਤਪਾ ਨੇ ਉੱਚ ਅਧਿਕਾਰੀਆਂ ਨਾਲ ਗੱਲ ਕਰਨ ਉਪਰੰਤ ਲੋਕਾਂ ਨੂੰ ਭਰੋਸਾ ਦਿੱਤਾ ਕਿ ਸੋਮਵਾਰ ਤੱਕ ਸਿਹਤ ਕੇਂਦਰ ਵਿੱਚ ਸਟਾਫ ਭੇਜ ਦਿੱਤਾ ਜਾਵੇਗਾ ਤਾਂ ਲੋਕਾਂ ਨੇ ਧਰਨਾ ਚੁੱਕ ਲਿਆ । ਇਸ ਮੌਕੇ ਕਿਸਾਨ ਆਗੂ ਗੁਰਚਰਨ ਸਿੰਘ ਨੇ ਕਿਹਾ ਕਿ ਜੇਕਰ ਸੋਮਵਾਰ ਤੱਕ ਸਟਾਫ ਨਾ ਆਇਆ ਤਾਂ ਤਹਿਸੀਲਦਾਰ ਤਪਾ ਦਾ ਘਿਰਾਉ ਕੀਤਾ ਜਾਵੇਗਾ ।

ਕੇਂਦਰੀ ਬਜਟ 'ਚ ਪੁਰਾਣੀ ਪੈਨਸ਼ਨ ਸਕੀਮ ਸੰਬੰਧੀ ਧਾਰਨ ਚੁੱਪੀ ਨੇ ਲੱਖਾਂ ਮੁਲਾਜ਼ਮਾਂ ਨੂੰ ਕੀਤਾ ਨਿਰਾਸ਼

ਕੋਟਕਪੂਰਾ ,(ਰਛਪਾਲ ਭੁੱਲਰ) : ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਵੱਲੋਂ ਅੱਜ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ ਬਜਟ 2024 'ਚ ਆ ਰਹੀਆਂ ਲੋਕ ਸਭਾ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਪੇਸ਼ ਕੀਤਾ ਗਿਆ ਹੈ । ਇਸ ਬਜਟ 'ਚ ਆਮਦਨ ਕਰ ਦੀਆਂ ਦਰਾਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਨਿਮਨ ਅਤੇ ਦਰਮਿਆਨੇ ਵਰਗ ਲਈ ਸਹੀ ਦਿਸ਼ਾ ਵੱਲ ਕਦਮ ਹਨ । ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਜਨਵਰੀ 2004 ਤੋਂ ਬਾਅਦ ਭਰਤੀ ਲੱਖਾਂ ਮੁਲਾਜ਼ਮ ਜੋ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਹੋਣ ਦੀ ਆਸ ਲਗਾਈ ਬੈਠੇ ਸਨ , ਨੂੰ ਇਸ ਬਜਟ ਵਿਚ ਨਜ਼ਰਅੰਦਾਜ਼ ਕਰਨਾ ਲੋਕ ਵਿਰੋਧੀ ਹੈ, ਜਿਸ ਨੇ ਕੇਂਦਰ ਅਤੇ ਵੱਖ-ਵੱਖ ਰਾਜਾਂ 'ਚ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਤਹਿਤ ਕੰਮ ਕਰ ਰਹੇ ਲੱਖਾਂ ਮੁਲਾਜ਼ਮਾਂ ਨੂੰ ਨਿਰਾਸ਼ ਕੀਤਾ ਹੈ। ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਨਵੀਂ ਕੰਟਰੀਬਿਊਟਰੀ ਪੈਨਸ਼ਨ ਸਕੀਮ ਤਹਿਤ ਸਟੇਟ ਸ਼ੇਅਰ ਅਤੇ ਮੁਲਾਜ਼ਮ ਦਾ ਸ਼ੇਅਰ ਤਹਿਤ ਕਾਰਪੋਰੇਟ ਸੈਕਟਰ ਦੇ ਹਵਾਲੇ ਕੀਤੀ ਜਾ ਰਹੀ ਕਰੋੜਾਂ ਅਰਬਾਂ ਰੁਪਏ ਦੀ ਰਕਮ ਪਹਿਲਾਂ ਵਾਂਗ ਜਾਰੀ ਰੱਖ ਕੇ ਇਸ ਸੈਕਟਰ ਦਾ ਪੱਖ ਪੂਰਿਆ ਗਿਆ ਹੈ। ਇਸ ਬਜਟ 'ਚ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਪੈਟਰੋਲ , ਡੀਜ਼ਲ , ਗੈਸ ਸਿਲੰਡਰ ਅਤੇ ਰਸੋਈ 'ਚ ਕੰਮ ਆਉਣ ਵਾਲੀਆਂ ਨਿੱਤ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ 'ਚ ਕੋਈ ਰਾਹਤ ਨਾ ਦੇਣਾ ਵੀ ਲੋਕ ਵਿਰੋਧੀ ਕਦਮ ਹਨ । ਨੌਜਵਾਨਾਂ ਲਈ ਪੱਕੇ ਰੋਜ਼ਗਾਰ ਦਾ ਪ੍ਰਬੰਧ ਕਰਨ ਸੰਬੰਧੀ ਵੀ ਵਿੱਤ ਮੰਤਰੀ ਨੇ ਆਪਣੀ ਖਾਮੋਸ਼ੀ ਜਾਰੀ ਰੱਖੀ ਹੈ ।

ਮਜ਼ਦੂਰਾਂ ਨੂੰ ਜ਼ਮੀਨ ਮਾਲਕੀ ਦਾ ਹੱਕ ਦੇਵੇ ਸਰਕਾਰ : ਗੋਬਿੰਦ ਛਾਜਲੀ

ਲਹਿਰਾਗਾਗਾ (ਸਿੰਗਲਾ) ਮਜ਼ਦੂਰ ਮੁਕਤੀ ਮੋਰਚਾ ਵੱਲੋਂ ਪਿੰਡ ਖੋਖਰ ਕਲਾਂ ਵਿਖੇ ਮਜ਼ਦੂਰਾਂ ਦੇ ਪੁਰਾਣੇ ਬਜ਼ੁਰਗਾਂ ਦੇ ਨਾਂਅ 'ਤੇ ਅਤੇ ਪਿੰਡ ਕਾਲਬੰਜਾਰਾ ਵਿਖੇ ਖਰੀਦ ਕੀਤੇ ਗਏ ਪਲਾਟਾਂ ਦੀ ਮਾਲਕੀ ਦਾ ਹੱਕ ਲੈਣ ਅਤੇ ਧਨਾਢ ਅਤੇ ਮੌਜੂਦਾ ਪੰਚਾਇਤ ਵੱਲੋਂ ਮਜ਼ਦੂਰਾਂ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਕਾਨੂੰਨੀ ਕਾਰਵਾਈ ਕਰਾਉਣ ਦੀ ਮੰਗ ਨੂੰ ਲੈ ਕੇ ਉਪ ਮੰਡਲ ਮੈਜਿਸਟ੍ਰੇਟ ਦੇ ਦਫਤਰ ਅੱਗੇ ਧਰਨਾ ਦਿੰਦਿਆਂ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਵੀ ਸੌਂਪਿਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਆਗੂ ਗੋਬਿੰਦ ਸਿੰਘ ਛਾਜਲੀ, ਹਰਬੰਸ ਸਿੰਘ, ਤਰਸੇਮ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਹਰ ਸਰਕਾਰ ਵੱਲੋਂ ਮਜ਼ਦੂਰ ਨਾਲ ਹਮੇਸ਼ਾ ਪੱਖਪਾਤ ਕੀਤਾ ਜਾਂਦਾ ਰਿਹਾ, ਜੋ ਹੁਣ ਬਰਦਾਸਤ ਤੋਂ ਬਾਹਰ ਹੈ। ਉਨ੍ਹਾਂ ਮੰਗ ਕੀਤੀ ਕਿ 1960 ਵਿਚ ਕੱਟੇ ਪਲਾਟਾਂ ਦੀ ਮਾਲਕੀ ਦਾ ਹੱਕ ਦਿੱਤਾ ਜਾਵੇ। ਪਿੰਡ ਖੋਖਰ ਕਲਾਂ ਤੇ ਕਾਲਬੰਜਾਰਾ ਵਿੱਚ ਖਰੀਦੇ ਪਲਾਟਾਂ ਨੂੰ ਸੰਬੰਧਤ ਮਜ਼ਦੂਰ ਪਰਵਾਰਾਂ ਦੇ ਨਾਂਅ ਕੀਤਾ ਜਾਵੇ ਅਤੇ ਮਜ਼ਦੂਰਾਂ ਦਾ ਜਿਸ ਥਾਂ 'ਤੇ ਲੰਮੇ ਸਮੇਂ ਤੋਂ ਕਬਜ਼ਾ ਹੈ ਤੇ ਜ਼ਮੀਨ ਪੁਰਾਣੇ ਬਜ਼ੁਰਗਾਂ ਦੇ ਨਾਂਅ 'ਤੇ ਹੈ, ਪਰ ਪੰਚਾਇਤ ਅਤੇ ਧਨਾਢ ਲੋਕ ਜਾਤ ਪ੍ਰਤੀ ਮਾੜੇ ਸ਼ਬਦ ਬੋਲ ਕੇ ਜ਼ਮੀਨ ਖੋਹਣ ਦੀਆਂ ਚਾਲਾਂ ਚੱਲ ਰਹੇ ਹਨ, ਜਿਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮਜ਼ਦੂਰਾਂ ਦੀਆਂ ਮੰਗਾਂ ਨੂੰ ਨਾ ਮੰਨਿਆ ਤਾਂ ਵੱਡੇ ਪੱਧਰ 'ਤੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਸੂਬਾ ਜਥੇਬੰਦੀ ਦੇ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮਜ਼ਦੂਰ ਹਾਜ਼ਰ ਸਨ।

ਭੁਟਾਲ ਕਲਾਂ ਵਿਖੇ 'ਆਪ' ਮਹਿਲਾ ਮੰਡਲ ਦਾ ਹੋਇਆ ਗਠਨ

ਲਹਿਰਾਗਾਗਾ (ਸਿੰਗਲਾ) ਹਲਕਾ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਵੱਲੋਂ ਹਲਕੇ ਅੰਦਰ ਪਾਰਟੀ ਦੀ ਮਜ਼ਬੂਤੀ ਲਈ ਪਿੰਡ ਪੱਧਰ 'ਤੇ ਮਹਿਲਾ ਮੰਡਲ ਬਣਾਉਣ ਦੀ ਚਲਾਈ ਮੁਹਿੰਮ ਤਹਿਤ ਪਾਰਟੀ ਦੇ ਸੀਨੀਅਰ ਆਗੂ ਸ੍ਰੀਮਤੀ ਕਾਂਤਾ ਗੋਇਲ ਦੀ ਪ੍ਰੇਰਨਾ ਸਦਕਾ ਪਿੰਡ ਭੁਟਾਲ ਕਲਾਂ ਦੀਆਂ ਸੈਂਕੜੇ ਮਹਿਲਾਵਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਦਿਆਂ 'ਆਪ' ਮਹਿਲਾ ਮੰਡਲ ਦਾ ਗਠਨ ਕੀਤਾ। ਵਿਧਾਇਕ ਗੋਇਲ ਵੱਲੋਂ ਪਾਰਟੀ ਨਿਸ਼ਾਨ ਦੇ ਸਿਰੋਪੇ ਪਾ ਕੇ ਪਾਰਟੀ 'ਚ ਸ਼ਾਮਲ ਔਰਤਾਂ ਦਾ ਸਨਮਾਨ ਕਰਦਿਆਂ ਕਿਹਾ ਕਿ ਪਾਰਟੀ ਅੰਦਰ ਹਰ ਛੋਟੇ ਅਤੇ ਵੱਡੇ ਵਰਕਰ ਨੂੰ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ ਅਤੇ ਕਿਸੇ ਵੀ ਵਿਭਾਗ ਵਿੱਚ ਜਾਇਜ਼ ਕੰਮਾਂ ਲਈ ਕੋਈ ਖੱਜਲ-ਖੁਆਰੀ ਨਹੀਂ ਹੋਵੇਗੀ। ਸ੍ਰੀ ਗੋਇਲ ਨੇ ਔਰਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਜਲਦੀ ਹੀ ਇਕ ਹਜ਼ਾਰ ਰੁਪਏ ਮਹੀਨਾ ਔਰਤਾਂ ਨੂੰ ਦਿੱਤੇ ਜਾਣਗੇ। ਸ੍ਰੀ ਗੋਇਲ ਨੇ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਤੋਂ ਹਰ ਵਰਗ ਖੁਸ਼ ਹੈ, ਜਿਸਦੇ ਚੱਲਦੇ ਮਹਿਲਾਵਾਂ ਦੇ ਨਾਲ-ਨਾਲ ਹੋਰ ਵਿਅਕਤੀ ਵੱਖੋ-ਵੱਖ ਪਾਰਟੀਆਂ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ, ਕਿਉਂਕਿ ਪੰਜਾਬ ਸਰਕਾਰ ਲੋਕਾਂ ਦੀ ਆਪਣੀ ਸਰਕਾਰ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਹਰ ਪਿੰਡ ਵਿੱਚ 'ਆਪ' ਮਹਿਲਾ ਮੰਡਲ ਦਾ ਗਠਨ ਕੀਤਾ ਜਾਵੇਗਾ।

ਇਸ ਮੌਕੇ ਸੀਨੀਅਰ ਆਗੂ ਸ੍ਰੀਮਤੀ ਕਾਂਤਾ ਗੋਇਲ ,ਓ ਐਸ ਡੀ ਰਕੇਸ਼ ਕੁਮਾਰ ਗੁਪਤਾ ਵਿੱਕੀ, ਜ਼ਿਲ੍ਹਾ ਸੰਗਰੂਰ ਦੇ ਸੋਸ਼ਲ ਮੀਡੀਆ ਇੰਚਾਰਜ ਸੀਸਪਾਲ ਅਨੰਦ, ਸੀਨੀਅਰ ਆਗੂ ਨੰਦ ਲਾਲ ਨੰਦੂ, ਬਾਬੂ ਸਿੰਘ, ਗਰਮੀਤ ਸਿੰਘ, ਮੰਗੂ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਹਾਜ਼ਰ ਸਨ।

ਜ਼ਮੀਨ ਬਚਾਓ ਕਿਸਾਨ ਮੋਰਚਾ ਵੱਲੋਂ ਫ਼ਿਰੋਜ਼ਪੁਰ-ਫ਼ਾਜ਼ਿਲਕਾ ਰੋਡ 2 ਘੰਟੇ ਜਾਮ ਕਰਨ ਦੀ ਚੇਤਾਵਨੀ

ਜਲਾਲਾਬਾਦ (ਜੀਤ ਕੁਮਾਰ) ਪਿੰਡ ਬੱਘੇ ਕੇ ਹਿਠਾੜ ਤੇ ਢਾਣੀ ਪੰਜਾਬਪੁਰਾ ਦੀ 309 ਏਕੜ ਜ਼ਮੀਨ ਮੌਜੂਦਾ ਸਮੇਂ ਦੀ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਕਿਸਾਨਾਂ ਤੋਂ ਖੋਹਣਾ ਚਾਹੁੰਦਾ ਹੈ, ਜਿਹੜੇ ਦੇਸ ਦੀ ਵੰਡ ਸਮੇਂ ਤੋਂ ਬੇਅਬਾਦ ਪਈ ਜ਼ਮੀਨ ਨੂੰ ਅਬਾਦ ਕਰਕੇ ਪਿਛਲੇ ਲਗਭਗ 70 ਸਾਲ ਤੋਂ ਇਸ ਜ਼ਮੀਨ 'ਤੇ ਕਾਬਜ਼ ਹਨ। ਇਸ ਜ਼ਮੀਨ ਵਿੱਚ 2 ਪਿੰਡਾਂ ਦੇ ਲਗਭਗ 400 ਪਰਵਾਰ ਆਪਣਾ ਗੁਜ਼ਾਰਾ ਕਰ ਰਹੇ ਹਨ ਅਤੇ ਜੋ ਢਾਣੀ ਪੰਜਾਬਪੁਰਾ ਵਿੱਚ 250 ਪਰਵਾਰ ਆਪਣੀਆ ਜ਼ਮੀਨਾਂ ਵਿੱਚ ਰਿਹਾਇਸ਼ ਕਰਕੇ ਢਾਣੀਆਂ ਬਣਾ ਕੇ ਬੈਠੇ ਹਨ। ਇਹ ਜ਼ਮੀਨ ਭਾਰਤ-ਪਾਕਿਸਤਾਨ ਦੀ ਵੰਡ ਸਮੇਂ ਉੱਜੜ ਕੇ ਆਏ ਪਰਵਾਰ ਇਸ ਜਗ੍ਹਾ 'ਤੇ ਵਸੇ ਹਨ। ਪਿੰਡ ਵਾਸੀਆਂ ਨੂੰ ਇਹ ਜ਼ਮੀਨ ਨੂੰ ਉਪਜਾਊ ਕਰਨ ਲਈ ਕਾਫੀ ਲੰਮਾ ਸਮਾਂ ਲੱਗਾ। ਇਸ ਜ਼ਮੀਨ 'ਤੇ ਟੋਏ ਟਿੱਬੇ ਤੇ ਵੱਡੇ ਝੱਲ ਬੂਟੇ ਸਨ। ਇਸ ਦੇ ਮਾਲਕੀ ਹੱਕ ਲੈਣ ਲਈ ਇਹ ਧਰਨਾ ਲਗਾਤਾਰ ਅਣਮਿੱਥੇ ਸਮੇਂ ਲਈ ਪਿਛਲੇ 37 ਦਿਨਾਂ ਵਿੱਚ ਦਾਖਲ ਹੋਇਆ ਹੈ। ਜ਼ਮੀਨ ਬਚਾਓ ਸੰਘਰਸ਼ ਕਮੇਟੀ ਪਿੰਡ ਬੱਘੇ ਕੇ ਹਿਠਾੜ ਤੇ ਸੰਘਰਸ਼ਸ਼ੀਲ ਜਥੇਬੰਦੀਆਂ ਵੱਲੋਂ 13 ਫਰਵਰੀ 2023 ਫ਼ਿਰੋਜ਼ਪੁਰ-ਫ਼ਾਜ਼ਿਲਕਾ ਹਾਈਵੇ ਰੋਡ ਬੰਦ ਕਰਕੇ ਪੰਜਾਬ ਸਰਕਾਰ ਖਿਲਾਫ਼ ਰੋਸ ਮੁਜ਼ਾਹਰਾ ਕਰਨਗੇ।

ਧਰਨੇ ਨੂੰ ਕਾਮਰੇਡ ਸੁਰਿੰਦਰ ਢੰਡੀਆ ਕੁੱਲ ਹਿੰਦ ਕਿਸਾਨ ਸਭਾ, ਰੇਸ਼ਮ ਮਿੱਡਾ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਡਾ. ਸੁਖਚੈਨ ਸਿੰਘ ਕਿਰਤੀ ਕਿਸਾਨ ਯੂਨੀਅਨ, ਸਤਪਾਲ ਸਿੰਘ ਭੋਡਈਪੁਰ ਤੇ ਸੰਘਰਸ਼ ਕਮੇਟੀ ਮੈਂਬਰ ਕਰਨੈਲ ਬੱਘੇ ਕੇ ਨੇ ਸੰਬੋਧਨ ਕੀਤਾ।

ਸਟੇਜ ਦੀ ਕਾਰਵਾਈ ਸੈਕਟਰੀ ਵਰਿੰਦਰ ਸਿੰਘ ਨੇ ਨਿਭਾਈ। ਧਰਨੇ ਵਿੱਚ ਸੁਰਜੀਤ ਸਿੰਘ, ਮੰਗਤ ਸਿੰਘ, ਪ੍ਰਕਾਸ਼ ਸਿੰਘ, ਸ਼ਿੰਗਾਰਾ ਸਿੰਘ, ਸਰਪੰਚ ਕੁਲਦੀਪ ਸਿੰਘ, ਸੰਦੀਪ ਸਿੰਘ, ਦਲਜੀਤ ਸਿੰਘ, ਬਲਵੀਰ ਸਿੰਘ ਤੇ ਵੱਡੀ ਗਿਣਤੀ ਭੈਣਾਂ ਸਮੇਤ ਲੋਕ ਹਾਜ਼ਰ ਸਨ।

ਕਿਰਤੀ ਕਿਸਾਨ ਯੂਨੀਅਨ ਦੇ ਅਜਲਾਸ ਉਪਰੰਤ ਚੁਣੀ ਗਈ ਬਲਾਕ ਕਮੇਟੀ

ਬਾਘਾ ਪੁਰਾਣਾ (ਮਨੀ ਸਿੰਗਲਾ) ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਬਾਘਾਪੁਰਾਣਾ ਦਾ ਚੋਣ ਇਜਲਾਸ ਪਿੰਡ ਛੋਟਾ ਘਰ ਵਿਖੇ ਕੀਤਾ ਗਿਆ। ਚੋਣ ਇਜਲਾਸ ਤੋਂ ਪਹਿਲਾਂ ਝੰਡੇ ਦੀ ਰਸਮ ਕੀਤੀ ਗਈ 2 ਮਿੰਟ ਵਾਸਤੇ ਮੌਨ ਧਾਰਿਆ ਗਿਆ। ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਦਿੱਤੀ ਗਈ ਉਪਰੰਤ ਭਰਾਤਰੀ ਜਥੇਬੰਦੀਆਂ ਤੋਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਮੰਗਾਂ ਸਿੰਘ ਵੈਰੋਕੇ ਪੰਜਾਬ ਸਟੂਡੈਂਟ ਯੂਨੀਅਨ ਦੇ ਜ਼ਿਲ੍ਹਾ ਆਗੂ ਜਸਪ੍ਰੀਤ ਸਿੰਘ ਰਾਜੇਆਣਾ ਨੇ 5-5 ਮਿੰਟ ਦਾ ਇਜਲਾਸ ਸਬੰਧੀ ਸੰਦੇਸ਼ ਦਿੱਤਾ ਗਿਆ। ਉਸ ਤੋਂ ਬਾਅਦ ਇਜਲਾਸ ਸਬੰਧੀ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪੰਜਾਬ ਦੇ ਪਾਣੀਆਂ ਸਬੰਧੀ ਹਰੇ ਇਨਕਲਾਬ ਦੇ ਖੇਤੀ ਮਾਡਲ ਨੂੰ ਬਦਲ ਕੇ ਕੁਦਰਤ ਪੱਖੀ, ਕਿਸਾਨ ਪੱਖੀ ਵਾਤਾਵਰਣ ਪੱਖੀ ਖੇਤੀ ਮਾਡਲ ਲਿਆਉਣ ਵਾਸਤੇ ਆਉਣ ਵਾਲੇ ਸਮੇਂ ਵਿੱਚ ਵੱਡੇ ਸੰਘਰਸ਼ ਲੜਨੇ ਪੈਣਗੇ, ਉਸ ਵਾਸਤੇ ਤਿਆਰ ਰਹਿਣ ਦੀ ਜ਼ਰੂਰਤ ਹੈ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ ਨੇ ਵੀ ਸਟੇਜ ਸੰਬੋਧਨ ਕੀਤਾ। ਇਸ ਮੌਕੇ ਪਿਛਲੇ ਸਮੇਂ ਦੌਰਾਨ ਬਲਾਕ ਦੀਆਂ ਗਤੀਵਿਧੀਆਂ ਬਲਾਕ ਦੀ ਸਥਿਤੀ ਸਬੰਧੀ ਤਿਆਰ ਕੀਤੀ ਰਿਪੋਰਟ ਸਟੇਟ 'ਤੇ ਪੜ੍ਹ ਕੇ ਸੁਣਾਈ ਗਈ ਤੇ ਇਸ ਵਿਚਾਰ ਚਰਚਾ ਕੀਤੀ ਗਈ। ਐਲਾਨਨਾਮਾ ਤੇ ਵਿਧਾਨ 'ਤੇ ਵਿਚਾਰ ਚਰਚਾ ਕੀਤੀ। ਪੁਰਾਣੀ ਬਲਾਕ ਕਮੇਟੀ ਭੰਗ ਕਰਨ ਉਪਰੰਤ ਬਲਾਕ ਦੀ ਨਵੀਂ 15 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਇਹ ਚੋਣ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਜ਼ਿਲ੍ਹਾ ਮੀਤ ਪ੍ਰਧਾਨ ਚਮਕੌਰ ਸਿੰਘ ਰੋਡੇ, ਔਰਤ ਵਿੰਗ ਦੇ ਜ਼ਿਲ੍ਹਾ ਆਗੂ ਛਿੰਦਰਪਾਲ ਕੌਰ ਰੋਡੇ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਬਲਾਕ ਪ੍ਰਧਾਨ ਅਜਮੇਰ ਸਿੰਘ ਛੋਟਾ ਘਰ, ਮੀਤ ਪ੍ਰਧਾਨ ਮੋਹਲਾ ਸਿੰਘ ਰੋਡੇ, ਬਲਾਕ ਸਕੱਤਰ ਸਰਵਣ ਸਿੰਘ ਲੰਡੇ, ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ, ਖ਼ਜ਼ਾਨਚੀ ਜਗਵਿੰਦਰ ਕੌਰ ਰਾਜੇਆਣਾ ਦੀ ਬਲਾਕ ਦੇ ਅਹੁੱਦੇਦਾਰਾਂ ਵਜੋਂ ਚੋਣ ਕੀਤੀ ਗਈ। ਇਸੇ ਤਰ੍ਹਾਂ ਬਲਵਿੰਦਰ ਸਿੰਘ ਛੋਟਾ ਘਰ, ਗੁਰਮੋਹਨ ਸਿੰਘ ਰੋਡੇ, ਨਿਰਮਲ ਸਿੰਘ ਨੱਥੂਵਾਲਾ ਗਰਬੀ, ਗੁਰਪ੍ਰੀਤ ਸਿੰਘ ਵੈਰੋਕੇ, ਰਾਜਿੰਦਰ ਸਿੰਘ ਵੈਰੋਕੇ, ਬਲਕਰਨ ਸਿੰਘ ਵੈਰੋਕੇ, ਅਮਰਜੀਤ ਸਿੰਘ ਹਰੀਏਵਾਲਾ, ਪਰਮਜੀਤ ਸਿੰਘ ਕੋਟਲਾ ਮਿਹਰ ਸਿੰਘ ਵਾਲਾ, ਜਸਵੀਰ ਸਿੰਘ ਮਾਹਲਾਂ ਕਲਾਂ, ਗੁਰਸੇਵਕ ਸਿੰਘ ਭਲੂਰ ਦੀ ਬਲਾਕ ਕਮੇਟੀ ਦੇ ਮੈਂਬਰਾਂ ਵਜੋਂ ਚੋਣ ਕੀਤੀ ਗਈ।

ਸਟੇਜ ਸੰਚਾਲਨ ਦੀ ਭੂਮਿਕਾ ਜਸਮੇਲ ਸਿੰਘ ਰਾਜਿਆਣਾ ਨੇ ਵਧੀਆ ਤਰੀਕੇ ਨਾਲ ਨਿਭਾਈ। ਇਜਲਾਸ ਦੀ ਅਖੀਰ ਵਿੱਚ ਬਲਾਕ ਕਮੇਟੀ ਦੇ ਨਵੇਂ ਚੁਣੇ ਗਏ ਪ੍ਰਧਾਨ ਅਜਮੇਰ ਸਿੰਘ ਛੋਟਾਘਰ ਨੇ ਸੰਬੋਧਨ ਕੀਤਾ ਤੇ ਬਲਾਕ ਖ਼ਜ਼ਾਨਚੀ ਜਗਵਿੰਦਰ ਕੌਰ ਰਾਜਿਆਣਾ ਵੱਲੋਂ ਇਜਲਾਸ ਵਿੱਚ ਹਾਜ਼ਰ ਹੋਏ ਕਾਰਕੁੰਨਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਜਲਾਸ ਜਾਣਕਾਰੀ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਦਿੱਤੀ।

ਰਾਸ਼ਟਰੀ ਬਾਲੜੀ ਦਿਵਸ 'ਤੇ ਵਿਚਾਰ-ਗੋਸ਼ਟੀ

ਮੋਗਾ (ਅਮਰਜੀਤ ਬੱਬਰੀ) ਆਈ.ਐਸ.ਐਫ਼. ਕਾਲਜ ਆਫ਼ ਫਾਰਮੇਸੀ ਵਿਖੇ ਅੰਤਰਰਾਸ਼ਟਰੀ ਬਾਲੜੀ ਦਿਵਸ ਤੇ ਵਿਚਾਰ ਗੋਸ਼ਠੀ ਦਾ ਆਯੋਜਨ ਕੀਤਾ ਗਿਆ। ਗੋਸ਼ਠੀ ਨੂੰ ਸੰਬੋਧਨ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ.ਜੀ.ਡੀ.ਗੁਪਤਾ ਨੇ ਦੱਸਿਆ ਕਿ ਵਿਦਿਆਰਥਣਾਂ ਨੇ ਆਪਣੇ ਵਿਚਾਰ ਗੋਸ਼ਠੀ ਵਿੱਚ ਰੱਖੇ ਤੇ ਭਾਰਤ ਸਰਕਾਰ ਵੱਲੋਂ ਬਾਲੜੀਆਂ ਦੇ ਵਿਕਾਸ ਦੇ ਨਾਲ-ਨਾਲ ਸਿੱਖਿਆ, ਸਿਹਤ, ਸੁਰੱਖਿਆ ਆਦਿ ਤੇ ਕਈ ਨਿਯਮ ਬਣਾਏ ਗਏ ਹਨ, ਸਬੰਧੀ ਵਿਸਥਾਰ ਸਹਿਤ ਜਾਣਕਾਰੀ ਵਿਦਿਆਰਥਣਾਂ ਨੂੰ ਦਿੱਤੀ ਗਈ।

ਸੰਸਥਾ ਦੇ ਵਾਈਸ ਪ੍ਰਿੰਸੀਪਲ ਡਾ. ਆਰ.ਕੇ.ਨਾਰੰਗ ਨੇ ਵਿਚਾਰ ਗੋਸ਼ਟੀ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਸਟੇਜ ਦਾ ਸੰਚਾਲਨ ਕੁਮਾਰੀ ਕਾਜਲ, ਕਰਿਸ਼ਮਾ ਅਗਰਵਾਲ, ਸਾਕਸ਼ੀ ਗੁਪਤਾ ਨੇ ਕੀਤਾ। ਇਸ ਮੌਕੇ ਸੰਸਥਾ ਦਾ ਸਟਾਫ਼ ਤੇ ਵਿਦਿਆਰਥੀ ਹਾਜ਼ਰ ਸਨ।

...ਸ.ਫ਼ਾ 1 ਦੇ ਬਾਕੀ

ਬਜਟ 'ਚ ਕਿਸਾਨਾਂ...

ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਬੱਜਟ ਦੀ ਆਲੋਚਨਾ ਕੀਤੀ ਹੈ ਤੇ ਇਸ ਨੂੰ ਗਰੀਬ ਤੇ ਮੱਧ ਵਰਗ ਵਿਰੋਧੀ ਕਰਾਰ ਦਿੱਤਾ ਹੈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬੱਜਟ ਦੀ ਨਿੰਦਾ ਕਰਦਿਆਂ ਟਵੀਟ ਕੀਤਾ ਕਿ ਇਸ ਬੱਜਟ 'ਚ ਮਹਿੰਗਾਈ ਤੋਂ ਕੋਈ ਰਾਹਤ ਨਹੀਂ ਹੈ। ਇਸ ਦੇ ਉਲਟ ਇਹ ਬੱਜਟ ਮਹਿੰਗਾਈ ਵਧਾਏਗਾ।

ਉਨ੍ਹਾ ਕਿਹਾ ਕਿ ਬੇਰੁਜ਼ਗਾਰੀ ਦੂਰ ਕਰਨ ਲਈ ਕੋਈ ਠੋਸ ਯੋਜਨਾ ਨਹੀਂ ਹੈ। ਸਿੱਖਿਆ ਬੱਜਟ 2.64 ਫੀਸਦੀ ਤੋਂ ਘਟਾ ਕੇ 2.5 ਫੀਸਦ ਕਰਨਾ ਮੰਦਭਾਗਾ ਹੈ। ਸਿਹਤ ਬਜਟ ਨੂੰ 2.2 ਫੀਸਦੀ ਤੋਂ ਘਟਾ ਕੇ 1.98 ਫੀਸਦੀ ਕਰਨਾ ਨੁਕਸਾਨਦੇਹ ਹੈ। ਉਨ੍ਹਾ ਕੇਂਦਰ ਸਰਕਾਰ ਉਪਰ ਦਿੱਲੀ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦਾ ਦੋਸ਼ ਲਾਉਂਦਿਆਂ ਕਿਹਾ—ਦਿੱਲੀ ਦੇ ਲੋਕਾਂ ਨਾਲ ਫਿਰ ਤੋਂ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ ਹੈ। ਦਿੱਲੀ ਦੇ ਲੋਕਾਂ ਨੇ ਪਿਛਲੇ ਸਾਲ 1.75 ਲੱਖ ਕਰੋੜ ਤੋਂ ਵੱਧ ਇਨਕਮ ਟੈਕਸ ਅਦਾ ਕੀਤਾ ਹੈ। ਉਸ ਵਿੱਚੋਂ ਸਿਰਫ 325 ਕਰੋੜ ਰੁਪਏ ਦਿੱਲੀ ਦੇ ਵਿਕਾਸ ਲਈ ਦਿੱਤੇ ਗਏ ਹਨ। ਇਹ ਦਿੱਲੀ ਦੇ ਲੋਕਾਂ ਨਾਲ ਘੋਰ ਬੇਇਨਸਾਫੀ ਹੈ।

ਬਜਟ 'ਚ ਪੰਜਾਬ...

ਬਦਲਾ ਲਿਆ ਗਿਆ ਹੈ। ਮਾਨ ਨੇ ਪੰਜਾਬ ਸਰਕਾਰ ਨੇ ਕੇਂਦਰੀ ਵਿੱਤ ਮੰਤਰੀ ਤੋਂ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਲਈ 2500 ਕਰੋੜ ਰੁਪਏ ਦੇ ਵਿਸ਼ੇਸ਼ ਉਦਯੋਗਿਕ ਪੈਕੇਜ ਦੀ ਮੰਗ ਕੀਤੀ ਸੀ। ਪੰਜਾਬ ਦੀ ਸਰਹੱਦੀ ਪੱਟੀ 'ਚ ਅੰਮ੍ਰਿਤਸਰ, ਪਠਾਨਕੋਟ, ਗੁਰਦਾਸਪੁਰ, ਤਰਨ ਤਾਰਨ, ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲ੍ਹੇ ਸ਼ਾਮਲ ਹਨ, ਪਰ ਪੰਜਾਬ ਜਾਂ ਸਰਹੱਦੀ ਪੱਟੀ ਲਈ ਬਜਟ 'ਚ ਕੁਝ ਨਹੀਂ ਰੱਖਿਆ ਗਿਆ।

ਮਾਤਾ ਜੋਗਿੰਦਰ ਕੌਰ...

ਕੁਸ਼ਲ ਭੌਰਾ, ਡਾ. ਇੰਦਰਵੀਰ ਸਿੰਘ, ਡਾ. ਮਨਿੰਦਰ ਸਿੰਘ ਧਾਲੀਵਾਲ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਜ਼ਿਲ੍ਹਾ ਪਲੈਨਿੰਗ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ, ਨਗਰ ਸੁਧਾਰ ਟਰੱਸਟ ਨਾਭਾ ਦੇ ਨਵ-ਨਿਯੁਕਤ ਚੇਅਰਮੈਨ ਸੁਰਿੰਦਰਪਾਲ ਸ਼ਰਮਾ, ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਪ੍ਰੋ. ਬਾਵਾ ਸਿੰਘ ਤੇ ਸਿੱਖਿਆ ਸ਼ਾਸਤਰੀ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਬੀਬੀ ਜੋਗਿੰਦਰ ਕੌਰ ਨੇ ਪਹਿਲਾਂ ਆਪਣੇ ਪਤੀ ਮਰਹੂਮ ਕਾਮਰੇਡ ਨਛੱਤਰ ਸਿੰਘ ਨਾਲ ਵਕਤ ਕੱਢਦਿਆਂ ਹੱਡ-ਭੰਨਵੀਂ ਮਿਹਨਤ ਕਰਦਿਆਂ ਪਰਵਾਰ ਨੂੰ ਪਾਲਿਆ ਤੇ ਮਿਹਨਤ ਦੀ ਕਮਾਈ ਕਰਕੇ ਸਾਰਿਆਂ ਨੂੰ ਪੜ੍ਹਾਇਆ। ਪੜ੍ਹਾਈ ਕਰਵਾਉਣ ਤੋਂ ਬਾਅਦ ਲੋਕ ਆਪਣੇ ਬੱਚਿਆਂ ਤੋਂ ਨੌਕਰੀ ਦੀ ਤਵੱਕੋ ਕਰਦੇ ਹਨ, ਪਰ ਬੀਬੀ ਜੋਗਿੰਦਰ ਕੌਰ ਨੇ ਮਰਹੂਮ ਕਾਮਰੇਡ ਨਛੱਤਰ ਸਿੰਘ ਦੇ ਕਹਿਣ 'ਤੇ ਆਪਣੇ ਪੜ੍ਹੇ-ਲਿਖੇ ਪੁੱਤਰ ਕਸ਼ਮੀਰ ਸਿੰਘ ਗਦਾਈਆ ਨੂੰ ਔਖਿਆਂ ਸਮਿਆਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੇ ਹਵਾਲੇ ਕਰ ਦਿੱਤਾ। ਮਾਤਾ ਜੋਗਿੰਦਰ ਕੌਰ ਨੇ ਆਪਣੇ ਸਮਿਆਂ ਵਿੱਚ ਵੀ ਆਪਣੇ ਪਤੀ ਤੇ ਪੁੱਤਰ ਦਾ ਸਾਥ ਦਿੱਤਾ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਅੱਜ ਸਾਡਾ ਮੁਲਕ ਅਨੇਕਾਂ ਮੁਸ਼ਕਲਾਂ ਨਾਲ ਜੂਝ ਰਿਹਾ ਹੈ, ਇਸ ਲਈ ਇਹੋ ਜਿਹੇ ਪ੍ਰਤੀਬੱਧ ਪਰਵਾਰ ਤੇ ਮਾਤਾ ਜੋਗਿੰਦਰ ਕੌਰ ਜਿਹੀਆਂ ਪ੍ਰਤੀਬੱਧ ਔਰਤਾਂ ਦੀ ਵਧੇਰੇ ਜ਼ਰੂਰਤ ਹੈ। ਇਸ ਮੌਕੇ ਪੰਜਾਬ ਇਸਤਰੀ ਸਭਾ ਦੀ ਆਗੂ ਰਵਿੰਦਰਜੀਤ ਕੌਰ, ਹਰਚਰਨਜੀਤ ਕੌਰ, ਇਸਤਰੀ ਜਾਗ੍ਰਿਤੀ ਮੰਚ ਪੰਜਾਬ ਦੇ ਆਗੂ ਅਮਨਦੀਪ ਕੌਰ ਦਿਉਲ, ਸੀ ਪੀ ਆਈ ਐੱਮ ਦੇ ਆਗੂ ਨਛੱਤਰ ਸਿੰਘ ਗੁਰਦਿੱਤਪੁਰਾ, ਗੁਰਮੀਤ ਸਿੰਘ ਛੱਜੂ ਭੱਟ, ਸੀ ਪੀ ਆਈ ਨਾਭਾ ਤਹਿਸੀਲ ਦੇ ਸਕੱਤਰ ਬਲਦੇਵ ਸਿੰਘ ਬਾਬਰਪੁਰ, ਨਰੇਗਾ ਕਾਮਿਆ ਦੇ ਸੂਬਾਈ ਸਕੱਤਰ ਜਗਸੀਰ ਸਿੰਘ ਖੋਸਾ, ਬੋਹੜ ਸਿੰਘ ਸੁਖਨਾ, ਗੁਰਦਿੱਤ ਸਿੰਘ ਦੀਨਾ, ਕਰਮਵੀਰ ਕੌਰ ਬੱਧਨੀ, ਮੁਹੰਮਦ ਖਲੀਲ, ਖੇਤ ਮਜ਼ਦੂਰ ਸਭਾ ਦੇ ਆਗੂ ਸੁਰਿੰਦਰ ਸਿੰਘ ਭੈਣੀ, ਗੁਰਦਿਆਲ ਸਿੰਘ ਨਿਰਮਾਣ, ਨੀਲੇ ਖਾਨ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਗੁਰਵਿੰਦਰ ਸਿੰਘ ਬੌੜਾ, ਧਰਮਵੀਰ ਸਿੰਘ ਹਰੀਗੜ੍ਹ, ਸੁਖਪਾਲ ਸਿੰਘ ਕਾਦਰਾਬਾਦ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਗੁਰਮੀਤ ਸਿੰਘ ਕਾਲਾਝਾੜ ਤੇ ਜਗਤਾਰ ਸਿੰਘ ਨੰਬਰਦਾਰ ਸਾਧੋਹੇੜੀ ਆਦਿ ਆਗੂ ਹਾਜ਼ਰ ਸਨ।

ਪੰਜਾਬੀ ਸਾਹਿਤ ਸਭਾ ਭਮੱਦੀ ਦੀ ਮਹੀਨਾਵਾਰ ਮੀਟਿੰਗ 'ਚ ਵਿਦਵਾਨਾਂ ਨੇ ਲਵਾਈ ਹਾਜ਼ਰੀ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ) ਪੰਜਾਬੀ ਸਾਹਿਤ ਸਭਾ ਭਮੱਦੀ ਦੀ ਮਹੀਨਾਵਾਰ ਮੀਟਿੰਗ ਪਿੰਡ ਭੁਮੱਦੀ ਵਿਖੇ ਸਭਾ ਦੇ ਪ੍ਰਧਾਨ ਪ੍ਰਗਟ ਸਿੰਘ ਭਮੱਦੀ ਦੀ ਪ੍ਰਧਾਨਗੀ ਹੇਠ ਹੋਈ। ਸਭਾ ਦੀ ਸ਼ੁਰੂਆਤ ਗੁਰਬਾਣੀ ਦੇ ਸ਼ਬਦ 'ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ।।' ਦੀ ਵਿਆਖਿਆ ਕੀਤੀ ਗਈ। ਉਸ ਉਪਰੰਤ ਸ਼ੋਕ ਮਤੇ 'ਚ ਗੀਤਕਾਰ ਸਵਰਨ ਸਿੰਘ ਸਿਵੀਆ, ਜੋ ਪਿਛਲੀ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ।

ਰਚਨਾਵਾਂ ਦੇ ਦੌਰ ਵਿੱਚ ਜਗਦੇਵ ਸਿੰਘ ਘੁੰਗਰਾਲੀ ਗੀਤ, ਸਨੇਹਇੰਦਰ ਸਿੰਘ ਮੀਲੂ ਲੇਖ, ਕਮਲਜੀਤ ਨੀਲੋਂ ਕਹਾਣੀ, ਹਰਬੰਸ ਸਿੰਘ ਸ਼ਾਨ ਬਗਲੀ ਵੱਲੋਂ ਗੀਤ, ਗੁਰੀ ਤੁਰਮਰੀ ਵੱਲੋਂ ਕਵਿਤਾ, ਕਰਮਜੀਤ ਢਿੱਲੋਂ ਕੋਰੜਾ ਛੰਦ, ਅਵਤਾਰ ਸਿੰਘ ਭਮੱਦੀ ਗੀਤ, ਜਗਦੀਪ ਸਿੰਘ ਬਗਲੀ ਕਲਾਂ ਲੋਕ ਤੱਥ, ਜੋਧ ਸਿੰਘ ਭੁਮੱਦੀ ਸ਼ੇਅਰ, ਗੀਤਕਾਰ ਬਾਵਾ ਹੋਲੀਆ ਗੀਤ, ਹਰਜੀਤ ਸਿੰਘ ਬੈਨੀਪਾਲ ਗ਼ਜ਼ਲ, ਸਭਾ ਦੇ ਪ੍ਰਧਾਨ ਪ੍ਰਗਟ ਸਿੰਘ ਭੁਮੱਦੀ ਵੱਲੋਂ ਪਿੰਡ ਭੁਮੱਦੀ ਉਪਰ ਲਿਖੀਆਂ ਗੀਤ, ਸੇਵਕ ਭਮੱਦੀ ਗੀਤ, ਕਿਰਨਦੀਪ ਸਿੰਘ ਕੁਲਾਰ ਗ਼ਜ਼ਲ, ਅਵਤਾਰ ਸਿੰਘ ਉਟਾਲਾ ਗੀਤ ਆਦਿ ਸਾਹਿਤਕਾਰਾਂ ਵੱਲੋਂ ਆਪਣੀਆਂ ਰਚਨਾਵਾਂ ਸੁਣਾਈਆਂ ਗਈਆਂ।

ਸਾਹਿਤ ਸਭਾ ਵਿੱਚ ਪੜ੍ਹੀਆਂ ਗਈਆਂ ਸਾਰੀਆਂ ਰਚਨਾਵਾਂ 'ਤੇ ਉਸਾਰੂ ਢੰਗ ਨਾਲ ਚਰਚਾ ਕੀਤੀ ਗਈ। ਇਸ ਸਭਾ ਵਿੱਚ ਪਿੰਡ ਦੇ ਪਤਵੰਤੇ ਬਲਦੇਵ ਸਿੰਘ, ਜਸਵੰਤ ਸਿੰਘ, ਰਾਜਵੀਰ ਸਿੰਘ ਲਿੱਬੜਾ ਆਦਿ ਨੇ ਵੀ ਚਰਚਾਵਾਂ ਵਿੱਚ ਭਾਗ ਲਿਆ। ਸਭਾ ਨਾਲ ਜੁੜੇ ਗੀਤਕਾਰ ਗਾਇਕ ਹੁਸਨ ਮੰਡੇਰ ਦਾ ਲਿਖਿਆ ਤੇ ਗਾਇਆ ਸਿੰਗਲ ਟਰੈਕ 'ਸੇਫਟੀ' ਸਭਾ ਵਿੱਚ ਰਿਲੀਜ਼ ਕੀਤਾ ਗਿਆ।

ਹੁਸਨ ਮੰਡੇਰ ਨਾਲ ਸਹਿ ਗਾਇਕਾ ਗੁਰਲੇਜ਼ ਅਖ਼ਤਰ ਨੇ ਗਾਇਆ ਹੈ। ਇਸ ਗੀਤ ਨੂੰ ਸੰਗੀਤਕ ਧੁਨਾਂ ਵਿੱਚ ਹਿੰਮਤ ਨੇ ਸ਼ਿੰਗਾਰਿਆ ਹੈ। ਸਭਾ ਦੀ ਕਾਰਵਾਈ ਸੁਖਵਿੰਦਰ ਸਿੰਘ ਭਾਦਲਾ ਨੇ ਬਾਖੂਬੀ ਨਿਭਾਈ। ਸਭਾ ਦੇ ਅੰਤ ਵਿੱਚ ਲਖਬੀਰ ਸਿੰਘ ਹੁੰਦਲ ਨੇ ਆਏ ਸਾਰੇ ਸਾਹਿਤਕਾਰਾਂ ਦਾ ਫੇਰ ਮਿਲਣ ਦੀ ਆਸ ਨਾਲ ਧੰਨਵਾਦ ਕੀਤਾ ਗਿਆ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

ਅੰਤਰਰਾਜੀ ਡਰੱਗ ਰੈਕੇਟ ਦਾ ਪਰਦਾ ਫਾਸ਼, ਪੰਜ ਕਿੱਲੋ ਅਫੀਮ ਸਮੇਤ ਤਿੰਨ ਗ੍ਰਿਫਤਾਰ

ਪਠਾਨਕੋਟ, (ਦਵਿੰਦਰ ਸਿੰਘ)

ਪੰਜਾਬ ਸੂਬੇ ਵਿੱਚੋਂ ਨਸ਼ਿਆਂ ਦੀ ਤਸਕਰੀ ਦਾ ਮੁਕੰਮਲ ਸਫਾਇਆ ਕਰਨ ਦੀ ਆਪਣੀ ਵਚਨਬੱਧਤਾ ਤਹਿਤ ਪਠਾਨਕੋਟ ਪੁਲਸ ਨੇ ਤਿੰਨ ਅੰਤਰਰਾਜੀ ਅਫੀਮ ਸਮੱਗਲਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਮੱਧ ਪ੍ਰਦੇਸ਼ ਤੋਂ ਲਿਆਂਦੀ ਗਈ 05 ਕਿਲੋ ਅਫੀਮ ਜ਼ਬਤ ਕੀਤੀ ਹੈ। ਤਿੰਨਾਂ ਮੁਲਜ਼ਮਾਂ ਦੀ ਪਛਾਣ ਗੁਰਦੱਤ ਸਿੰਘ, ਗੀਤੂ, ਨਰਵੇਲ ਸਿੰਘ ਅਤੇ ਕਸ਼ਮੀਰ ਸਿੰਘ ਵਾਸੀ ਸੈਚਾਂ, ਸੁਲਤਾਨਪੁਰ ਲੋਧੀ ਕਪੂਰਥਲਾ ਵਜੋਂ ਹੋਈ ਹੈ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਕਿ ਤਿੰਨ ਤਸਕਰ ਮੱਧ ਪ੍ਰਦੇਸ਼ ਤੋਂ ਅਫੀਮ ਲਿਆ ਕੇ ਪਠਾਨਕੋਟ ਦੇ ਸੁੰਦਰ ਚੱਕ ਮੋੜ ਨੇੜੇ ਆਪਣੇ ਗਾਹਕਾਂ ਨੂੰ ਵੇਚਣ ਦੀ ਕੋਸ਼ਿਸ਼ ਕਰ ਰਹੇ ਹਨ। ਤੁਰੰਤ ਕਾਰਵਾਈ ਕਰਦੇ ਹੋਏ ਉਪ ਪੁਲਸ ਕਪਤਾਨ ਰਵਿੰਦਰ ਕੁਮਾਰ ਰੂਬੀ ਦੀ ਨਿਗਰਾਨੀ ਹੇਠ ਸੀਆਈਏ ਪਠਾਨਕੋਟ ਦੇ ਇੰਚਾਰਜ ਸਬ-ਇੰਸਪੈਕਟਰ ਸੁਰਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਬਾਰੀਕੀ ਨਾਲ ਤਲਾਸ਼ੀ ਲਈ ਅਤੇ ਸਮੱਗਲਰਾਂ ਨੂੰ ਦਬੋਚ ਲਿਆ ਅਤੇ ਤਲਾਸ਼ੀ ਲੈਣ 'ਤੇ ਉਨ੍ਹਾਂ ਕੋਲੋਂ ਪੰਜ ਕਿਲੋ ਅਫੀਮ ਬਰਾਮਦ ਹੋਈ ਹੈ। ਐੱਸਐੱਸਪੀ ਨੇ ਦੱਸਿਆ ਕਿ ਫੜੇ ਗਏ ਸਮੱਗਲਰਾਂ ਦੇ ਖਿਲਾਫ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬਸਟੈਂਸ ਐਕਟ ਦੀ ਧਾਰਾ 18-61-85 ਤਹਿਤ ਮੁਕੱਦਮਾ ਥਾਣਾ ਸੁਜਾਨਪੁਰ, ਪਠਾਨਕੋਟ ਵਿਖੇ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਗੁਰਦੱਤ ਸਿੰਘ ਉਰਫ ਗੀਤੂ ਨਸ਼ੀਲੇ ਪਦਾਰਥਾਂ ਦੇ ਗੈਰ-ਕਾਨੂੰਨੀ ਕਾਰੋਬਾਰ ਵਿੱਚ ਇੱਕ ਬਦਨਾਮ ਵਿਅਕਤੀ ਹੈ ਜੋ ਮੱਧ ਪ੍ਰਦੇਸ਼ ਤੋਂ ਡਰੱਗ ਲਿਆ ਕੇ ਵੇਚ ਰਿਹਾ ਸੀ। ਉਸ ਵਿਰੁੱਧ ਪਹਿਲਾਂ ਹੀ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ ਕਈ ਐੱਫਆਈਆਰ ਦਰਜ ਹਨ। ਪਹਿਲਾਂ ਉਹ ਭੁੱਕੀ ਵੇਚਣ ਦੇ ਨਾਜਾਇਜ਼ ਕਾਰੋਬਾਰ ਵਿੱਚ ਸ਼ਾਮਲ ਸੀ, ਜਿਸਨੂੰ ਉਹ ਜੰਮੂ-ਕਸ਼ਮੀਰ ਅਤੇ ਮੱਧ ਪ੍ਰਦੇਸ਼ ਤੋਂ ਲਿਆਉਂਦਾ ਸੀ। ਖੱਖ ਨੇ ਅੱਗੇ ਕਿਹਾ ਕਿ ਫੜੇ ਗਏ ਵਿਅਕਤੀਆਂ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਜਾਵੇਗਾ ਅਤੇ ਸਪਲਾਈ ਚੇਨ ਨੂੰ ਤੋੜਨ ਲਈ ਉਨ੍ਹਾਂ ਦੇ ਹੋਰ ਰਿਮਾਂਡ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਠਾਨਕੋਟ ਪੁਲਸ ਸਾਰੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਧੰਦੇ ਵਿੱਚ ਸ਼ਾਮਲ ਵਿਅਕਤੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਪੰਜਾਬ ਸੀਨੀਅਰ ਮਹਿਲਾ ਹਾਕੀ ਟੀਮ ਦੇ ਚੋਣ ਟਰਾਇਲ ਭਲਕੇ

ਜਲੰਧਰ (ਸ਼ੈਲੀ ਐਲਬਰ, ਸੁਰਿੰਦਰ ਕੁਮਾਰ)- ਹਾਕੀ ਇੰਡੀਆ ਵਲੋਂ ਆਂਧਰਾ ਪ੍ਰਦੇਸ਼ ਦੇ ਸ਼ਹਿਰ ਕਾਕੀਨਾਡਾ ਵਿਖੇ 15 ਫਰਵਰੀ ਤੋਂ 26 ਫਰਵਰੀ 2023 ਤੱਕ ਕਰਵਾਈ ਜਾ ਰਹੀ 13ਵੀਂ ਹਾਕੀ ਇੰਡੀਆ ਸੀਨੀਅਰ ਮਹਿਲਾ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਵਿੱਚ ਭਾਗ ਲੈਣ ਵਾਲੀ ਪੰਜਾਬ ਮਹਿਲਾ ਹਾਕੀ ਟੀਮ ਦੀ ਚੋਣ 3 ਫਰਵਰੀ 2023 ਨੂੰ ਸਵੇਰੇ 11 ਵਜੇ ਜਲੰਧਰ ਦੇ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿਖੇ ਕੀਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਨੇ ਦੱਸਿਆ ਕਿ ਇਨ੍ਹਾਂ ਚੋਣ ਟਰਾਇਲਾਂ ਵਿੱਚ ਪੰਜਾਬ ਨਾਲ ਸਬੰਧਤ ਖਿਡਾਰਣਾਂ ਭਾਗ ਲੈ ਸਕਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਨ੍ਹਾਂ ਚੋਣ ਟਰਾਇਲਾਂ ਸਮੇਂ ਖਿਡਾਰਣਾਂ ਆਪਣੇ ਅਸਲੀ ਆਧਾਰ ਕਾਰਡ ਨਾਲ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਇਨ੍ਹਾਂ ਖਿਡਾਰਣਾਂ ਦੀ ਚੋਣ ਲਈ ਚੋਣ ਕਮੇਟੀ ਗਠਿਤ ਕੀਤੀ ਗਈ ਹੈ ਅਤੇ ਚੁਣੀਆਂ ਗਈਆਂ ਖਿਡਾਰਣਾਂ ਦਾ ਕੋਚਿੰਗ ਕੈਂਪ ਵੀ ਲਗਾਇਆ ਜਾਵੇਗਾ।

ਕੇਂਦਰੀ ਬਜਟ ਨੇ ਕਿਸਾਨਾਂ-ਮਜ਼ਦੂਰਾਂ ਨੂੰ ਨਿਰਾਸ਼ ਕੀਤਾ : ਬੀ ਕੇ ਯੂ-(ਡਕੌਂਦਾ)

ਚੰਡੀਗੜ੍ਹ (ਗੁਰਜੀਤ ਬਿੱਲਾ)

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਬਜ਼ਟ ਦੀ ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਨੇ ਸਖ਼ਤ ਆਲੋਚਨਾ ਕੀਤੀ ਹੈ। ਜਥੇਬੰਦੀ ਦੇ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦਾ 10ਵਾਂ ਬਜ਼ਟ ਹੈ, ਪਰ ਕਿਸਾਨਾਂ-ਮਜ਼ਦੂਰਾਂ ਹਿੱਸੇ ਇਸ ਵਾਰ ਵੀ ਨਿਰਾਸ਼ਾ ਹੀ ਆਈ ਹੈ। ਉਨ੍ਹਾਂ ਕਿਹਾ ਕਿ ਬਜ਼ਟ ਦੌਰਾਨ ਮੰਤਰੀ ਨੇ ਬਿਨਾਂ ਕੋਈ ਵਿਸ਼ੇਸ਼ ਪੈਕੇਜ ਦਿੱਤਿਆਂ ਵਾਰ ਵਾਰ ਮੋਟੇ ਅਨਾਜ ਦੀ ਪੈਦਾਵਾਰ ਵਧਾਉਣ 'ਤੇ ਜ਼ੋਰ ਦਿੱਤਾ ਹੈ, ਕਿਸਾਨ ਤਾਂ ਖ਼ੁਦ ਝੋਨੇ-ਕਣਕ ਦੇ ਫਸਲੀ ਚੱਕਰ ਤੋਂ ਨਿਕਲਣਾ ਚਾਹੁੰਦੇ ਹਨ, ਪਰ ਸਰਕਾਰ ਵੱਲੋਂ ਬਦਲਵੇਂ ਫਸਲੀ ਚੱਕਰ ਲਈ ਕੋਈ ਠੋਸ ਵਿਉਂਤਬੰਦੀ ਨਹੀਂ ਹੈ। ਕੇਂਦਰ-ਸਰਕਾਰ ਸਾਰੀਆਂ ਫਸਲਾ(23) ਦੀ ਘੱਟੋ-ਘੱਟ ਸਮਰਥਨ ਮੁੱਲ(ਐਮਐਸ ਪੀ) 'ਤੇ ਖ਼ੀਦ ਦੀ ਗਰੰਟੀ ਦੇਵੇ। ਭਾਜਪਾ ਸਰਕਾਰ ਦੇ ਸਾਰੇ ਨੁਮਾਇੰਦੇ ਪਿਛਲੇ 10 ਸਾਲਾਂ ਤੋਂ ਇਹ ਕਹਿੰਦੇ ਆ ਰਹੇ ਹਨ ਕਿ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦੇਵਾਂਗੇ, ਪ੍ਰੰਤੂ ਹੋਇਆ ਇਸਦੇ ਉਲਟ ਹੈ, ਵਧੇ ਖਰਚਿਆਂ ਕਾਰਨ ਕਿਸਾਨ ਲਗਾਤਾਰ ਘਾਟੇ 'ਚ ਜਾ ਰਹੇ ਹਨ ਅਤੇ ਖ਼ੁਦਕੁਸ਼ੀਆਂ ਲਈ ਮਜਬੂਰ ਹਨ। ਕਿਸਾਨਾਂ-ਮਜ਼ਦੂਰਾਂ ਸਿਰ ਖੜ੍ਹੇ ਕਰਜ਼ਿਆਂ ਸਬੰਧੀ ਸਰਕਾਰ ਨੇ ਕੁੱਝ ਨਹੀਂ ਕੀਤਾ, ਭਾਵੇਂ ਕਰਜ਼ਾ ਦੇਣ ਦੀ ਹੱਦ ਵਧਾਈ ਹੈ, ਪ੍ਰੰਤੂ ਵਿਆਜ਼ ਦੀ ਕੋਈ ਛੋਟ ਨਹੀਂ ਦਿੱਤੀ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਮੁਆਫ਼ ਕਰਦੀ, ਉਲਟਾ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਲਗਾਤਾਰ ਮੁਆਫ਼ ਕੀਤੇ ਜਾ ਰਹੇ ਹਨ। ਭਾਵੇਂ ਕੇਂਦਰ-ਸਰਕਾਰ ਵੱਲੋਂ ਸਹਿਕਾਰਤਾ ਮਹਿਕਮੇ ਨੂੰ ਵੱਖਰੇ ਤੌਰ 'ਤੇ ਵਿਕਸਤ ਕਰਨ ਦਾ ਐਲਾਨ ਸ਼ਲਾਘਾਯੋਗ ਹੈ, ਪ੍ਰੰਤੂ ਇਸ ਸਬੰਧੀ ਵੱਖਰਾ ਪੈਕੇਜ ਲੋੜੀਂਦਾ ਹੈ। ਆਖ਼ਰੀ ਬਜ਼ਟ ਦੌਰਾਨ ਇਹ ਐਲਾਨ ਵੈਸੇ ਮਹਿਜ਼ ਰਸਮੀ ਐਲਾਨ ਜਾਪਦਾ ਹੈ। ਦੇਸ਼ ਦੇ 84 ਫੀਸਦੀ ਕਿਸਾਨ ਛੋਟੇ ਕਿਸਾਨ ਹਨ। ਇੱਕ ਪਾਸੇ ਸਰਕਾਰ ਸਹਿਕਾਰਤਾ ਖੇਤਰ ਨੂੰ ਹੋਰ ਵਿਕਸਤ ਕਰਨ ਦੀ ਗੱਲ ਕਰਦੀ ਹੈ, ਦੂਜੇ ਪਾਸੇ ਡਿਜੀਟਲ ਕਿਸਾਨੀ ਦੀ ਗੱਲ ਕਰਦੀ ਹੈ, ਜੋ ਕਿ ਖੇਤੀ ਨੂੰ ਕਾਰਪੋਰੇਟ ਨਾਲ ਜੋੜਨਾ ਹੈ। ਇਹ ਵਿਚਾਰ ਆਪਾ-ਵਿਰੋਧੀ ਹਨ। ਸਰਕਾਰ ਕਹਿ ਰਹੀ ਹੈ ਕਿ ਪਿੰਡਾਂ 'ਚ ਸਹਿਕਾਰਤਾ ਸੁਸਾਇਟੀਆਂ ਰਾਹੀਂ 1 ਕਰੋੜ ਕਿਸਾਨਾਂ ਰਾਹੀਂ ਕੁਦਰਤੀ ਖੇਤੀ ਨੂੰ ਵਿਕਸਤ ਕੀਤਾ ਜਾਵੇਗਾ, ਜੋ ਕਿ ਚੰਗੀ ਪਹਿਲ ਹੈ, ਪ੍ਰੰਤੂ ਸ਼ਾਇਦ ਸਰਕਾਰ ਦੇ ਨੁਮਾਇੰਦਿਆਂ ਨੂੰ ਇਹ ਨਹੀਂ ਪਤਾ ਕਿ ਹਾਲੇ ਵੀ ਕਰੋੜਾਂ ਛੋਟੇ ਕਿਸਾਨ ਬਿਨਾਂ ਖਾਦਾਂ ਅਤੇ ਕੈਮੀਕਲਾਂ ਤੋਂ ਖੇਤੀ ਕਰਦੇ ਹਨ, ਲੋੜ ਉਨ੍ਹਾਂ ਨੂੰ ਸਿੱਧੀ ਮਦਦ ਦੇਣ ਦੀ ਹੈ। ਖੇਤੀ ਦਾ ਡਿਜੀਟਲਾਈਜੇਸ਼ਨ ਖੇਤੀ ਨੂੰ ਕਾਰਪੋਰੇਟ ਘਰਾਣਿਆਂ ਨਾਲ ਜੋੜਨ ਦੀ ਨੀਤੀ ਦਾ ਹਿੱਸਾ ਹੈ, ਅਸਲ 'ਚ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕਿਸੇ ਨਾ ਕਿਸੇ ਰੂਪ 'ਚ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੇ ਮਨਸ਼ੇ ਹਨ। ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਦੇ ਜਨਰਲ-ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਸੰਘਰਸ਼ ਨੂੰ ਲਗਾਤਾਰ ਜਾਰੀ ਰੱਖਦਿਆਂ ਸਾਰੀਆਂ ਫਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ(ਐਮਐਸਪੀ) 'ਤੇ ਲਾਜ਼ਮੀ ਖ਼ੀਦ ਲਈ ਕਾਨੂੰਨ ਬਣਵਾਉਣ ਲਈ ਯਤਨ ਕੀਤੇ ਜਾਣਗੇ। ਬਜ਼ਟ ਸੈਸ਼ਨ ਦੌਰਾਨ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਲੀ 'ਚ ਵੱਡਾ ਇਕੱਠ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਸਬੰਧੀ ਕੁਰੂਕਸ਼ੇਤਰ ਵਿਖੇ 9 ਫਰਵਰੀ ਨੂੰ ਮੀਟਿੰਗ ਹੋਵੇਗੀ।

ਨੌਜਵਾਨਾਂ ਨੂੰ ਦੇ ਨਸ਼ਾ ਛੁਡਾਊ ਕੇਂਦਰ 'ਚ ਦਾਖਲ ਕਰਵਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਆਈ.ਪੀ.ਐਸ ਸਰਤਾਜ ਸਿੰਘ ਚਹਿਲ ਵੱਲੋਂ ਨਸ਼ਾ ਛੱਡਣ ਤੋਂ ਬਾਅਦ ਹੋਣ ਵਾਲੇ ਨੁਕਸਾਨਾਂ ਤੋਂ ਜਾਣੂ ਕਰਵਾਉਣ ਲਈ ਡੀ.ਐਸ.ਪੀ.ਆਰ ਸੁਰਿੰਦਰਪਾਲ ਸਿੰਘ ਅਤੇ ਹਰਿਆਣਾ ਦੇ ਐਸ.ਐਚ.ਓ ਨਰਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੁਸ਼ਿਆਰਪੁਰ ਦੇ ਕਸਬਾ ਭੂੰਗਾ ਵਿਖੇ ਕੈਂਪ ਲਗਾਇਆ ਗਿਆ। ਇਸ ਕੈਂਪ ਤੋਂ ਪ੍ਰੇਰਿਤ ਹੋ ਕੇ 30 ਜਨਵਰੀ 2023 ਨੂੰ ਤਿੰਨ ਨੌਜਵਾਨਾਂ ਨੇ ਏਐਸਆਈ ਜਗਦੀਸ਼ ਕੁਮਾਰ ਕੋਲ ਪਹੁੰਚ ਕੀਤੀ ਅਤੇ ਉਨ੍ਹਾਂ ਤਿੰਨਾਂ ਨੌਜਵਾਨਾਂ ਨੇ ਨਸ਼ਾ ਛੱਡਣ ਦੀ ਇੱਛਾ ਪ੍ਰਗਟਾਈ। ਜਿਸ 'ਤੇ ਜਗਦੀਸ਼ ਕੁਮਾਰ ਨੇ ਉਕਤ ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰ ਹੁਸ਼ਿਆਰਪੁਰ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ। ਜਿਸ ਦੀ ਪਿੰਡ ਵਾਸੀਆਂ ਨੇ ਭਰਪੂਰ ਸ਼ਲਾਘਾ ਕੀਤੀ।

ਮੁਲਾਜ਼ਮ ਆਗੂ ਵਾਹਿਦਪੁਰੀ ਨਾਲ ਪ.ਸ.ਸ.ਫ. ਵੱਲੋਂ ਦੁੱਖ ਦਾ ਪ੍ਰਗਟਾਵਾ

ਹੁਸ਼ਿਆਰਪੁਰ, 1 ਫਰਵਰੀ, (ਬਲਵੀਰ ਸਿੰਘ ਸੈਣੀ)—ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਅਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਪੀ.ਡਬਲਯੂ.ਡੀ. ਫੀਲਡ ਅਤੇ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ, ਪ.ਸ.ਸ.ਫ. ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਸਾਥੀ ਮੱਖਣ ਸਿੰਘ ਵਾਹਿਦਪੁਰੀ ਦੇ ਮਾਤਾ ਜੀ ਦੇ ਅਕਾਲ ਚਲਾਣਾ ਕਰਨ ਤੇ ਜੱਥੇਬੰਦੀ ਵਲੋਂ ਉਨ੍ਹਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ ਅਤੇ ਪਰਿਵਾਰ ਦੇ ਦੁੱਖ ਵਿਚ ਸ਼ਰੀਕ ਹੁੰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਦੀ ਕਾਮਨਾ ਕੀਤੀ ਜਾਂਦੀ ਹੈ।

ਇਸ ਮੌਕੇ ਕਰਮਜੀਤ ਬੀਹਲਾ, ਸੁਖਵਿੰਦਰ ਸਿੰਘ ਚਾਹਲ, ਹਰਮਨਪ੍ਰੀਤ ਕੌਰ ਗਿੱਲ, ਅਨਿਲ ਕੁਮਾਰ, ਇੰਦਰਜੀਤ ਵਿਰਦੀ, ਕਿਸ਼ੋਰ ਚੰਦ ਗਾਜ, ਕੁਲਦੀਪ ਪੂਰੋਵਾਲ, ਜਸਵਿੰਦਰ ਸੋਜਾ, ਗੁਰਵਿੰਦਰ ਸਿੰਘ, ਬਲਵਿੰਦਰ ਭੁੱਟੋ, ਬੋਬਿੰਦਰ ਸੰਘ, ਗੁਰਪ੍ਰੀਤ ਸਿੰਘ ਅੰਮੀਵਾਲ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਅਮਰੀਕ ਸਿੰਘ, ਰਜੇਸ਼ ਕੁਮਾਰ ਅਮਲੋਹ, ਮਨੋਹਰ ਲਾਲ ਸ਼ਰਮਾ, ਗੁਰਪ੍ਰੀਤ ਰੰਗੀਲਪੁਰ, ਰਜਿੰਦਰ ਰਿਆੜ, ਜਰਨੈਲ ਸਿੰਘ, ਮਾਲਵਿੰਦਰ ਸਿੰਘ, ਗੁਰਪ੍ਰੀਤ ਕੌਰ, ਰਣਜੀਤ ਕੌਰ, ਬਿਮਲਾ ਰਾਣੀ, ਰਾਣੋ ਖੇੜੀ ਗਿੱਲਾਂ, ਲਖਵਿੰਦਰ ਕੌਰ, ਸ਼ਰਮੀਲਾ ਦੇਵੀ, ਸੁਖਵਿੰਦਰ ਕੌਰ, ਜੱਗਾ ਸਿੰਘ ਅਲੀਸ਼ੇਰ, ਨਿਰਮੋਲਕ ਸਿੰਘ, ਗੁਰਦੇਵ ਸਿੰਘ ਸਿੱਧੂ, ਕਰਮ ਸਿੰਘ ਆਦਿ ਆਗੂ ਵੀ ਹਾਜਰ ਸਨ।

ਪਾਰਟੀ 'ਚ ਹਰ ਵਰਕਰ ਨੂੰ ਮਿਲੇਗਾ ਉਸ ਦਾ ਬਣਦਾ ਮਾਣ-ਸਨਮਾਨ : ਸਿੱਧਵਾਂ

ਤਰਨ ਤਾਰਨ (ਸਾਗਰਦੀਪ ਸਿੰਘ ਅਰੋੜਾ)

ਤਰਨਤਾਰਨ ਵਿਖੇ ਆਮ ਆਦਮੀ ਪਾਰਟੀ ਦੀ ਵਿਸ਼ੇਸ਼ ਮੀਟਿੰਗ ਹਲਕਾ ਤਰਨਤਾਰਨ ਵਿਖੇ ਆਪ ਆਗੂ ਜਾਦਵਿੰਦਰ ਸਿੰਘ ਚਾਹਲ ਦੇ ਗ੍ਰਹਿ ਵਿਖੇ ਹੋਈ ਜਿਸ ਵਿੱਚ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸਿੱਧਵਾਂ, ਖੇਡ ਮੰਤਰੀ ਮੀਤ ਹੇਅਰ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਵਿਧਾਇਕ ਕਸ਼ਮੀਰ ਸਿੰਘ ਸੋਹਲ, ਬਿਜਲੀ ਮੰਤਰੀ ਈਟੀਓ ਹਰਭਜਨ ਸਿੰਘ, ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ, ਵਿਧਾਇਕ ਸਰਵਣ ਸਿੰਘ ਧੁੰਨ ਤੇ ਸਮੁੱਚੀ ਲੋਕਲ ਆਪ ਲੀਡਰਸ਼ਿਪ ਨੇ ਸ਼ਿਰਕਤ ਕੀਤੀ।

ਮੀਟਿੰਗ ਵਿੱਚ ਯਾਦਵਿੰਦਰ ਸਿੰਘ ਚਾਹਲ ਨੇ ਹਲਕੇ ਦੇ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਮੰਤਰੀ ਮੰਡਲ ਦੇ ਧਿਆਨ ਵਿੱਚ ਲਿਆਂਦਾ ਅਤੇ ਪਿਛਲੇ ਕਾਫੀ ਸਮੇਂ ਤੋਂ ਨਾਰਾਜ਼ ਚੱਲੇ ਆ ਰਹੇ ਵਰਕਰਾਂ ਨਾਲ ਵੀ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ ਤੇ ਉਨ੍ਹਾਂ ਦਾ ਬਣਦਾ ਹੱਕ ਵੀ ਦਿਵਾਇਆ ਜਾਵੇਗਾ। ਇਸ ਮੌਕੇ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸਿੱਧਵਾਂ ਨੇ ਕਿਹਾ ਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਤੇ ਵਰਕਰਾਂ ਨੂੰ ਉਨ੍ਹਾਂ ਦਾ ਬਣਦਾ ਮਾਣ ਸਨਮਾਨ ਪੂਰਾ ਦਿੱਤਾ ਜਾਵੇਗਾ ਤੇ ਕਿਸੇ ਨੂੰ ਵੀ ਅਣਗੌਲਿਆਂ ਨਹੀਂ ਕੀਤਾ ਜਾਵੇਗਾ। ਪੱਤਰਕਾਰਾਂ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਵਿਧਾਨ ਸਭਾ ਸਪੀਕਰ ਸਿੱਧਵਾਂ ਨੇ ਕਿਹਾ ਕਿ 2024 ਦੀਆਂ ਵਿਧਾਨ ਸਭਾ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਹੋਵੇਗੀ। ਯਾਦਵਿੰਦਰ ਸਿੰਘ ਚਾਹਲ ਨੇ ਕਿਹਾ ਕਿ ਆਪ ਦਾ ਇੱਕ ਇੱਕ ਵਰਕਰ 2024 ਦੀਆਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਏਗਾ ਤੇ ਆਮ ਆਦਮੀ ਪਾਰਟੀ ਦੀ ਰਿਕਾਰਡਤੋੜ ਜਿੱਤ ਹੋਵੇਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਯੂਥ ਰੁਪਿੰਦਰ ਕੌਰ ਸੰਧੂ, ਅੰਜੂ ਵਰਮਾ, ਮੈਡਮ ਜਤਿੰਦਰ ਕੌਰ ਹਲਕਾ ਕੁਆਰਡੀਨੇਟਰ, ਗੁਰਮੀਤ ਸਿੰਘ ਜੱਸਲ, ਚੇਅਰਮੈਨ ਗੁਰਦੇਵ ਸਿੰਘ ਲਾਖਣਾ, ਹਰਪ੍ਰੀਤ ਸਿੰਘ, ਲਖਵਿੰਦਰ ਸਿੰਘ ਫੌਜੀ, ਚੇਅਰਮੈਨ ਗੁਰਵਿੰਦਰ ਸਿੰਘ ਬਹਿਲਵਾੜ, ਰਣਜੀਤ ਸਿੰਘ ਚੀਮਾਂ, ਹਰਪ੍ਰੀਤ ਸਿੰਘ, ਸੋਨੀ ਬਾਬਾ, ਡਾ. ਕਸ਼ਮੀਰ ਸਿੰਘ ਕਸੇਲ, ਜਸਵੰਤ ਸਿੰਘ ਪੰਜਵੜ੍ਹ, ਗੁਰਜੀਤ ਸਿੰਘ ਝਾਮਕਾ ਬਲਾਕ ਪ੍ਰਧਾਨ, ਹਰਜਿੰਦਰ ਸਿੰਘ ਉਸਮਾਂ ਆਦਿ ਤੋਂ ਇਲਾਵਾ ਹੋਰ ਵੀ ਵਰਕਰ ਮੌਜੂਦ ਸਨ।

ਸੀ ਐੱਚ ਸੀ ਸਰਹਾਲੀ ਵਿਖੇ ਯੂ ਡੀ ਆਈ ਡੀ ਕੈਂਪ ਲਗਾਇਆ

ਚੋਹਲਾ ਸਾਹਿਬ (ਰਮਨ ਚੱਢਾ)

ਡਿਪਟੀ ਕਮਿਸ਼ਨਰ ਤਰਨ ਤਾਰਨ ਡਾ: ਰਿਸ਼ੀਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸਿਵਲ ਸਰਜਨ ਤਰਨ ਤਾਰਨ ਡਾ: ਦਿਲਬਾਗ ਸਿੰਘ ਦੀ ਰਹਿਨੁਮਾਈ ਹੇਠ ਡਾ: ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰ: ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਵਿਸ਼ਵ ਦਿਵਿਆਂਗਜਨ ਦਿਵਸ ਤੇ ਯੂਡੀਆਈਡੀ ਕੈਂਪ ਸੀਐਚਸੀ ਸਰਹਾਲੀ ਵਿਖੇ ਲਗਾਇਆ ਗਿਆ। ਇਸ ਸਮੇਂ ਡਾ: ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰ:ਸੀਐੱਚਸੀ ਸਰਹਾਲੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੈਂਪ ਵਿੱਚ ਮਾਹਿਰ ਡਾਕਟਰਾਂ ਦੀ ਟੀਮ ਡਾ: ਕਵਿਤਾ ਸਕੈਟਰਿਕਸ, ਡਾ: ਸਰਬਜੀਤ ਸਿੰਘ ਈਐਨਟੀ, ਡਾ: ਮਨਦੀਪ ਸਿੰਘ ਮਿਨਹਾਸ ਦਿਮਾਗ ਵਾਲੇ, ਡਾ: ਮਨਜਿੰਦਰ ਸਿੰਘ ਆਰਥੋ, ਡਾ: ਨਵਪ੍ਰੀਤ ਸਿੰਘ ਮੈਡੀਸਨ, ਮੈਡਮ ਬਲਜੀਤ ਕੌਰ ਤਰਨ ਤਾਰਨ, ਵਰਿੰਦਰ ਸ਼ਰਮਾਂ ਤਰਨ ਤਾਰਨ, ਕੁਲਵੰਤ ਸਿੰਘ ਪੱਟੀ, ਸੁਖਬੀਰ ਕੌਰ ਖਡੂਰ ਸਾਹਿਬ ਆਦਿ ਵੱਲੋਂ ਜ਼ਰੂਰਤਮੰਦ ਵਿਅਕਤੀਆਂ ਦੀ ਜਾਂਚ ਕੀਤੀ ਗਈ ਅਤੇ 103 ਦਿਵਿਆਂਗ ਵਿਅਕਤੀਆਂ ਦੇ ਸਰਟੀਫਿਕੇਟ ਜਾਂਚ ਰਿਪੋਰਟਾਂ ਤਿਆਰ ਕਰਨ ਤੋਂ ਬਾਅਦ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਲਗਭਗ 52 ਪਿੰਡਾਂ ਦੇ ਜ਼ਰੂਰਤਮੰਦ ਵਿਅਕਤੀ ਪਹੁੰਚੇ ਜਿਨ੍ਹਾਂ ਦੀ ਸਮੇਂ ਸਿਰ ਡਾਕਟਰਾਂ ਦੀ ਟੀਮ ਵੱਲੋਂ ਜਾਂਚ ਕੀਤੀ ਗਈ ਅਤੇ ਉਨ੍ਹਾਂ ਦੀਆਂ ਰਿਪੋਰਟਾਂ ਤਿਆਰ ਕਰਨ ਤੋਂ ਬਾਅਦ ਉਨ੍ਹਾਂ ਦੇ ਯੂਡੀਆਈਡੀ ਕਾਰਡ ਬਣਾਏ ਗਏ। ਇਸ ਸਮੇਂ ਹਰਦੀਪ ਸਿੰਘ ਸੰਧੂ ਬੀਈਈ, ਹੈਲਥ ਇੰਸਪੈਕਟਰ ਬਿਹਾਰੀ ਲਾਲ, ਜਸਪਿੰਦਰ ਸਿੰਘ ਪ੍ਰਧਾਨ, ਸਤਨਾਮ ਸਿੰਘ ਮੁੰਡਾ ਪਿੰਡ, ਕਰਨਜੀਤ ਸਿੰਘ ਹੋਮਿਓਪੈਥਿਕ ਡਿਸਪੈਂਸਰ, ਸਮੀਰ ਸਾਹਿਬ, ਤੇਜਿੰਦਰ ਸਿੰਘ, ਮਨਦੀਪ ਸਿੰਘ, ਵਿਸ਼ਾਲ ਕੁਮਾਰ, ਨਰਿੰਦਰ ਕੁਮਾਰ ਅਤੇ ਮਹਿੰਦਰ ਸਿੰਘ ਆਦਿ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਨਿਰਵੈਲ ਸਿੰਘ ਤੇ ਲਖਬੀਰ ਸਿੰਘ ਨੂੰ ਸੇਵਾਮੁਕਤੀ 'ਤੇ ਕੀਤਾ ਸਨਮਾਨਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਅੱਜ ਸੇਵਾ ਮੁਕਤ ਹੋਏ ਮੀਤ ਸਕੱਤਰ ਨਿਰਵੈਲ ਸਿੰਘ ਤੇ ਲਖਬੀਰ ਸਿੰਘ ਨੂੰ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵੱਲੋਂ ਸਨਮਾਨਿਤ ਕੀਤਾ ਗਿਆ। ਇਨ੍ਹਾਂ ਨੂੰ ਸੇਵਾ ਮੁਕਤ ਹੋਣ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ ਤੇ ਭਾਈ ਰਾਮ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਜਰਨਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਤੇ ਸਕੱਤਰ ਪ੍ਰਤਾਪ ਸਿੰਘ ਨੇ ਸੇਵਾ ਮੁਕਤ ਹੋਏ ਨਿਰਵੈਲ ਸਿੰਘ ਤੇ ਲਖਬੀਰ ਸਿੰਘ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ ਹੈ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਨਿਸ਼ਕਾਮ ਭਾਵਨਾ ਨਾਲ ਸਿੱਖ ਸੰਸਥਾ ਦੀਆਂ ਗਤੀਵਿਧੀਆਂ ਨੂੰ ਸੰਗਤਾਂ ਤੱਕ ਪਹੁੰਚਾਉਣ ਦੀ ਜ਼ੁੰਮੇਵਾਰੀ ਨਿਭਾਉਣਗੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਕੁਲਵਿੰਦਰ ਸਿੰਘ ਰਮਦਾਸ, ਬਿਜੈ ਸਿੰਘ, ਹਰਜੀਤ ਸਿੰਘ ਲਾਲੂਘੁੰਮਣ, ਸਿਮਰਜੀਤ ਸਿੰਘ ਕੰਗ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ਼ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਮੈਨੇਜਰ ਸੁਖਰਾਜ ਸਿੰਘ, ਸੁਪ੍ਰਿੰਟੈਂਡੈਂਟ ਮਲਕੀਤ ਸਿੰਘ ਬਹਿੜਵਾਲ ਤੇ ਰਾਜਿੰਦਰ ਸਿੰਘ ਰੂਬੀ, ਪਰਮਜੀਤ ਸਿੰਘ ਐਕਸੀਅਨ, ਜਤਿੰਦਰਪਾਲ ਸਿੰਘ ਅਤੇ ਸੇਵਾ ਮੁਕਤ ਕਰਮਚਾਰੀਆਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਵਾਕ ਇਨ ਇੰਟਰਵਿਊ ਭਲਕੇ

ਮੁਹਾਲੀ (ਗੁਰਜੀਤ ਬਿੱਲਾ)—ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ, ਐਸ.ਏ.ਐਸ ਨਗਰ ਵਲੋਂ ਜ਼ਿਲ੍ਹੇ ਦੇ ਬੇਰੁਜਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਵਸਰ ਮੁੱਹਈਆ ਕਰਵਾਉਣ ਲਈ ਮਿਤੀ 03 ਫਰਵਰੀ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਡਿਟਿਨਸ ਟੈਕਨਾਲੋਜੀ ਪ੍ਰਾਇਵੇਟ ਲਿਮਟਿਡ ਪਲਾਟ ਨੰ: ਈ-302, ਵਿਸਟਾ ਟਾਵਰ, ਸੈਕਟਰ 75, ਮੋਹਾਲੀ ਵਿਖੇ ਸੀਨੀਅਰ ਐਨਾਲਿਸਟ-ਹਿਊਮਨ ਰਿਸੋਰਸ ਦੀ ਵਕੈਂਸੀ ਲਈ ਵਾਕ ਇਨ ਇੰਟਰਵਿਊ ਦਾ ਆਯੋਜਨ ਕੀਤਾ ਗਿਆ ਹੈ। ਜਿਸ ਵਿੱਚ ਗ੍ਰੈਜੂਏਟ (ਕਿਸੇ ਵੀ ਸਟਰੀਮ ਵਿੱਚ)/ਡਿਪਲੋਮਾ (ਕੰਪਿਊਟਰ ਸਾਇੰਸ)/ਬੀ.ਟੈਕ (ਕੰਪਿਊਟਰ ਸਾਇੰਸ) ਪਾਸ ਪ੍ਰਾਰਥੀ ਭਾਗ ਲੈ ਸਕਦੇ ਹਨ। ਵਧੇਰੇ ਜਾਣਕਾਰੀ ਦਿੰਦਿਆਂ ਮੀਨਾਕਸ਼ੀ ਗੋਇਲ, ਡਿਪਟੀ ਡਾਇਰੈਕਟਰ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਸਮੇਂ-ਸਮੇਂ 'ਤੇ ਪਲੇਸਮੈਂਟ ਕੈਂਪ, ਸਵੈ-ਰੋਜ਼ਗਾਰ ਕੈਂਪ, ਸਕਿੱਲ ਕੈਂਪ ਆਦਿ ਦਾ ਆਯੋਜਨ ਕੀਤਾ ਜਾਂਦਾ ਹੈ ਤਾਂ ਜੋ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਅਤੇ ਸਵੈ ਰੋਜ਼ਗਾਰ ਦੇ ਅਵਸਰ ਮੁਹੱਈਆ ਕਰਵਾਏ ਜਾ ਸਕਣ ਅਤੇ ਉਨ੍ਹਾਂ ਨੂੰ ਆਰਥਿਕ ਪੱਖੋਂ ਆਤਮ ਨਿਰਭਰ ਬਣਾਇਆ ਜਾ ਸਕੇ। ਉਨ੍ਹਾਂ ਜ਼ਿਲ੍ਹੇ ਦੇ ਬੇਰੁਜ਼ਗਾਰ ਯੋਗ ਪ੍ਰਾਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਲੋੜੀਂਦੇ ਦਸਤਾਵੇਜ ਅਤੇ ਰਿਜੀਊਮ ਨਾਲ ਲੈ ਕੇ ਉਕਤ ਵਾਕ ਇਨ ਇੰਟਰਵਿਊ ਵਿੱਚ ਨਿਰਧਾਰਿਤ ਸਥਾਨ ਤੇ ਸਮੇਂ ਸਿਰ ਪਹੁੰਚਣ ਅਤੇ ਇਸ ਵਾਕ ਇਨ ਇੰਟਰਵਿਊ ਦਾ ਵੱਧ ਤੋਂ ਵੱਧ ਲਾਭ ਲੈਣ ।

ਐਂਟੀ ਡਰੱਗ ਐਸੋਸੀਏਸ਼ਨ ਪੰਜਾਬ ਪ੍ਰਧਾਨ ਮਨਾਵਾਂ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)

ਬੀਤੇ ਦਿਨੀਂ ਐਂਟੀ ਡਰੱਗ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਮਾਸਟਰ ਸਤਨਾਮ ਸਿੰਘ ਮਨਾਵਾਂ ਦੇ ਘਰ ਦੇ ਬਾਹਰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਧਮਕੀ ਭਰੇ ਪੱਤਰ ਚਿਪਕਾਏ ਗਏ ਸਨ, ਜਿਸ ਸੰਬੰਧੀ ਮਾਸਟਰ ਮਨਾਵਾਂ ਵੱਲੋਂ ਥਾਣਾ ਖੇਮਕਰਨ ਨੂੰ ਸੂਚਿਤ ਕੀਤਾ ਗਿਆ ਸੀ। ਉਪਰੋਕਤ ਮਾਮਲੇ ਸਬੰਧੀ ਅੱਜ ਸਤਨਾਮ ਸਿੰਘ ਮਨਾਵਾਂ ਨੇ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀ. ਐੱਸ. ਪੀ. ਪ੍ਰੀਤ ਇੰਦਰ ਨਾਲ ਮੁਲਾਕਾਤ ਕਰਕੇ ਆਪਣੀ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਦੀ ਮੰਗ ਕਰਦਿਆਂ ਅਣਪਛਾਤੇ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਨ ਦੀ ਮੰਗ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮਾਸਟਰ ਸਤਨਾਮ ਸਿੰਘ ਮਨਾਵਾਂ ਨੇ ਦੱਸਿਆ ਕਿ ਉਨ੍ਹਾਂ ਨੇ ਪੰਜਾਬ ਵਿੱਚ ਨਸ਼ਿਆਂ ਦੇ ਵਗ ਰਹੇ ਛੇਵੇਂ ਦਰਿਆ ਦੇ ਵਿਰੋਧ ਵਿੱਚ ਪੰਜਾਬ ਵਿੱਚ ਡਰੱਗ ਐਸੋਸੀਏਸ਼ਨ ਪੰਜਾਬ ਦਾ ਗਠਨ ਕੀਤਾ ਸੀ ਅਤੇ ਉਨ੍ਹਾਂ ਦੀ ਸੰਸਥਾ ਵੱਲੋਂ ਸਰਕਾਰ ਵੱਲੋਂ ਸੂਬੇ ਭਰ ਵਿੱਚ ਫੈਲੇ ਨਸ਼ਿਆਂ ਦੇ ਜਾਲ ਵਿਰੁੱਧ ਵਿੱਢੀ ਮੁਹਿੰਮ ਵਿੱਚ ਯੋਗਦਾਨ ਪਾਇਆ ਜਾ ਰਿਹਾ ਹੈ। ਮਾਸਟਰ ਮਨਾਵਾਂ ਨੇ ਕਿਹਾ ਕਿ ਨਸ਼ੇ ਦੇ ਸੁਦਾਗਰਾਂ ਨੂੰ ਉਨ੍ਹਾਂ ਦੀ ਸੰਸਥਾ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਕੀਤੇ ਜਾ ਰਹੇ ਉਪਰਾਲੇ ਨੂੰ ਸਹਿਣ ਕਰਨਾ ਔਖਾ ਹੋ ਚੁੱਕਾ ਹੈ, ਜਿਸ ਲਈ ਉਹ ਆਪਣੇ ਕਾਰੋਬਾਰ ਨੂੰ ਬੰਦ ਹੁੰਦਾ ਦੇਖ ਕੇ ਬੁਖਲਾਹਟ ਵਿੱਚ ਆ ਕੇ ਧਮਕੀਆਂ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਸੌਦਾਗਰ ਉਨ੍ਹਾਂ ਦੀ ਸੰਸਥਾ ਨੂੰ ਮਿਸ਼ਨ ਤੋਂ ਹਟਾਉਣਾ ਚਾਹੁੰਦੇ ਹਨ। ਮਨਾਵਾਂ ਨੇ ਕਿਹਾ ਕਿ ਮੈਂ ਮਰ ਤਾਂ ਸਕਦਾ ਹਾਂ ਪਰ ਨਸ਼ਿਆਂ ਖਿਲਾਫ ਉਠਾਈ ਗਈ ਆਵਾਜ਼ ਨੂੰ ਕਦੇ ਬੰਦ ਨਹੀਂ ਕਰਾਂਗਾ। ਇਸ ਮੌਕੇ ਕਮੇਟੀ ਮੈਂਬਰ ਦਰਬਾਰਾ ਸਿੰਘ ਅਤੇ ਭੁਪਿੰਦਰ ਸਿੰਘ ਨੇ ਕਿਹਾ ਕਿ ਇੱਕ ਪਾਸੇ 'ਆਪ' ਸਰਕਾਰ ਲੋਕਾਂ ਨੂੰ ਨਸ਼ਿਆਂ ਖਿਲਾਫ ਸਹਿਯੋਗ ਦੇਣ ਲਈ ਕਹਿੰਦੀ ਹੈ ਪਰ ਜੇਕਰ ਕੋਈ ਨਸ਼ਾ ਵੇਚਣ ਵਾਲਿਆਂ ਖਿਲਾਫ ਆਵਾਜ਼ ਚੁੱਕਦਾ ਹੈ ਤਾਂ ਸਰਕਾਰ ਅਤੇ ਪ੍ਰਸ਼ਾਸਨ ਉਨ੍ਹਾਂ ਨੂੰ ਸਹਿਯੋਗ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਜੇਕਰ ਮਾਸਟਰ ਸਤਨਾਮ ਸਿੰਘ ਮਨਾਵਾਂ ਦੀ ਜਾਨ ਨੂੰ ਕੋਈ ਵੀ ਖਤਰਾ ਹੁੰਦਾ ਹੈ ਤਾਂ ਉਸਦੀ ਜ਼ਿੰਮੇਵਾਰ ਪੁਲਸ ਹੋਵੇਗੀ। ਉੱਧਰ ਜਦੋਂ ਇਸ ਮਾਮਲੇ ਸਬੰਧੀ ਡੀ. ਐੱਸ. ਪੀ. ਪ੍ਰੀਤ ਇੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਮਾਸਟਰ ਮਨਾਵਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਧਮਕੀਆਂ ਦੇਣ ਵਾਲਿਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਬਰੀਕੀ ਨਾਲ ਜਾਂਚ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਪੁਲਸ ਪ੍ਰਸ਼ਾਸਨ ਜਲਦ ਹੀ ਸਤਨਾਮ ਸਿੰਘ ਮਨਾਵਾਂ ਨੂੰ ਸੁਰੱਖਿਆ ਵੀ ਮੁਹੱਈਆ ਕਰਵਾਏਗਾ।

'ਆਓ ਕੁਸ਼ਟ ਰੋਗ ਨਾਲ ਲੜੀਏ ਤੇ ਇਸ ਨੂੰ ਇਤਿਹਾਸ ਬਣਾਈਏ'

ਤਰਨ ਤਾਰਨ (ਪ੍ਰਿਤਪਾਲ ਸਿੰਘ)

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਸੰਸਥਾਵਾਂ ਵਿਖੇ ਵਿਸ਼ਵ ਕੁਸ਼ਟ ਰੋਗ



ਦਿਵਸ ਨੂੰ ਸਮਰਪਿਤ ਲੈਪਰੋਸੀ (ਕੁਸ਼ਟ ਰੋਗ) ਜਾਗਰੂਕਤਾ ਪੰਦਰਵਾੜਾ 13 ਫਰਵਰੀ ਤੱਕ ਮਨਾਇਆ ਜਾ ਰਿਹਾ ਹੈ, ਜਿਸਦਾ ਨਾਅਰਾ ਹੈ "ਆਓ ਅਸੀਂ ਕੁਸ਼ਟ ਰੋਗ ਨਾਲ ਲੜੀਏ ਅਤੇ ਇਸ ਨੂੰ ਇਤਿਹਾਸ ਬਣਾਈਏ"। ਡਾ. ਦਿਲਬਾਗ ਸਿੰਘ ਸਿਵਲ ਸਰਜਨ ਤਰਨਤਾਰਨ ਅਤੇ ਡਾ. ਅਮਨਦੀਪ ਸਿੰਘ ਲੈਪਰੋਸੀ ਅਫਸਰ ਤਰਨਤਾਰਨ ਦੀ ਅਗਵਾਈ ਹੇਠ ਜ਼ਿਲ੍ਹੇ ਦੀਆਂ ਵੱਖ-ਵੱਖ ਸਿਹਤ ਸੰਸਥਾਵਾਂ ਵਿੱਚ ਕੁਸ਼ਟ ਰੋਗ ਸਬੰਧੀ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਸੇ ਮੁਹਿੰਮ ਤਹਿਤ ਕੁਸ਼ਟ ਆਸ਼ਰਮ ਤਰਨਤਾਰਨ ਵਿਖੇ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਸਿਮਰਨ ਕੌਰ ਵੱਲੋਂ ਕੁਸ਼ਟ ਆਸ਼ਰਮ ਦੇ ਵਸਨੀਕਾਂ ਦਾ ਡਾਕਟਰੀ ਮੁਆਇਨਾ ਕੀਤਾ ਗਿਆ ਅਤੇ ਦਵਾਈਆਂ ਦਿੱਤੀਆਂ ਗਈਆਂ। ਮਨਿੰਦਰਪ੍ਰੀਤ ਮੈਡੀਕਲ ਸੁਪਰਵਾਈਜ਼ਰ (ਲੈਪਰੋਸੀ) ਨੇ ਦੱਸਿਆ ਕਿ ਜਿਵੇਂ ਅਸੀਂ ਭਾਰਤ ਨੂੰ ਪੋਲੀਓ ਮੁਕਤ ਕੀਤਾ ਹੈ ਉਸੇ ਤਰ੍ਹਾਂ ਅਸੀਂ ਸਭ ਨੇ ਮਿਲ ਕੇ ਭਾਰਤ ਦੇਸ਼ ਨੂੰ ਕੁਸ਼ਟ ਰੋਗ ਮੁਕਤ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਕੁਸ਼ਟ ਰੋਗ ਪੂਰੀ ਤਰ੍ਹਾਂ ਇਲਾਜਯੋਗ ਹੈ ਅਤੇ ਇਸਦਾ ਇਲਾਜ ਸਮੂਹ ਸਰਕਾਰੀ ਸਿਹਤ ਸੰਸਥਾਵਾਂ ਵਿਚ ਮੁਫਤ ਅਤੇ ਬਿਨਾਂ ਕਿਸੇ ਭੇਦ-ਭਾਵ ਦੇ ਕੀਤਾ ਜਾਂਦਾ ਹੈ। ਜੇਕਰ ਕਿਸੇ ਦੇ ਵੀ ਸਰੀਰ ਉਪਰ ਹਲਕੇ ਚਿੱਟੇ ਜਾਂ ਤਾਂਬੇ ਰੰਗ ਦੇ ਦਾਗ ਅਤੇ ਚਮੜੀ ਦਾ ਸੁੰਨਾਪਨ ਹੈ ਤਾਂ ਇਹ ਕੁਸ਼ਟ ਰੋਗ ਹੋ ਸਕਦਾ ਹੈ ਅਤੇ ਉਸਨੂੰ ਸਿਹਤ ਸੰਸਥਾ ਵਿਖੇ ਚੈੱਕ-ਅਪ ਕਰਵਾਉਣਾ ਚਾਹੀਦਾ ਹੈ। ਇਲਾਜ ਵਿਚ ਕਿਸੇ ਵੀ ਕਿਸਮ ਦੀ ਦੇਰੀ ਅਪੰਗਤਾ ਦਾ ਕਾਰਣ ਬਣ ਸਕਦੀ ਹੈ। ਕੁਸ਼ਟ ਰੋਗ ਦਾ ਸਮੇਂ ਸਿਰ ਇਲਾਜ ਕਰਨ ਨਾਲ ਮਰੀਜ਼ ਪੂਰੀ ਤਰਾਂ ਠੀਕ ਹੋ ਸਕਦਾ ਹੈ ਅਤੇ ਅਪੰਗਤਾ ਤੋਂ ਬਚ ਸਕਦਾ ਹੈ। ਇਸ ਮੌਕੇ ਏਐਮਓ ਵਿਰਸਾ ਸਿੰਘ, ਮ.ਪ.ਹ.ਸੁ. ਗੁਰਬਖਸ਼ ਸਿੰਘ ਅਤੇ ਕਾਰਜ ਸਿੰਘ ਆਦਿ ਹਾਜ਼ਰ ਸਨ।

ਸੇਂਟ ਕਬੀਰ ਸਕੂਲ ਸੁਲਤਾਨਪੁਰ 'ਚ 'ਪ੍ਰੀਖਿਆ 'ਤੇ ਚਰਚਾ' ਸੈਮੀਨਾਰ ਲਗਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਸੇਂਟ ਕਬੀਰ ਪਬਲਿਕ ਸਕੂਲ ਸੁਲਤਾਨਪੁਰ ਵਿਖੇ ਪ੍ਰਿੰਸੀਪਲ ਐੱਸ. ਬੀ. ਨਾਯਰ ਅਤੇ ਪ੍ਰਬੰਧਕ ਨਵਦੀਪ ਕੌਰ ਤੇ ਕੁਲਦੀਪ ਕੌਰ ਦੇ ਪ੍ਰਬੰਧਾਂ ਹੇਠ 'ਪ੍ਰੀਖਿਆ 'ਤੇ ਚਰਚਾ' ਸੈਮੀਨਾਰ ਵਿੱਚ ਸਕੂਲ ਦੇ 9ਵੀਂ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਹ ਸੈਮੀਨਾਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਟੀ. ਵੀ. ਮਾਧਿਅਮ ਰਾਹੀਂ ਲਗਾਇਆ ਗਿਆ। 'ਪ੍ਰੀਖਿਆ 'ਤੇ ਚਰਚਾ' ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਇਮਤਿਹਾਨ ਵਾਲੇ ਦਿਨ ਆਉਣ ਵਾਲੀਆਂ ਮੁਸ਼ਕਲਾਂ ਨੂੰ ਕਿਵੇਂ ਨਜਿੱਠਣਾ ਹੈ ਅਤੇ ਪੜ੍ਹਨ ਲਈ ਅਲੱਗ-ਅਲੱਗ ਯੋਜਨਾਵਾਂ ਬਣਾਉਣ ਬਾਰੇ ਜਾਣਕਾਰੀ ਦਿੱਤੀ ਗਈ। ਇਹ ਵੀ ਦੱਸਿਆ ਕਿ ਸਫਲਤਾ ਹਮੇਸ਼ਾ ਸਖ਼ਤ ਮਿਹਨਤ ਤੇ ਸਮਾਰਟ ਤਰੀਕੇ ਨਾਲ ਕੰਮ ਕਰਕੇ ਮਿਲਦੀ ਹੈ, ਨਾ ਕਿ ਛੋਟੇ ਰਸਤੇ ਅਪਨਾਉਣ ਨਾਲ ਤੇ ਮਿਹਨਤ ਤੋਂ ਭੱਜਣ ਨਾਲ। ਉਨ੍ਹਾਂ ਦੁਆਰਾ ਬੱਚਿਆਂ ਨੂੰ ਦੱਸਿਆ ਗਿਆ ਕਿ ਪ੍ਰੀਖਿਆ ਦੇ ਨੇੜੇ ਆਉਣ 'ਤੇ ਕਦੇ ਵੀ ਘਬਰਾਉਣਾ ਨਹੀਂ ਚਾਹੀਦਾ ਸਗੋਂ ਇਨ੍ਹਾਂ ਦਿਨਾਂ ਨੂੰ ਤਿਓਹਾਰ ਵਾਂਗ ਮਨਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਮੋਬਾਇਲ ਤੇ ਆਨਲਾਈਨ ਸੁਵਿਧਾਵਾਂ ਨੂੰ ਸਹੀ ਤਰੀਕੇ ਨਾਲ ਵਰਤਣ ਅਤੇ ਪਰਿਵਾਰ ਨਾਲ ਸਾਕਾਰਾਤਮਕ ਸਮਾਂ ਬਿਤਾਉਣ ਬਾਰੇ



ਵੀ ਵਿਚਾਰ ਸਾਂਝੇ ਕੀਤੇ। ਸੰਪੂਰਨ ਰੂਪ ਵਿੱਚ ਵਿਦਿਆਰਥੀਆਂ ਨੇ ਕੇਂਦਰ ਸਰਕਾਰ ਵੱਲੋਂ ਚਲਾਈ ਗਈ ਇਸ ਮੁਹਿੰਮ ਨੂੰ ਬਹੁਤ ਹੀ ਸਥਿਰਤਾ ਨਾਲ ਸਮਝਿਆ ਤੇ ਸਕੂਲ ਪ੍ਰਿੰਸੀਪਲ ਐੱਸ. ਬੀ. ਨਾਯਰ ਨੇ ਵੀ ਵਿਦਿਆਰਥੀਆਂ ਨੂੰ ਦੱਸੇ ਹੋਏ ਵਿਚਾਰਾਂ ਨੂੰ ਜ਼ਿੰਦਗੀ ਵਿੱਚ ਅਮਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਅਧਿਆਪਕਾ ਮੈਡਮ ਮੋਨਿਕਾ ਸੈਣੀ, ਕਰਮਜੀਤ ਕੌਰ, ਰਵਿੰਦਰ ਕੌਰ, ਵਿਸ਼ਾਲ ਸਿੰਘ ਆਦਿ ਸਮੇਤ ਹੋਰ ਵੀ ਅਧਿਆਪਕ ਵੀ ਹਾਜ਼ਰ ਸਨ।

ਬੀਮਾ ਕੰਪਨੀ ਗੰਡਾ ਪਰਵਾਰ ਦਾ ਮੁਆਵਜ਼ਾ ਜਲਦ ਜਾਰੀ ਕਰੇ : ਕਪਿਲ ਮਹਿੰਦਲੀ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)

ਇਥੇ ਸ਼ਹਿਰ ਦੇ ਉਘੇ ਕਾਰੋਬਾਰੀ ਅਤੇ ਸਮਾਜ ਸੇਵੀ ਪ੍ਰਿਤਪਾਲ ਸਿੰਘ ਗੰਡਾ ਦੇ ਘਰ ਪਹੁੰਚੇ ਤੇਜ ਤਰਾਰ ਮੁਲਾਜਮ ਆਗੂ ਕਪਿਲ ਮਹਿੰਦਲੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਪ੍ਰਿਤਪਾਲ ਸਿੰਘ ਗੰਡਾ ਦੇ ਨੌਜਵਾਨ ਪੁੱਤਰ ਕਮਲਦੀਪ ਸਿੰਘ ਉਰਫ ਸੇਰੂ ਗੰਡਾ ਬਿਮਾਰ ਹੋਣ ਤੋਂ ਬਾਅਦ ਮੋਹਾਲੀ ਦੇ ਇਕ ਨਿੱਜੀ ਹਸਪਤਾਲ ਵਿੱਚ ਕਈ ਦਿਨ ਜੇਰੇ ਇਲਾਜ ਰਹਿਣ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਸਨ। ਕਮਲਦੀਪ ਗੰਡਾ ਆਪਣੇ ਪਿਛੇ ਆਪਣੇ ਮਾਸੂਮ ਬੱਚੇ ਸਮੇਤ ਪੂਰਾ ਪਰਵਾਰ ਛੱਡ ਗਏ। ਪਰ ਇਸ ਤੋਂ ਪਹਿਲਾਂ ਹੀ ਉਨਾਂ ਨੇ ਇਥੇ ਹੀ ਸ਼ਹਿਰ ਦੇ ਨਜਦੀਕ ਇੱਕ ਨਿਜੀ ਲਿਮਟਿਡ ਹੈਲਥ ਇੰਸੋਰੈਂਸ ਕੰਪਨੀ ਤੋਂ ਹੈਲਥ ਇੰਸੋਰੈਂਸ ਲਿਆ ਸੀ। ਪਰ ਦੁੱਖ ਦੀ ਗੱਲ ਹੈ ਕਿ ਬਿਮਾਰੀ ਦੌਰਾਨ ਲੱਖਾਂ ਦਾ ਖਰਚਾ ਹੋਣ 'ਤੇ ਜਦੋਂ ਪਰਵਾਰ ਵਲੋਂ ਸਹਾਇਤਾ ਲਈ ਬੀਮਾ ਕੰਪਨੀ ਨੂੰ ਗੁਹਾਰ ਲਗਾਈ ਤਾਂ ਕੰਪਨੀ ਵਲੋਂ ਬਹਾਨੇ ਬਣਾ ਕੇ ਮੁਆਵਜਾ ਰਾਸ਼ੀ ਦੱਬ ਲਈ ਗਈ, ਜੋ ਕਿ ਪੀੜਤ ਪਰਿਵਾਰ ਨਾਲ ਸਰੇ-ਸਰੀ ਧੱਕਾ ਹੈ, ਕਿਉਂਕਿ ਜਦੋਂ ਕਿਸੇ ਵਿਅਕਤੀ ਨੇ ਹੈਲਥ ਇੰਸੋਰੈਂਸ ਲੈਣਾ ਹੁੰਦਾ ਹੈ ਤਾਂ ਇਹ ਕੰਪਨੀਆਂ ਵਾਲੇ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਫਾਇਦੇ ਦੱਸ ਕੇ ਪਾਲਸੀਆਂ ਦਿੰਦੇ ਹਨ, ਪਰ ਜਦੋਂ ਲੋਕਾਂ ਨੇ ਮੁਆਵਜਾ ਲੈਣਾ ਹੁੰਦਾ ਹੈ ਤਾਂ ਅੱਖਾਂ ਫੇਰ ਲੈਂਦੇ ਹਨ। ਇਹ ਹੀ ਵਿਵਹਾਰ ਗੰਡਾ ਪਰਵਾਰ ਨਾਲ ਹੋਇਆ। ਉਨਾਂ ਬੀਮਾ ਕੰਪਨੀ ਨੂੰ ਚੇਤਾਵਨੀ ਦਿੱਤੀ ਕਿ ਸਵਰਗੀ ਕਮਲਦੀਪ ਸਿੰਘ ਉਰਫ ਸੇਰੂ ਗੰਡਾ ਦਾ ਬਣਦਾ ਮੁਆਵਜਾ ਜਲਦ ਤੋਂ ਜਲਦ ਉਨਾਂ ਦੇ ਪਰਵਾਰ ਨੂੰ ਦਿੱਤਾ ਜਾਵੇ ਨਹੀਂ ਤਾਂ ਉਹ ਸ਼ਹਿਰ ਵਾਸੀਆਂ ਨੂੰ ਨਾਲ ਲੈ ਕੇ ਬੀਮਾ ਕੰਪਨੀ ਖਿਲਾਫ ਸੰਘਰਸ਼ ਸ਼ੁਰੂ ਕਰ ਦੇਣਗੇ।

ਗੁ. ਸਿੰਘ ਸ਼ਹੀਦਾਂ ਵਿਖੇ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਪ੍ਰਕਾਸ਼ ਪੁਰਬ ਭਲਕੇ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ

ਮੁਹਾਲੀ (ਗੁਰਜੀਤ ਬਿੱਲਾ)—ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਤਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 03 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਦੇ ਬੁਲਾਰੇ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਇਸ ਧਾਰਮਿਕ ਸਮਾਗਮ ਵਿੱਚ ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਮਾਤਾ ਸੁੰਦਰ ਕੌਰ ਸਰਬ ਸੇਵਾ ਸੋਸਾਇਟੀ, ਮਿੱਤਰ ਪਿਆਰੇ ਨੂੰ ਕੀਰਤਨੀ ਜੱਥਾ, ਧੰਨ ਧੰਨ ਬਾਬਾ ਦੀਪ ਸਿੰਘ ਜੀ ਕਵੀਸ਼ਰੀ ਜੱਥਾ, ਭਗੜਾਣੇ ਵਾਲਿਆਂ ਦਾ ਕਵੀਸ਼ਰੀ ਜੱਥਾ, ਭਾਈ ਕੁਲਵਿੰਦਰ ਸਿੰਘ , ਭਾਈ ਪ੍ਰਿਤਪਾਲ ਸਿੰਘ, ਭਾਈ ਕਮਲਜੀਤ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਸਿਮਰਨਜੀਤ ਸਿੰਘ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸਾਰਾ ਦਿਨ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲਗਰ ਅਤੁੱਟ ਵਰਤਾਇਆ ਜਾਵੇਗਾ।

ਗੁਰਵਿੰਦਰ ਸਿੰਘ ਬਹਿੜਵਾਲ ਨੂੰ ਜ਼ਿਲ੍ਹਾ ਯੋਜਨਾ ਬੋਰਡ ਦਾ ਚੇਅਰਮੈਨ ਬਣਨ 'ਤੇ ਵਧਾਈ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਹਿੜਵਾਲ ਦੇ ਅਹੁਦਾ ਸੰਭਾਲ ਪ੍ਰੋਗਰਾਮ ਵਿੱਚ ਵੱਖ-ਵੱਖ ਮੰਤਰੀਆਂ ਅਤੇ ਵਿਧਾਇਕਾਂ ਨੇ ਸ਼ਿਰਕਤ ਕੀਤੀ। ਇਸ ਵਿਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਡਿਪਟੀ ਸਪੀਕਰ ਜੈ ਕਿਸ਼ਨ ਰੋੜੀ, ਸਪੋਰਟਸ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ, ਐੱਮਐੱਲਏ ਮਨਜੀਤ ਸਿੰਘ ਬਿਲਾਸਪੁਰ, ਕੁਲਵੰਤ ਸਿੰਘ ਪੰਡੋਰੀ, ਦਲਬੀਰ ਸਿੰਘ ਟੌਂਗ, ਮਨਜਿੰਦਰ ਸਿੰਘ ਲਾਲਪੁਰਾ, ਕਸ਼ਮੀਰ ਸਿੰਘ ਸੋਹਲ, ਸਰਵਣ ਸਿੰਘ ਧੁੰਨ, ਗੁਦਾਮ ਨਿਗਮ ਚੇਅਰਮੈਨ ਗੁਰਦੇਵ ਸਿੰਘ ਲਾਖਣਾ, ਵਾਟਰ ਮੈਨੇਜਮੈਂਟ ਕਮੇਟੀ ਰਣਜੀਤ ਸਿੰਘ ਚੀਮਾ, ਲੋਕ ਸਭਾ ਇੰਚਾਰਜ ਬਲਜੀਤ ਸਿੰਘ ਖਹਿਰਾ, ਜੁਆਇੰਟ ਸਕੱਤਰ ਜਸਬੀਰ ਸਿੰਘ ਸੁਰਸਿੰਘ, ਗੁਰਸੇਵਕ ਸਿੰਘ ਔਲਖ, ਗੁਰਦੇਵ ਸਿੰਘ ਸੰਧੂ, ਯੋਜਨਾ ਬੋਰਡ ਫਿਰੋਜ਼ਪੁਰ ਦੇ ਚੇਅਰਮੈਨ ਚੰਦ ਸਿੰਘ ਗਿੱਲ, ਰਜਿੰਦਰ ਸਿੰਘ ਉਸਮਾ, ਲਖਵਿੰਦਰ ਸਿੰਘ ਫੌਜੀ, ਗੁਰਲਾਲ ਸਿੰਘ ਭਗਵਾਨਪੁਰਾ, ਸੇਵਕਪਾਲ ਸਿੰਘ ਅਤੇ ਹਰਪ੍ਰੀਤ ਸਿੰਘ ਧੁੰਨਾ ਵੀ ਮੌਜੂਦ ਸਨ। ਇਸ ਪ੍ਰੋਗਰਾਮ ਵਿੱਚ ਆਪਣੇ ਸੰਬੋਧਨ ਦੌਰਾਨ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਮੈਂ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਬਹਿੜਵਾਲ ਨੂੰ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਬਣਨ 'ਤੇ ਵਧਾਈ ਦਿੰਦਾ ਹਾਂ ਅਤੇ ਪਾਰਟੀ ਹਾਈਕਮਾਨ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮਿਹਨਤ ਕਰਨ ਵਾਲੇ ਵਰਕਰਾਂ ਦਾ ਧਿਆਨ ਰੱਖਦੇ ਹੋਏ ਸਾਰੀਆਂ ਚੇਅਰਮੈਨੀਆਂ ਆਮ ਘਰਾਂ ਦੇ ਵਰਕਰਾਂ ਨੂੰ ਦਿੱਤੀਆਂ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਜਿਸ ਦਾ ਮੁੱਖ ਮੁੱਦਾ ਹੀ ਆਮ ਲੋਕਾਂ ਦੇ ਦੁੱਖਾਂ ਨੂੰ ਘੱਟ ਕਰਨਾ ਹੈ। ਅਸੀਂ ਸਾਰੇ ਚੇਅਰਮੈਨ ਨਾਲ ਰਲ ਕੇ ਜ਼ਿਲ੍ਹੇ ਦੀਆਂ ਵਿਕਾਸ ਪੱਖੀ ਯੋਜਨਾਵਾਂ ਬਣਾ ਕੇ ਜ਼ਿਲ੍ਹੇ ਦੇ ਵਿਕਾਸ ਵਿੱਚ ਤੇਜ਼ੀ ਲਿਆਵਾਂਗੇ। ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਨੇ ਆਮ

ਆਦਮੀ ਪਾਰਟੀ ਦੀ ਸਮੁੱਚੀ ਟੀਮ, ਵਲੰਟੀਅਰ ਸਾਥੀ, ਮੰਤਰੀ ਸਾਹਿਬਾਨ ਅਤੇ ਐੱਮਐੱਲਏ ਸਾਹਿਬਾਨ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਮੈਂ ਪਾਰਟੀ ਅਤੇ ਸਰਕਾਰ ਵੱਲੋਂ ਲਗਾਈ ਗਈ ਡਿਊਟੀ ਦੌਰਾਨ ਤਰਨਤਾਰਨ ਦੇ ਸਰਬਪੱਖੀ ਵਿਕਾਸ ਲਈ ਹਰ ਵੇਲੇ ਤਿਆਰ ਬਰ ਤਿਆਰ ਰਹਾਂਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਮਸੀ ਪੱਟੀ ਕੁਲਵੰਤ ਸਿੰਘ ਕਲਸੀ, ਹਰਪ੍ਰੀਤ ਸਿੰਘ, ਮੈਡਮ ਅੰਜੂ ਵਰਮਾ, ਰੁਪਿੰਦਰ ਕੌਰ ਸੰਧੂ, ਕਵਲਜੀਤ ਸਿੰਘ ਮਝੈਲ, ਅਮਰਿੰਦਰ ਸਿੰਘ ਐਮੀ, ਗੁਰਜੀਤ ਸਿੰਘ ਝਾਮਕਾ, ਮਨਜੀਤ ਸਿੰਘ ਵਰਨਾਲਾ, ਦਵਿੰਦਰ ਸਿੰਘ ਰੰਧਾਵਾ, ਰੂਪ ਸਿੱਧੂ, ਗੁਰਚਰਨ ਸਿੰਘ ਭੋਲਾ, ਲਵਲੀ ਦੁਲਚੀਪੁਰ, ਯਾਦਵਿੰਦਰ ਸਿੰਘ, ਗੁਰਵਿੰਦਰ ਸਿੰਘ ਭੁੱਚਰ, ਸੰਦੀਪ ਸਿੰਘ ਨਾਰਲੀ, ਸੰਦੀਪ ਸਿੰਘ ਪਲਾਸੌਰ, ਕਸ਼ਮੀਰ ਸਿੰਘ ਸੋਹਲ, ਹਰੀ ਸਿੰਘ ਵਾਂ, ਕੇਵਲ ਕ੍ਰਿਸ਼ਨ, ਅਵਤਾਰ ਸਿੰਘ ਮੁਠਾਰੂ, ਡਾ. ਬਲਬੀਰ ਸਿੰਘ, ਗੁਰਬਚਨ ਸਿੰਘ ਸੰਧੂ, ਐਸਪ੍ਰੀਤ ਸਿੰਘ ਸੰਧੂ ਅਤੇ ਜਰਨੈਲ ਸਿੰਘ ਆਦਿ ਹੋਰ ਵੀ ਸੈਂਕੜੇ ਸਾਥੀ ਹਾਜ਼ਰ ਸਨ।

OFFICE OF THE DISTRICT & SESSIONS JUDGE, AMRITSAR

TENDER NOTICE

Separate tenders are invited from reputed, competent and responsible outsource companies/organizations/agencies having sufficient experience in the maintenance and cleanliness of complexes for allotment of work contract for maintenance and cleanliness of respective Judicial Courts Complexes at Amritsar, Ajnala and Baba Bakala Sahib for period from 1.3.2023 to 29.2.2024. The covered area and the open area for the purpose of maintenance and cleanliness for above said Judicial Complexes is given below:

Sr. No.	Name of the Judicial Courts Complex	Covered Area of Complex (including entrance, lounges, staircases/ ramps, corridors, rooms, toilets etc. Which is required to be cleaned by Sweepers)	Open Area (Required to be cleaned by Sweepers including internal roads of the Complex etc.)
1.	Judicial Courts Complex, Amritsar	139983.5 Sq. Ft.	32938 Sq. Ft.
2.	New Judicial Courts Complex, Ajnala	39083.94 Sq. Ft.	240962 Sq. Ft.
3.	New Judicial Courts Complex, Baba Bakala Sahib.	51749 Sq. Ft.	165259 Sq. Ft.

Proper and efficient cleaning of the premises have to be done twice a day and on all days of the week except Sunday, on all the floors of the Complexes including entrance, lounges, staincases/ramps, corridors, rooms toilets etc and all sanitary fitting therein, cleaning of windows, dusting of Court Rooms, Doors, Windows, Panes, Grills, Terraces, Projections, removal of webs, sweeping of approaching passages and parks. Tenderer will responsible for employment of 20 Sweepers at Amritsar, 10 Sweepers at Ajnala and 8 Sweepers at Baba Bakala Sahib. The detailed terms and conditions along with application form can be obtained free of cost from office of undersigned on any working day by hand/by post by sending self addressed adequately stamped envelope. Last date for receipt of tenders will be 20.2.2023. Tenders will be opened in the presence of contractors or their authorized representatives on 22.2.2023 at 2.00 PM. This office will not take any responsibility for any postal delay and tenders received after due date will not be accepted. Any other information be obtained from this office during working hours.

District & Sessions Judge, Amritsar

ਨਵਾਂ ਜ਼ਮਾਨਾ
ਵੀਰਵਾਰ, 2 ਫਰਵਰੀ 2023

ਵਰਕਰਾਂ ਦੀ ਖਰੀਦ ਸ਼ਕਤੀ ਘਟੀ

ਭਾਰਤ ਨੂੰ ਵਿਕਸਤ ਦੇਸ਼ ਬਣਾਉਣ ਦਾ ਦਾਅਵਾ ਕਰਨ ਵਾਲੀ ਮੋਦੀ ਸਰਕਾਰ ਤਹਿਤ ਵਰਕਰਾਂ ਦੀ ਕੀ ਹਾਲਤ ਹੈ, ਇਸ ਦਾ 2022-23 ਦੇ ਆਰਥਿਕ ਸਰਵੇਖਣ ਤੋਂ ਪਤਾ ਲੱਗ ਜਾਂਦਾ ਹੈ। ਸਰਵੇਖਣ ਮੁਤਾਬਕ ਉਜਰਤ ਵਿਚ ਵਾਧੇ ਦੇ ਬਾਵਜੂਦ ਵਰਕਰਾਂ ਦੀ ਅਸਲ ਉਜਰਤ ਜਾਂ ਉਨ੍ਹਾਂ ਵੱਲੋਂ ਹਾਸਲ ਕੀਤੇ ਜਾ ਰਹੇ ਪੈਸੇ ਦੀ ਖਰੀਦ ਸ਼ਕਤੀ ਘਟ ਰਹੀ ਹੈ। ਸੰਸਦ ਵਿਚ ਮੰਗਲਵਾਰ ਪੇਸ਼ ਕੀਤੇ ਗਏ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਪਿੰਡਾਂ ਵਿਚ ਵਰਕਰਾਂ ਦੀ ਉਜਰਤ ਨਵੰਬਰ 2022 ਤੱਕ ਲਗਾਤਾਰ ਵਧੀ। ਅਪ੍ਰੈਲ-ਨਵੰਬਰ 2022 ਵਿਚ ਖੇਤੀਬਾੜੀ ਵਿਚ ਲੱਗੇ ਮਰਦ ਵਰਕਰਾਂ ਦੀ ਉਜਰਤ ਵਿਚ 5.1 ਫੀਸਦੀ ਤੇ ਮਹਿਲਾਵਾਂ ਦੀ ਉਜਰਤ ਵਿਚ 7.5 ਫੀਸਦੀ ਦਾ ਵਾਧਾ ਹੋਇਆ। ਗੈਰ-ਖੇਤੀਬਾੜੀ ਸਰਗਰਮੀਆਂ ਵਿਚ ਮਰਦਾਂ ਦੀ 4.7 ਫੀਸਦੀ ਤੇ ਮਹਿਲਾਵਾਂ ਦੀ 3.7 ਫੀਸਦੀ ਵਧੀ, ਪਰ ਨੋਟ ਪਸਾਰਾ ਵਧਣ ਕਾਰਨ ਖਰੀਦ ਸ਼ਕਤੀ 'ਚ ਹੋਈ ਕਮੀ ਕਰਕੇ ਉਨ੍ਹਾਂ ਨੂੰ ਇਸ ਦਾ ਲਾਭ ਨਹੀਂ ਹੋਇਆ ਤੇ ਸਥਿਤੀ ਇਹ ਬਣ ਗਈ ਕਿ ਉਹ ਪਹਿਲਾਂ ਨਾਲੋਂ ਵੀ ਘੱਟ ਮਾਤਰਾ 'ਚ ਚੀਜ਼ਾਂ ਖਰੀਦਣ ਲਈ ਮਜਬੂਰ ਹੋਏ। ਕੌਮਾਂਤਰੀ ਕਿਰਤ ਜਥੇਬੰਦੀ ਨੇ ਵੀ ਨਵੰਬਰ 2022 ਵਿਚ 2022-23 ਲਈ ਜਾਰੀ ਸੰਸਾਰ ਉਜਰਤ ਰਿਪੋਰਟ 'ਚ ਕਿਹਾ ਸੀ ਕਿ ਵਧੇ ਨੋਟ ਪਸਾਰੇ ਦਾ ਨਤੀਜਾ ਕਈ ਦੇਸ਼ਾਂ ਦੇ ਵਰਕਰਾਂ ਦੀ ਅਸਲ ਆਮਦਨ ਦੀ ਕਦਰ-ਘਟਾਈ ਵਿਚ ਨਿਕਲਿਆ ਹੈ। ਇਸ ਕਰਕੇ ਮੱਧਵਰਗੀ ਲੋਕਾਂ ਤੇ ਖਾਸ ਕਰਕੇ ਘੱਟ ਆਮਦਨੀ ਵਾਲੇ ਗਰੁੱਪਾਂ ਨੂੰ ਵੱਡੀ ਮਾਰ ਪਈ ਹੈ।

ਕਿਰਤ ਅਰਥ ਸ਼ਾਸਤਰੀ ਅਮਿਤਾਭ ਕੁੰਡੂ ਮੁਤਾਬਕ ਕਿਸੇ ਵਰਕਰ ਦੀ ਰੋਜ਼ਾਨਾ ਉਜਰਤ ਭਾਵੇਂ 50 ਰੁਪਏ ਤੋਂ ਵਧ ਕੇ 60 ਰੁਪਏ ਹੋ ਜਾਵੇ, ਪਰ ਜੇ ਉਹ 60 ਰੁਪਏ ਵਿਚ ਉਸ ਤੋਂ ਘੱਟ ਚੀਜ਼ ਖਰੀਦ ਪਾਉਂਦਾ ਹੈ, ਜਿੰਨੀ ਉਹ ਪਿਛਲੇ ਸਾਲ 50 ਰੁਪਏ ਵਿਚ ਖਰੀਦਦਾ ਸੀ ਤਾਂ ਉਸ ਦਾ ਮਤਲਬ ਹੈ ਕਿ ਉਹ ਘਾਟੇ ਵਿਚ ਰਿਹਾ। ਕੁੰਡੂ ਮੁਤਾਬਕ ਗੈਰ-ਜਥੇਬੰਦ ਖੇਤਰ ਦੇ ਮਜ਼ਦੂਰਾਂ ਦੀ ਤ੍ਰਾਸਦੀ ਹੈ ਕਿ ਉਨ੍ਹਾਂ ਦੀ ਉਜਰਤ ਵਰਕਰਾਂ ਦੀ ਸਪਲਾਈ ਤੇ ਕੰਮ ਦੀ ਮੰਗ 'ਤੇ ਨਿਰਭਰ ਕਰਦੀ ਹੈ। ਕੰਮ ਜ਼ਿਆਦਾ ਹੈ ਤੇ ਵਰਕਰ ਓਨੇ ਨਹੀਂ ਮਿਲਦੇ ਤਾਂ ਉਜਰਤ ਕੁਝ ਵੱਧ ਮਿਲ ਜਾਵੇਗੀ। ਜੇ ਕੰਮ ਘੱਟ ਹੈ ਤੇ ਵਰਕਰ ਵੱਧ ਹਨ ਤਾਂ ਉਨ੍ਹਾਂ ਵਿੱਚੋਂ ਕਈ ਵਿਹਲੇ ਬੈਠਣਗੇ ਤੇ ਜਿਨ੍ਹਾਂ ਨੂੰ ਕੰਮ ਮਿਲ ਗਿਆ, ਉਨ੍ਹਾਂ ਨੂੰ ਮਾਲਕ ਉਜਰਤ ਮਰਜ਼ੀ ਨਾਲ ਦੇਵੇਗਾ। ਏ ਐੱਨ ਸਿਨਹਾ ਇੰਸਟੀਚਿਊਟ ਪਟਨਾ ਦੇ ਸਾਬਕਾ ਡਾਇਰੈਕਟਰ ਸੁਨੀਲ ਰੇਅ ਨੇ ਦੇਸ਼ ਦੇ ਵਰਕਰਾਂ ਦੀ ਹਾਲਤ 'ਤੇ ਚਾਨਣਾ ਪਾਉਂਦਿਆਂ ਦੱਸਿਆ ਹੈ ਕਿ ਬਹੁਤੇ ਵਰਕਰ ਬੁਨਿਆਦੀ ਲੋੜ ਦੀਆਂ ਚੀਜ਼ਾਂ ਖਰੀਦਣ ਯੋਗ ਵੀ ਨਹੀਂ। ਲੱਗਭੱਗ 70 ਫੀਸਦੀ ਵਰਕਰਾਂ ਦੀ ਹਾਲਤ ਤਾਂ ਬਹੁਤ ਹੀ ਨਿੱਘਰ ਗਈ ਹੈ।

ਪ੍ਰੀਖਿਆਵਾਂ ਨੂੰ ਹਊਆ ਨਾ ਬਣਨ ਦਿਓ

ਕੰਵਰਦੀਪ ਸਿੰਘ ਭੱਲਾ

ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਨੇੜੇ ਆਉਣ ਨਾਲ ਉਨ੍ਹਾਂ 'ਤੇ ਮਾਨਿਸਕ ਦਬਾਅ ਦਾ ਵਧਣਾ ਸੁਭਾਵਿਕ ਹੈ, ਇਸ ਵਿੱਚ ਮਾਪੇ, ਅਧਿਆਪਕ, ਟਿਊਸ਼ਨ ਵਾਲੇ ਅਧਿਆਪਕ, ਰਿਸ਼ਤੇਦਾਰ ਅਤੇ ਸਕੇ-ਸੰਬੰਧੀ ਕਿਤੇ ਨਾ ਕਿਤੇ ਆਪਣੀ ਸ਼ਮੂਲੀਅਤ ਦੇ ਰਹੇ ਨੇ। ਭਾਵੇਂ ਅਧਿਆਪਕ ਵਰਗ ਦਾ ਵਿਦਿਆਰਥੀ ਨਾਲ ਗੁਰੂ-ਚੇਲੇ ਦਾ ਰਿਸ਼ਤਾ ਸਦੀਆਂ ਪੁਰਾਣਾ ਹੈ, ਪਰ ਅੰਕਾਂ ਦੀ ਦੌੜ ਨੇ ਕਿਤੇ ਨਾ ਕਿਤੇ ਇਸ 'ਤੇ ਵੀ ਸੱਟ ਮਾਰੀ ਏ, ਕਿਉਂਕਿ ਉਸ ਨੂੰ ਸਕੂਲ ਅਧਿਆਪਕ 'ਤੇ ਪੂਰਨ ਵਿਸ਼ਵਾਸ ਨਹੀਂ ਰਿਹਾ, ਜਿਸ ਲਈ ਉਹ ਹੋਰ ਸਿੱਖਣ ਦੇ ਚੱਕਰ ਵਿੱਚ ਟਿਊਸ਼ਨ ਦਾ ਸਹਾਰਾ ਲੈਂਦਾ ਏ, ਪਹਿਲੇ ਸਮੇਂ ਵਿੱਚ ਟਿਊਸ਼ਨ ਨਲਾਇਕ ਬੱਚੇ ਹੀ ਪੜ੍ਹਦੇ ਸਨ, ਪਰ ਅੱਜ ਸ਼ਾਇਦ ਉਲਟ ਹੈ। ਵਿਦਿਆਰਥੀਆਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਕਿਸ ਅਧਿਆਪਕ ਦਾ ਕੰਮ ਯਾਦ ਕਰਨ, ਉਹ ਸਾਰਾ-ਸਾਰਾ ਦਿਨ ਘਰ ਤੋਂ ਬਾਹਰ ਰਹਿ ਕੇ ਪੜ੍ਹਦੇ ਰਹਿੰਦੇ ਨੇ, ਕਿਤੇ ਅੰਕ ਘੱਟ ਨਾ ਆ ਜਾਣ ਇਸ ਪਰੇਸ਼ਾਨੀ ਨਾਲ ਉਹ ਹਮੇਸ਼ਾ ਘਬਰਾਹਟ ਵਿੱਚ ਤੇ ਹਰ ਵੇਲੇ ਡਰੇ-ਡਰੇ ਰਹਿੰਦੇ ਨੇ ।

ਅੰਕਾਂ ਵਿੱਚ ਇੱਕ-ਦੂਜੇ ਤੋਂ ਅੱਗੇ ਵਧਣ ਦੀ ਦੌੜ ਨਾਲ ਕਈ ਵਿਦਿਆਰਥੀ ਕਿਤਾਬੀ ਕੀੜੇ ਬਣ ਚੁੱਕੇ ਨੇ ਤੇ ਇਸ ਨਾਲ ਉਨ੍ਹਾਂ ਨੇ ਛੋਟੀ ਉਮਰ ਵਿੱਚ ਹੀ ਬੀ. ਪੀ, ਸ਼ੂਗਰ ਅਤੇ ਹੋਰ ਬਿਮਾਰੀਆਂ ਸੁਹੇੜ ਲਈਆਂ ਏ। ਇਸ ਲਈ ਵੀ ਸਾਡਾ ਸਮਾਜ ਕਿਤੇ ਨਾ ਕਿਤੇ ਜ਼ੁੰਮੇਵਾਰ ਹੈ। ਅਸੀਂ ਆਮ ਤੌਰ 'ਤੇ ਦੇਖਦੇ ਹਾਂ ਕਿ ਘਰ ਵਿੱਚ ਵੱਡੇ ਰੋਟੀ ਖਾਣ ਅਤੇ ਸੌਣ ਸਮੇਂ ਬੱਚਿਆਂ ਨੂੰ ਪੜ੍ਹਾਈ ਲਈ ਡਾਂਟਣਾ ਸ਼ੁਰੂ ਕਰ ਦਿੰਦੇ ਹਾਂ, ਜਿਸ ਨਾਲ ਬੱਚਿਆਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਏ, ਉਸ ਸਮੇਂ ਪੜ੍ਹਾਈ ਨਾਲ ਸਬੰਧਤ ਕੋਈ ਐਸੀ ਗੱਲ ਨਹੀਂ ਕਰਨੀ ਚਾਹੀਦੀ ਹੈ, ਸਗੋਂ ਬੱਚਿਆਂ ਨੂੰ ਖਾਣੇ ਦਾ ਆਨੰਦ ਲੈਣ ਦੇਣਾ ਚਾਹੀਦਾ ਹੈ। ਸਾਡੇ ਕੋਲ ਸਾਰਾ ਦਿਨ ਸਮਾਂ ਹੁੰਦਾ ਹੈ, ਜਦੋਂ ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾਈ ਕਰਨ ਲਈ ਤਰਕ ਨਾਲ ਸਮਝਾ ਸਕਦੇ ਹਾਂ, ਸਾਨੂੰ ਆਪਣਿਆਂ ਬੱਚਿਆਂ ਦਾ ਮੁਕਾਬਲਾ ਦੂਸਰਿਆਂ ਦੇ ਬੱਚਿਆਂ ਨਾਲ ਪੜ੍ਹਾਈ ਅਤੇ ਖੇਡਾਂ ਵਿੱਚ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਕਦੀ ਕਿਸੇ ਸਾਹਮਣੇ ਝਿੜਕਣਾ ਜਾਂ ਮਾਰਨਾ ਚਾਹੀਦਾ ਹੈ, ਇਸ ਨਾਲ ਬੱਚਿਆਂ ਵਿੱਚ ਹੀਣ ਭਾਵਨਾ ਆ ਜਾਂਦੀ ਹੈ ਤੇ ਬੱਚੇ ਮਾਨਸਿਕ ਦਬਾਅ ਵਿੱਚ ਆ ਕੇ ਕਈ ਤਰ੍ਹਾ ਦੀਆਂ ਬਿਮਾਰੀਆਂ ਸਹੇੜ ਲੈਂਦੇ ਨੇ।

ਅੱਜ ਇਹ ਜ਼ਰੂਰੀ ਹੈ ਕਿ ਮਾਂ-ਬਾਪ ਨੂੰ ਵੀ ਆਪਣੇ ਬੱਚਿਆਂ ਨਾਲ ਹਰ ਰੋਜ਼ ਗੱਲਬਾਤ ਕਰਨ ਲਈ ਸਮਾਂ ਕੱਢਣਾ ਚਾਹੀਦਾ ਹੈ, ਉਨ੍ਹਾਂ ਦੀ ਹਰ ਗੱਲ ਧਿਆਨਪੂਰਵਕ ਸੁਣਨ ਨਾਲ ਤੁਸੀਂ ਉਨ੍ਹਾਂ ਨੂੰ ਕਿਤੇ ਨਾ ਕਿਤੇ ਗਲਤ ਰਸਤੇ ਤੋਂ ਬਚਾਉਣ ਲਈ ਜ਼ਰੂਰ ਕਾਮਯਾਬੀ ਹਾਸਿਲ ਕਰੋਗੇ। ਹਮੇਸ਼ਾ ਘਰ ਵਿੱਚ ਆਪ ਵੀ ਹੱਸਦੇ ਰਹਿਣਾ ਚਾਹੀਦਾ ਹੈ, ਕਿਉਂਕਿ ਬਹੁਤੇ ਘਰਾਂ ਵਿੱਚ ਭਾਵੇਂ ਸੁੱਖ-ਸੁਵਿਧਾਵਾਂ ਬਹੁਤ ਹਨ, ਪਰ ਖੁਸ਼ੀ ਕਿਤੇ ਨਾ ਕਿਤੇ ਅਲੋਪ ਹੋ ਚੁੱਕੀ ਹੈ, ਜਿਸ ਨੂੰ ਵਾਪਿਸ ਲਿਆਉਣ ਲਈ ਉਪਰਾਲਾ ਕਰਨ ਦੀ ਜ਼ਰੂਰਤ ਹੈ ।

 # ਸੰਪਰਕ : 99881-94776

ਔਰਤਾਂ 'ਤੇ ਜ਼ੁਲਮ, ਰੂੜ੍ਹੀਵਾਦੀ ਸੋਚ ਅਤੇ ਸਰਕਾਰਾਂ

ਗੁਰਮੀਤ ਸਿੰਘ ਪਲਾਹੀ

ਪੀਲੀਭੀਤ ਵਿੱਚ ਅੱਠ ਮਹੀਨਿਆਂ ਦੀ ਗਰਭਵਤੀ ਪਤਨੀ ਨੂੰ ਬੇਰਹਿਮ ਪਤੀ ਨੇ ਮੋਟਰਸਾਈਕਲ ਦੇ ਪਿੱਛੇ ਬੰਨ੍ਹ ਕੇ ਘਸੀਟਿਆ। ਜੀਵਨ ਸਾਥੀ ਵੱਲੋਂ ਕਰੂਰਤਾ ਦੀ ਸੀਮਾ ਪਾਰ ਕਰਨ ਵਾਲੀ ਇਸ ਘਟਨਾ ਵਿੱਚ ਪਤਨੀ ਨਾਲ ਗਾਲੀ-ਗਲੋਚ , ਮਾਰਕੁੱਟ ਤਾਂ ਹੋਈ ਹੀ, ਉਸ ਦੀ ਜ਼ਿੰਦਗੀ ਖੋਹਣ ਦੇ ਇਰਾਦੇ ਨਾਲ ਉਸਨੂੰ ਮੋਟਰਸਾਈਕਲ ਦੇ ਪਿੱਛੇ ਹੱਥ ਬੰਨ੍ਹਕੇ ਘਸੀਟਣ ਦਾ ਪਸ਼ੂਪੁਣਾ ਵੇਖਣ ਨੂੰ ਮਿਲਿਆ ।

ਪਿਛਲੇ ਦਿਨੀਂ ਦਿੱਲੀ ਦੀਆਂ ਸੜਕਾਂ ਉੱਤੇ ਇੱਕ ਲੜਕੀ ਦੇ ਤੋੜੇ-ਮਰੋੜੇ ਸਰੀਰ ਨੂੰ ਕਈ ਕਿਲੋਮੀਟਰ ਤੱਕ ਕਾਰ ਪਿੱਛੇ ਘਸੀਟਣ ਦੀ ਸ਼ਰਮਨਾਕ ਘਟਨਾ ਵਾਪਰੀ। ਇੱਥੇ ਹੀ ਬੱਸ ਨਹੀਂ, ਵੂਮੈਨ ਕਮਿਸ਼ਨ ਦਿੱਲੀ ਦੀ ਚੇਅਰਪਰਸਨ ਦੇ ਨਾਲ ਇੱਕ ਸ਼ਰਾਬੀ ਨੇ ਉਸ ਵੇਲੇ ਦੁਰਵਿਵਹਾਰ ਕੀਤਾ, ਜਦੋਂ ਉਹ ਔਰਤ ਦੀ ਸੁਰੱਖਿਆ ਦਾ ਜਾਇਜ਼ਾ ਲੈਣ ਲਈ ਦਿੱਲੀ ਦੀਆਂ ਸੜਕਾਂ 'ਤੇ ਨਿਕਲੀ ।ਅੱਜ ਦੇ ਯੁੱਗ ਵਿੱਚ ਇਹ ਮਾਨਸਿਕ ਵਰਤਾਰਾ ਔਰਤਾਂ ਦੇ ਮਨ 'ਚ ਅਸੁਰੱਖਿਆ, ਭੈਅ ਪੈਦਾ ਕਰਨ ਦਾ ਕੋਝਾ ਯਤਨ ਹੈ।

ਭਾਰਤ ਮਹਾਨ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੇ 75ਵੇਂ ਆਜ਼ਾਦੀ ਦਿਹਾੜੇ ਸਮੇਂ 15 ਅਗਸਤ 2022 ਨੂੰ ਲਾਲ ਕਿਲ੍ਹੇ ਦੀ ਫਸੀਲ ਤੋਂ ਖੜ ਕੇ ਦੇਸ਼ ਵਾਸੀਆਂ ਨੂੰ ਔਰਤਾਂ ਪ੍ਰਤੀ ਵਰਤਾਰਾ ਅਤੇ ਵਰਤਾਓ ਬਦਲਣ ਦੀ ਸਹੁੰ ਖਾਣ ਲਈ ਕਿਹਾ । ਉਹਨਾ ਕਿਹਾ ਕਿ ਜਦੋਂ ਅਸੀਂ ਔਰਤਾਂ ਨਾਲ ਬਲਾਤਕਾਰ ਦੀ ਘਟਨਾ ਬਾਰੇ ਸੁਣਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਇਸ ਵਰ੍ਹੇ ਦੇਸ਼ ਭਾਰਤ ਦੀ ਹਕੂਮਤ ਸਮੇਤ ਦੇਸ਼ ਭਾਰਤ ਦੀ ਜਨਤਾ ਨੂੰ ਉਸ ਵੇਲੇ ਵੱਡੀ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ, ਜਦੋਂ 2002 'ਚ ਗੁਜਰਾਤ ਵਿੱਚ ਵਾਪਰੀ ਬਲਾਤਕਾਰ ਦੀ ਘਟਨਾ, ਜਿਸ 'ਚ ਇੱਕ ਮੁਸਲਮਾਨ ਔਰਤ ਦਾ 14 ਮੈਂਬਰਾਂ ਨੇ ਸਮੂਹਿਕ ਬਲਾਤਕਾਰ ਕੀਤਾ ਅਤੇ ਉਸ ਦੇ ਪਰਵਾਰਕ ਮੈਂਬਰਾਂ ਨੂੰ ਮਾਰ ਦਿੱਤਾ ਸੀ, ਉਹਨਾ ਦੋਸ਼ੀ ਬਲਾਤਕਾਰੀਆਂ ਨੂੰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ।

ਅੱਠ ਸਾਲ ਹੋ ਗਏ 2014 ਤੋਂ ਹੁਣ ਤੱਕ ਭਾਜਪਾ ਨੂੰ ਦੇਸ਼ ਦੀ ਹਕੂਮਤ ਚਲਾਉਂਦਿਆਂ। ਸਾਲ 2020 ਦੇ ਕੋਵਿਡ-19 ਦੇ ਸਾਲ ਨੂੰ ਛੱਡ ਕੇ 2014 ਤੋਂ ਹੁਣ ਤੱਕ ਔਰਤਾਂ ਨਾਲ ਹੁੰਦੇ ਬਲਾਤਕਾਰ, ਘਰੇਲੂ ਹਿੰਸਾ ਆਦਿ ਵਿੱਚ ਹਰ ਸਾਲ ਲਗਾਤਾਰ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਚਿੰਤਕ ਇਸ ਵਰਤਾਰੇ ਦੀ ਨਿੰਦਿਆ ਕਰਦੇ ਹਨ, ਪਰ ਦੇਸ਼ ਦੀ ਨੌਕਰਸ਼ਾਹੀ, ਅਧਿਕਾਰੀ ਇਹ ਕਹਿੰਦੇ ਨਹੀਂ ਥੱਕਦੇ ਕਿ ਇਸ ਵਾਧੇ ਦਾ ਕਾਰਨ ਲੋਕਾਂ 'ਚ ਆਈ ਜਾਗਰੂਕਤਾ ਹੈ, ਜਿਸ ਕਾਰਨ ਔਰਤਾਂ/ਲੋਕ ਆਪਣੀ ਸ਼ਿਕਾਇਤ ਦਰਜ ਕਰਾਉਣ ਲਈ ਥਾਣੇ ਜਾਣ ਲੱਗ ਪਏ ਹਨ। ਪਿਛਲੇ ਸਾਲ ਔਰਤਾਂ 'ਤੇ ਜ਼ਿਆਦਤੀਆਂ ਸੰਬੰਧੀ ਪਹਿਲੀ ਜਨਵਰੀ ਤੋਂ 31 ਦਸੰਬਰ ਤੱਕ 4, 28, 278 ਕੇਸ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਦਰਜ ਹੋਏ। ਇਹ ਸਾਲ 2016 ਤੋਂ ਲੈ ਕੇ ਹੁਣ ਤੱਕ ਦੇ 6 ਵਰ੍ਹਿਆਂ 'ਚ 26.35 ਫ਼ੀਸਦੀ ਦਾ ਵਾਧਾ ਸੀ। ਇਹ ਕੇਸ ਬਲਾਤਕਾਰ, ਉਧਾਲੇ, ਦਾਜ-ਦਹੇਜ, ਘਰੇਲੂ ਹਿੰਸਾ ਸੰਬੰਧੀ ਦਰਜ ਹੋਏ। ਦੇਸ਼ ਦੇ ਭਾਜਪਾ ਸ਼ਾਸਤ ਪ੍ਰਦੇਸ਼ ਯੂ.ਪੀ. 'ਚ 56,000 ਕੇਸ ਦਰਜ ਹੋਏ, ਜਿੱਥੋਂ ਦੀ ਕੁੱਲ ਆਬਾਦੀ 24 ਕਰੋੜ ਹੈ। ਅੰਕੜੇ ਦੱਸਦੇ ਹਨ ਕਿ ਰਾਜਸਥਾਨ ਵਿੱਚ 40,734 ਅਤੇ ਮਹਾਰਾਸ਼ਟਰ ਵਿੱਚ 39,526 ਕੇਸ ਰਜਿਸਟਰਡ ਕੀਤੇ ਗਏ। ਇਹਨਾ ਵਿੱਚੋਂ 31,878 ਬਲਾਤਕਾਰ ਦੇ ਕੇਸ ਦਰਜ ਹੋਏ ਅਤੇ ਦੇਸ਼ ਭਾਰਤ ਨੇ ਦੁਨੀਆ ਭਰ ਵਿੱਚ "ਬਲਾਤਕਾਰ ਦੀ ਰਾਜਧਾਨੀ" ਦਾ ਦਰਜਾ ਹਾਸਲ ਕੀਤਾ।

ਇੱਕ ਖੋਜ ਪੱਤ੍ਰਿਕਾ "ਡਰੱਗ ਐਂਡ ਐਲਕੋਹਲ ਰਵੀਊ" ਵੱਲੋਂ ਲਿੰਗਿਕ ਅਪਰਾਧ ਅਤੇ ਸ਼ਰਾਬ ਦੇ ਸੰਬੰਧ ਬਾਰੇ ਸਰਵੇ ਕੀਤਾ ਗਿਆ, ਜਿਸ 'ਚ ਸਿੱਟਾ ਕੱਢਿਆ ਗਿਆ ਕਿ ਔਰਤਾਂ ਨਾਲ ਹੋਣ ਵਾਲੇ ਅਪਰਾਧਾਂ ਵਿੱਚ ਸ਼ਰਾਬਨੋਸ਼ੀ ਦੀ ਵੱਡੀ ਭੂਮਿਕਾ ਹੈ।

ਪਰ ਗੁਜਰਾਤ ਵਰਗੀਆਂ ਫਿਰਕੂ ਘਟਨਾਵਾਂ 'ਚ ਔਰਤਾਂ ਉਤੇ ਬਲਾਤਕਾਰੀ ਹਿੰਸਾ ਕੀ ਦਰਸਾਉਂਦੀ ਹੈ ? ਅਸਲ 'ਚ ਇਹ ਫਿਰਕੂ, ਜਗੀਰੂ ਰੂੜ੍ਹੀਵਾਦੀ ਸੋਚ ਦਾ ਨਤੀਜਾ ਵੀ ਹੈ ਅਤੇ ਸੌੜੀ ਸਿਆਸਤ ਦਾ ਵੀ। ਚੋਣ 'ਚ ਹਾਰ ਕੇ ਪਰਵਾਰ ਨਾਲ ਰੰਜਿਸ਼ ਕਰਨੀ ਤੇ ਔਰਤਾਂ, ਬੱਚੀਆਂ ਨੂੰ ਸ਼ਿਕਾਰ ਬਣਾਉਣਾ, ਕੀ ਦੰਭੀ ਮਾਨਸਿਕਤਾ ਅਤੇ ਦਬਾਓ ਦੀ ਰਾਜਨੀਤੀ ਨਹੀਂ ?

ਪਿਛਲੇ ਦਿਨੀਂ ਹਸਨਪੁਰ ਖੇਤਰ ਦੇ ਪਿੰਡ ਟਪਾ ਵਿੱਚ ਚੋਣਾਂ ਦੇ ਚਲਦੇ ਸਰਪੰਚ ਦੇ ਘਰ ਉਤੇ ਪਿੰਡ ਦੇ ਹੀ ਛੇ ਲੋਕਾਂ ਨੇ ਟਰੈਕਟਰ ਚੜ੍ਹਾ ਕੇ ਸਰਪੰਚ ਦੇ ਬਜ਼ੁਰਗ ਪਿਤਾ ਅਤੇ ਉਸਦੀ ਤੇਰਾਂ ਸਾਲਾਂ ਦੀ ਬੇਟੀ ਨੂੰ ਕੁਚਲ ਕੇ ਮਾਰ ਦਿੱਤਾ। ਅਸਲ 'ਚ ਵਾਰਦਾਤ ਕਰਨ ਵਾਲਾ ਚੋਣ ਹਾਰ ਗਿਆ ਸੀ ਤੇ ਉਸ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ। ਇੱਕ ਨਹੀਂ, ਕਈ ਘਟਨਾਵਾਂ ਇਹੋ ਜਿਹੀਆਂ ਦੇਸ਼ ਦੇ ਦੂਰ -ਦੁਰੇਡੇ ਪਿੰਡਾਂ 'ਚ ਵੇਖਣ ਨੂੰ ਮਿਲਦੀਆਂ ਹਨ, ਜਿਸ ਵਿੱਚ ਔਰਤਾਂ ਨਾਲ ਵਿਭਚਾਰ ਹੁੰਦਾ ਹੈ, ਤਾਂ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਛੇੜਖਾਨੀ ਹੁੰਦੀ ਹੈ ਤਾਂ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਇੱਥੋਂ ਤੱਕ ਕਿ ਕਈ ਹਾਲਤਾਂ 'ਚ ਪੇਂਡੂ ਪੰਚਾਇਤਾਂ ਵੀ ਔਰਤਾਂ ਦੇ ਮਾਮਲੇ 'ਚ ਅਜੀਬੋ-ਗਰੀਬ ਫੈਸਲੇ ਕਰਦੀਆਂ ਹਨ ਅਤੇ ਉਹਨਾ ਦੇ ਅਧਿਕਾਰਾਂ, ਹੱਕਾਂ ਨੂੰ ਲਿਤਾੜ ਕੇ ਮਰਦ ਪ੍ਰਧਾਨ ਸਮਾਜ 'ਚ ਰੰਘਰਊਪੁਣੇ ਨਾਲ ਹੀ ਔਰਤਾਂ ਖਿਲਾਫ਼ ਫ਼ੈਸਲੇ ਲਏ ਜਾਂਦੇ ਹਨ।

ਘਰੇਲੂ ਹਿੰਸਾ ਦੇਸ਼ 'ਚ ਹੀ ਨਹੀਂ, ਦੁਨੀਆ ਭਰ 'ਚ ਆਮ ਹੈ। ਵਰਲਡਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ ਦੁਨੀਆ ਭਰ ਵਿੱਚ ਤਿੰਨਾਂ ਵਿੱਚੋਂ ਇੱਕ ਔਰਤ ਪਤੀ ਦੀ ਹਿੰਸਾ ਦਾ ਸ਼ਿਕਾਰ ਹੁੰਦੀ ਹੈ, ਇਹੋ ਵਰਤਾਰਾ ਭਾਰਤ 'ਚ ਹੈ। ਮਰਦ ਵੱਲੋਂ ਔਰਤ ਦੀ ਕੁੱਟਮਾਰ, ਗਾਲੀ-ਗਲੋਚ, ਇਸ ਕਰਕੇ ਵੀ ਆਮ ਹੈ ਕਿ ਉਸ ਵੱਲੋਂ ਕੰਮ ਪਤੀ ਦੀ ਆਗਿਆ ਬਿਨਾਂ ਕਿਉਂ ਕੀਤੇ ਜਾਂਦੇ ਹਨ। ਚੰਗਾ ਖਾਣਾ ਨਾ ਬਣਾਉਣਾ ਅਤੇ ਸੈਕਸ ਲਈ ਰਾਜ਼ੀ ਨਾ ਹੋਣਾ ਵੀ ਕੁੱਟ-ਮਾਰ ਦਾ ਕਾਰਨ ਬਣਦਾ ਹੈ। ਇਸ ਸਭ ਕੁਝ ਦੇ ਵਿਚਕਾਰ ਦਾਜ-ਦਹੇਜ ਕਾਰਨ ਔਰਤਾਂ 'ਤੇ ਅੱਤਿਆਚਾਰ, ਕੁੜੀ ਜੰਮਣ 'ਤੇ ਅਤਿਆਚਾਰ ਆਮ ਹੈ। ਇੱਕ ਵਿਸ਼ਵ ਸਰਵੇ ਅਨੁਸਾਰ ਪੇਂਡੂ ਖੇਤਰ ਦੀਆਂ 95 ਫ਼ੀਸਦੀ ਔਰਤਾਂ ਦਾ ਭਾਰਤ 'ਚ ਵਿਆਹ, ਦਹੇਜ ਬਿਨਾਂ ਨਹੀਂ ਹੁੰਦਾ ਅਤੇ ਦਹੇਜ ਕਾਰਨ ਹਜ਼ਾਰਾਂ ਔਰਤਾਂ ਦਾ ਰਸੋਈ 'ਚ ਸਟੋਵ ਗੈਸ ਦੀਆਂ ਘਟਨਾਵਾਂ 'ਚ ਅੰਤ ਹੁੰਦਾ ਹੈ। ਮੁਕੱਦਮੇ ਚੱਲਦੇ ਹਨ। ਸਬੂਤਾਂ ਦੀ ਅਣਹੋਂਦ 'ਚ ਦੋਸ਼ੀ ਸਜ਼ਾ ਤੋਂ ਸਾਫ਼ ਬਚ ਜਾਂਦੇ ਹਨ। ਭਾਰਤ 'ਚ ਹਰ ਦਿਨ 88 ਬਲਾਤਕਾਰ ਦੇ ਕੇਸ ਹੁੰਦੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਅਨੁਸਾਰ ਸਜ਼ਾ ਸਿਰਫ਼ 30 ਫ਼ੀਸਦੀ ਨੂੰ ਹੀ ਹੁੰਦੀ । ਭਾਰਤ ਦੀ ਸੁਪਰੀਮ ਕੋਰਟ ਦਾ ਕਥਨ ਹੈ ਕਿ ਬਲਾਤਕਾਰ ਕੇਸਾਂ 'ਚ 90 ਫ਼ੀਸਦੀ ਲੋਕ ਸਜ਼ਾ ਤੋਂ ਛੁੱਟ ਜਾਂਦੇ ਹਨ।

ਬਹੁਤ ਹੀ ਦੁੱਖਦ ਹੈ ਕਿ ਹਮੇਸ਼ਾ ਤੋਂ ਹੀ ਔਰਤ ਪੀੜਾ ਅਤੇ ਭੈਅ ਦੇ ਇੱਕ ਅਜੀਬ ਵਾਤਾਵਰਨ 'ਚ ਜੀ ਰਹੀ ਹੁੰਦੀ ਹੈ। ਕਾਨੂੰਨ, ਸਮਾਜ ਅਤੇ ਘਰ-ਪਰਵਾਰ ਸਾਰੇ ਬੇਵੱਸ ਨਜ਼ਰ ਆਉਂਦੇ ਹਨ। ਨਾ ਕੋਈ ਬਦਲਾਅ ਹੈ, ਨਾ ਕੋਈ ਉਮੀਦ ਹੈ, ਨਾ ਕੋਈ ਤੁਰੰਤ ਕਾਰਵਾਈ ਦੀ ਵਿਵਸਥਾ ਹੈ, ਨਾ ਹੀ ਦੋਸ਼ੀਆਂ ਨੂੰ ਤੁਰੰਤ ਸਜ਼ਾ ਦਿੱਤੇ ਜਾਣ ਦੀ ਕੋਈ ਉਦਾਹਰਨ ਹੈ। ਹੁਣ ਦੇ ਵਰ੍ਹਿਆਂ 'ਚ ਔਰਤਾਂ ਨਾਲ ਸੰਬੰਧਤ ਕਰੂਰਤਾ ਵਾਲੀਆਂ ਘਟਨਾਵਾਂ ਦੀ ਸੂਚੀ 'ਚ ਵਾਧਾ ਹੋਇਆ ਹੈ। ਇਹ ਅੰਕੜੇ ਵਧੇ ਹਨ, ਜਿਹਨਾ 'ਚ ਰੰਜ਼ਿਸ਼ 'ਚ ਕਿਸੇ ਔਰਤ ਨੂੰ ਜਾਣ-ਬੁੱਝ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ। ਪਿੰਡਾਂ, ਸ਼ਹਿਰਾਂ, ਕਸਬਿਆਂ, ਮਹਾਂਨਗਰਾਂ 'ਚ ਕਰੋਧ ਅਤੇ ਬਦਲਾਖੋਰੀ ਇੰਨੀ ਵਧ ਗਈ ਹੈ ਕਿ ਮਾਮੂਲੀ ਰੰਜ਼ਿਸ਼ ਕਾਰਨ ਲੋਕ ਵੱਡੀਆਂ ਘਟਨਾਵਾਂ ਨੂੰ ਅੰਜਾਮ ਦੇ ਦਿੰਦੇ ਹਨ। ਇਹਨਾ ਘਟਨਾਵਾਂ ਦੀ ਸੰਖਿਆ ਦੱਸਦੀ ਹੈ ਕਿ ਸਮਾਜ 'ਚ ਨੈਤਿਕਤਾ ਦਾ ਕੋਈ ਅਰਥ ਹੀ ਨਹੀਂ ਰਿਹਾ।

ਜਿੱਥੋਂ ਤੱਕ ਔਰਤਾਂ ਦੇ ਵਿਰੁੱਧ ਅਪਰਾਧ ਦਾ ਸਵਾਲ ਹੈ, ਇਹ ਕੇਵਲ ਕੁੱਝ ਲੋਕਾਂ ਵੱਲੋਂ ਕੀਤੀ ਗਈ ਹਿੰਸਾ ਦਾ ਕੰਮ ਨਹੀਂ ਹੈ , ਬਲਕਿ 3000 ਸਾਲ ਪੁਰਾਣੇ ਰੂੜ੍ਹੀਵਾਦੀ ਜਗੀਰੂ ਮਾਨਸਿਕਤਾ ਦੀ ਉਪਜ ਹੈ, ਜਿਸ 'ਚ ਔਰਤ ਨੂੰ ਜੁੱਤੀ ਤੱਕ ਕਿਹਾ ਗਿਆ ਅਤੇ ਆਧੁਨਿਕ ਉਪਭੋਗਤਾਵਾਂ ਦੀ ਸੰਸਕ੍ਰਿਤੀ ਵਿੱਚ ਇਹ ਵਧ-ਫੁੱਲ ਰਹੀ ਹੈ। ਭਾਵੇਂ ਔਰਤਾਂ ਵਿਰੁੱਧ ਅਪਰਾਧਾਂ ਸੰਬੰਧੀ, ਘਰੇਲੂ ਹਿੰਸਾ, ਦਾਜ-ਦਹੇਜ ਆਦਿ ਦੇ ਕਾਨੂੰਨ ਹਨ, ਪਰ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਅਤੇ ਅਪਰਾਧ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਲੰਬੀ ਕਾਨੂੰਨ ਪ੍ਰਕਿਰਿਆ ਹੈ, ਜੋ ਦੋਸ਼ੀਆਂ ਨੂੰ ਸਜ਼ਾ ਤੋਂ ਬਹੁਤੀਆਂ ਹਾਲਤਾਂ 'ਚ ਰਾਹਤ/ਛੋਟ ਦੇ ਦਿੰਦੀ ਹੈ। ਦੇਸ਼ 'ਚ ਔਰਤਾਂ ਦੇ ਹਾਲਾਤ ਤਾਂ ਇਹੋ ਜਿਹੇ ਹਨ ਕਿ ਕਈ-ਕਈ ਹਾਲਤਾਂ 'ਚ ਛੋਟੀ ਉਮਰ ਦੀਆਂ ਬੱਚੀਆਂ ਦਾ ਬਲਾਤਕਾਰ ਉਹਨਾ ਦੇ ਆਪਣੇ ਗੁਆਂਢੀਆਂ, ਰਿਸ਼ਤੇਦਾਰਾਂ, ਨਜ਼ਦੀਕੀਆਂ ਵੱਲੋਂ ਕੀਤਾ ਜਾਂਦਾ ਵੇਖਿਆ ਗਿਆ ਹੈ ਅਤੇ ਇਹ ਬੱਚੀਆਂ ਸਾਰੀ ਉਮਰ ਮਨ 'ਤੇ ਲੱਗੇ ਇਸ ਦਾਗ ਤੋਂ ਪੀੜਾ ਮਹਿਸੂਸ ਕਰਦੀਆਂ ਹਨ। ਭਾਰਤੀ ਸੱਭਿਅਤਾ 'ਚ ਨੈਤਿਕਤਾ ਦੇ ਵੱਡੇ ਗੁਣ ਗਾਏ ਜਾਂਦੇ ਹਨ । ਲੋਕ ਭਲਾਈ, ਦਾਨ-ਦਕਸ਼ਣਾ ਦੇ ਕਿੱਸੇ ਵੀ ਬਥੇਰੇ ਸੁਣੇ-ਸੁਣਾਏ ਜਾਂਦੇ ਹਨ। ਔਰਤਾਂ ਦੀ ਪੂਜਾ, ਬਰਾਬਰੀ ਦਾ ਵੀ ਪਾਠ ਪੜ੍ਹਾਇਆ ਜਾਂਦਾ ਹੈ, ਪਰ ਰੂੜ੍ਹੀਵਾਦੀ ਸੋਚ ਅਤੇ ਔਰਤਾਂ ਨੂੰ ਕਾਬੂ ਰੱਖਣ ਦਾ ਵਰਤਾਰਾ ਸਮਾਜ ਵਿੱਚ ਵਧਦਾ ਜਾ ਜਿਹਾ ਹੈ। ਕਈ ਪਰਵਾਰਾਂ 'ਚ ਪੜ੍ਹੀਆਂ-ਲਿਖੀਆਂ ਔਰਤਾਂ ਨੂੰ ਨੌਕਰੀ ਤੱਕ ਨਹੀਂ ਕਰਨ ਦਿੱਤੀ ਜਾਂਦੀ। ਬਿਨਾਂ ਸ਼ੱਕ ਕੁੱਝ ਖੁੱਲ੍ਹੀ ਸੋਚ ਕਾਰਨ ਔਰਤਾਂ ਸਮਾਜ 'ਚ ਖੁੱਲ੍ਹ ਕੇ ਸਾਹ ਲੈਣ ਦਾ ਹੌਸਲਾ ਕਰ ਰਹੀਆਂ ਹਨ, ਵੱਖ-ਵੱਖਰ ਖੇਤਰਾਂ 'ਚ ਆਪਣੀ ਹੋਂਦ ਦਰਸਾ ਰਹੀਆਂ ਹਨ। ਪਰ ਸਿਆਸਤ 'ਚ ਉਹਨਾਂ ਦੀ ਭਾਗੀਦਾਰੀ ਕਿੰਨੀ ਹੈ? ਪੰਚਾਇਤ ਜਾਂ ਹੋਰ ਸਮਾਜਿਕ ਸੰਸਥਾਵਾਂ 'ਚ ਉਹਨਾਂ ਦਾ ਰੋਲ ਕੀ ਹੈ? ਕਹਿਣ ਨੂੰ ਔਰਤ ਲਈ 33 ਫ਼ੀਸਦੀ ਜਾਂ 50 ਫ਼ੀਸਦੀ ਰਿਜ਼ਰਵੇਸ਼ਨ ਦੇ ਮਤੇ ਪਾਸ ਹੁੰਦੇ ਹਨ ਸਰਕਾਰਾਂ ਵੱਲੋਂ, ਪਰ ਅਮਲੀ ਤੌਰ 'ਤੇ ਸਥਿਤੀਆਂ ਚਿੰਤਾਜਨਕ ਹਨ।

ਔਰਤਾਂ 'ਤੇ ਜ਼ੁਲਮ ਵਧੇ ਹਨ । ਔਰਤਾਂ ਨਾਲ ਨਾ-ਬਰਾਬਰੀ ਜਾਰੀ ਹੈ । ਔਰਤਾਂ ਰੂੜ੍ਹੀਵਾਦੀ ਸੋਚ ਦਾ ਸ਼ਿਕਾਰ ਹਨ। ਹਕੂਮਤਾਂ ਵੱਡੀਆਂ ਗੱਲਾਂ ਕਰਦੀਆਂ ਹਨ, ਵੱਡੇ ਕਾਨੂੰਨ ਪਾਸ ਕਰਦੀਆਂ ਹਨ, ਪਰ ਅਮਲ 'ਚ ਨਤੀਜੇ ਸਾਰਥਿਕ ਨਹੀਂ। ਕੁੱਝ ਸਮਾਜ ਸੇਵੀ ਸੰਸਥਾਵਾਂ ਔਰਤਾਂ 'ਤੇ ਹੁੰਦੇ ਅੰਤਹੀਣ ਅੱਤਿਆਚਾਰ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ, ਪਰ ਇਹ ਆਵਾਜ਼ ਇੰਨੀ ਧੀਮੀ ਹੈ ਕਿ ਹਾਕਮਾਂ ਦੇ ਕੰਨਾਂ ਤੱਕ ਪੁੱਜਦੀ ਹੀ ਨਹੀਂ ਅਤੇ ਉਂਜ ਵੀ ਹਾਕਮ ਨਵੀਂ ਲੋਅ ਵਾਲੀ ਆਵਾਜ਼ ਸੁਨਣ ਦੇ ਆਦੀ ਵੀ ਨਹੀਂ ।

 # ਸੰਪਰਕ : 98158-02070

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਸਮਰਪਤ ਸਿਰੜੀ ਯੋਧਾ ਸਾਥੀ ਗੁਰਮੀਤ ਸਿੰਘ

ਬਲਵੀਰ ਸਿੰਘ ਸੈਣੀ

ਸਾਥੀ ਗੁਰਮੀਤ ਸਿੰਘ ਨੇ ਜੀਵਨ ਦੇ ਹਰ ਖੇਤਰ ਅੰਦਰ ਜਿਥੇ ਵੀ ਹਾਜ਼ਰੀ ਲੁਵਾਈ, ਹਰ ਅਨਿਆਂ ਵਿਰੁੱਧ, ਹੱਕ ਲਈ ਬੇਝਿਜਕ ਹੋ ਕੇ ਜਰਵਾਨਿਆਂ ਵਿਰੁਧ ਮੱਥਾ ਡਾਹਿਆ ਅਤੇ ਸੰਘਰਸ਼ਾਂ ਰਾਹੀਂ ਸਮੂਹਕ ਜਿੱਤਾਂ ਵੀ ਪ੍ਰਾਪਤ ਕੀਤੀਆਂ। ਹਾਰ ਜਾਂ ਪਿਛੇ ਮੁੜਨਾ ਉਸ ਦੇ ਅਕੀਦੇ 'ਚ ਕਦੀ ਵੀ ਉਪਜਿਆ ਨਹੀਂ ਸੀ ਤੇ ਮਿਲ ਕੇ ਜਿੱਤ ਵੱਲ ਵਧਣਾ ਉਸ ਦਾ ਟੀਚਾ ਸੀ। ਸੰਗਰਾਮੀ ਯੋਧਾ 24 ਜਨਵਰੀ ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਆਪਣੇ ਸਾਥੀਆਂ ਨੂੰ ਦੁਖੀ ਜਨਤਾ ਦੀ ਮੁਕਤੀ ਲਈ ਸਮਾਜਕ-ਤਬਦੀਲੀ ਲਈ ਚਲ ਰਹੇ ਸੰਘਰਸ਼ਾਂ ਨੂੰ ਅੱਗੇ ਵਧਾਉਣ ਅਤੇ ਮਜ਼ਬੂਤ ਕਰਨ ਲਈ ਬਣਦਾ ਯੋਗਦਾਨ ਪਾਉਣ ਦਾ ਸੁਨੇਹਾ ਦੇ ਗਿਆ। ਉਹ ਇਕ ਕਰਮਸ਼ੀਲ, ਸੰਵੇਦਨਸ਼ੀਲ ਅਤੇ ਕਹਿਣੀ ਤੇ ਕਰਨੀ ਵਾਲਾ ਪਾਰਟੀ ਅੰਦਰ ਮਿਸਾਲੀ ਮੈਂਬਰ, ਆਗੂ ਅਤੇ ਕਰਮਯੋਗ ਸਾਥੀ ਸੀ, ਜੋ ਸਾਨੂੰ ਸਦੀਵੀ ਵਿਛੋੜਾ ਦੇ ਗਿਆ।

ਸਾਥੀ ਗੁਰਮੀਤ ਸਿੰਘ ਦਾ ਜਨਮ 4-ਅਕਤੂਬਰ, 1952 ਨੂੰ ਮਾਤਾ ਲਛਮੀ ਦੇਵੀ ਅਤੇ ਪਿਤਾ ਧਰਮ ਸਿੰਘ ਦੇ ਘਰ ਹੁਸ਼ਿਆਰਪੁਰ ਸ਼ਹਿਰ (ਰੇਲਵੇ ਮੰਡੀ) ਵਿਖੇ ਹੋਇਆ। ਉਨ੍ਹਾ ਦਾ ਜੱਦੀ ਪਿੰਡ ਜੱਸੋਵਾਲ (ਹੁਸ਼ਿਆਰਪੁਰ), ਜੋ ਬੱਬਰ-ਅਕਾਲੀ ਲਹਿਰ ਦੀ ਰਾਜਧਾਨੀ ਕਿਹਾ ਜਾਂਦਾ ਸੀ, ਇਨ੍ਹਾਂ ਦੇ ਵੱਡੇ-ਵਡੇਰੇ ਹੁਸ਼ਿਆਰਪੁਰ ਆ ਗਏ ਤੇ ਰੇਲਵੇ ਮੰਡੀ ਅੰਦਰ ਰਿਹਾਇਸ਼ ਰੱਖ ਲਈ। ਉਹ 6 ਭਰਾ ਅਤੇ ਇਕ ਭੈਣ ਵਾਲੇ ਵੱਡੇ ਪ੍ਰਵਾਰ ਅੰਦਰ ਵੱਡੇ ਹੋਏ। ਦਸਵੀਂ ਸਰਕਾਰੀ ਹਾਈ ਸਕੂਲ ਘੰਟਾ ਘਰ, ਹੁਸ਼ਿਆਰਪੁਰ ਅਤੇ ਪਲੱਸ-2 ਗੌਰਮਿੰਟ ਕਾਲਜ ਹੁਸ਼ਿਆਰਪੁਰ ਤੋਂ ਪਾਸ ਕਰਕੇ ਫਿਰ ਆਈ.ਟੀ.ਆਈ. (ਇਲੈਕਟ੍ਰੀਕਲ) ਸਰਕਾਰੀ ਇੰਸਟੀਚਿਊਟ ਹੁਸ਼ਿਆਰਪੁਰ ਤੋਂ ਕੀਤੀ। ਫਿਰ ਪੀ.ਐੱਸ.ਈ.ਬੀ. ਵਿੱਚ ਐੱਸ.ਐੱਸ.ਏ. ਵਜੋਂ ਭਰਤੀ ਹੋ ਗਏ ਤੇ ਦੋ ਸਾਲ ਨੌਕਰੀ ਕਰਕੇ ਜਰਮਨੀ ਚਲੇ ਗਏ। ਜਰਮਨੀ ਵਿਖੇ ਉਸ ਨੇ ਲੈਬ-ਟੈਕਨੀਸ਼ੀਅਨ ਵਜੋਂ ਖੁੰਬਾਂ (ਮਸ਼ਰੂਮ) ਦੇ ਫਾਰਮ ਅੰਦਰ 10 ਸਾਲ ਕੰਮ ਕੀਤਾ ਤੇ ਵਾਪਸ ਦੇਸ਼ ਆ ਗਏ। ਭਾਰਤ ਆ ਕੇ ਗੁਰਮੀਤ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਦੇ ਖੁੰਬਾਂ ਦੇ ਫਾਰਮ ਪਟਿਆਲਾ ਵਿਖੇ ਕੁਝ ਚਿਰ ਕੰਮ ਕੀਤਾ ਅਤੇ ਉਥੇ ਕੈਪਟਨ ਨਾਲ ਕਿਸੇ ਟੈਕਨੀਕਲ ਇਸ਼ੂ 'ਤੇ ਸਹਿਮਤੀ ਨਾ ਹੋਣ ਕਰਕੇ ਫੌਰੀ ਅਸਤੀਫ਼ਾ ਦੇ ਦਿੱਤਾ। ਉਹ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਮੁੜ ਭਰਤੀ ਹੋ ਗਿਆ ਅਤੇ ਸਾਲ 2010 ਨੂੰ ਆਪਣੀ ਸਾਫ਼ ਤੇ ਚਿੱਟੀ ਚਾਦਰ ਅਤੇ ਅਕਸ ਲੈ ਕੇ ਨੌਕਰੀ ਤੋਂ ਸੇਵਾ-ਮੁਕਤ ਹੋ ਕੇ ਸਿੱਧਾ ਸੀ.ਪੀ.ਆਈ.(ਐੱਮ) ਜ਼ਿਲ੍ਹਾ ਹੁਸ਼ਿਆਰਪੁਰ ਦੇ ਦਫਤਰ ਜਾ ਹਾਜ਼ਰ ਹੋ ਗਿਆ।

ਟੀ.ਐੱਸ.ਯੂ ਦੇ ਮੈਂਬਰ ਵਜੋਂ ਤੇ ਜੱਥੇਬੰਦੀ ਅੰਦਰ ਮਾਰਕਸਵਾਦੀ ਸੋਚ ਨੂੰ ਪ੍ਰਣਾਏ ਗੁਰਮੀਤ ਸਿੰਘ ਨੇ ਸਦਾ ਮੁੱਦਿਆਂ, ਫੈਸਲਿਆਂ ਅਤੇ ਕੋਈ ਐਕਸ਼ਨ ਕਰਨ ਵੇਲੇ ਬਿਨਾਂ ਝਿਜਕ, ਦੁਚਿੱਤੀ ਤੇ ਭੈਅਮੁਕਤ ਹੋ ਕੇ ਆਪਣੀ ਦਲੀਲ ਦੇਣੀ, ਉਸ ਦਾ ਇਕ ਦਸਤੂਰ ਸੀ। ਇਸੇ ਕਰਕੇ ਹੀ ਉਹ ਸੇਵਾ ਮੁਕਤੀ ਤੋਂ ਪਹਿਲਾਂ ਵੀ ਤੇ ਬਾਅਦ ਵਿੱਚ ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਕਮੇਟੀ ਮੈਂਬਰ ਤੇ ਜ਼ਿਲ੍ਹਾ ਦਫਤਰ ਸਕੱਤਰ ਵਜੋਂ ਪਾਰਟੀ ਅੰਦਰ ਇਕ ਵਧੀਆ ਮੈਂਬਰ, ਨਿਧੜਕ ਸਾਥੀ ਅਤੇ ਕਹਿਣੀ ਤੇ ਕਥਣੀ ਸੋਚ ਵਾਲਾ ਸਾਥੀ ਜਾਣਿਆ ਜਾਂਦਾ ਸੀ।

ਗੱਲ ਕੀ ? ਸਾਥੀ ਗੁਰਮੀਤ ਸਿੰਘ ਪਾਰਟੀ ਦੇ ਹਰ ਸੰਘਰਸ਼ ਵਿੱਚ, ਕਿਰਤੀਆਂ ਤੇ ਮਜ਼ਦੂਰਾਂ ਦੇ ਹਰ ਘੋਲ ਵਿੱਚ ਸ਼ਰੀਕ ਹੁੰਦਾ ਸੀ। ਪਿਛਲੇ ਸਾਲ ਚੱਲੇ ਕਿਸਾਨ-ਮਜ਼ਦੂਰ ਘੋਲ ਅੰਦਰ ਉਹ ਹੁਸ਼ਿਆਰਪੁਰ ਚੱਲੇ ਲਗਾਤਾਰ ਧਰਨੇ ਅੰਦਰ ਸਾਲ ਤੋਂ ਵੀ ਵੱਧ ਸਮਾਂ ਸ਼ਾਮਲ ਰਿਹਾ। ਅੱਜ ਭਾਵੇਂ ਉਹ ਸਾਨੂੰ ਜਿਸਮਾਨੀ ਤੌਰ 'ਤੇ ਵਿਛੋੜਾ ਦੇ ਗਿਆ ਹੈ, ਪਰ ਉਸ ਵੱਲੋਂ ਪਾਏ ਪੂਰਨੇ ਸਾਨੂੰ ਸਦਾ ਯਾਦ ਰਹਿਣਗੇ। ਕਿਰਤੀ ਲੋਕਾਂ ਲਈ ਚਲਦੇ ਘੋਲਾਂ ਅੰਦਰ ਉਸ ਵਲੋ ਜੋ ਸੁਨਹਿਰੀ ਪਿਰਤਾਂ ਪਾਈਆਂ ਹਨ, ਸਾਡੇ ਸਾਰਿਆਂ ਲਈ ਇਕ ਪ੍ਰੇਰਨਾ-ਸਰੋਤ ਹਨ।

(ਸਾਥੀ ਗੁਰਮੀਤ ਸਿੰਘ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਅੱਜ ਗੁਰਦੁਆਰਾ ਰੇਲਵੇ ਮੰਡੀ, ਹੁਸ਼ਿਆਰਪੁਰ ਵਿਖੇ ਹੋਵੇਗਾ।)

 # ਸੰਪਰਕ : 94632-61803

ਛੋਟੀਆਂ-ਛੋਟੀਆਂ ਅਣਗਹਿਲੀਆਂ ਕਾਰਨ ਵਾਪਰਦੇ ਨੇ ਹਾਦਸੇ

ਸੰਦੀਪ ਸਿੰਘ ਸਰਾਂ

19 ਅਕਤੂਬਰ 2018 ਨੂੰ ਅੰਮ੍ਰਿਤਸਰ ਵਿਖੇ ਦੁਸਹਿਰੇ ਮੌਕੇ ਰੇਲ ਪਟੜੀ 'ਤੇ ਵਾਪਰਿਆ ਹਾਦਸਾ ਸ਼ਾਇਦ ਹੀ ਕਿਸੇ ਨੂੰ ਭੁੱਲਿਆ ਹੋਵੇਗਾ, ਜਿਸ ਵਿੱਚ ਕਰੀਬ 58 ਲੋਕ ਮਾਰੇ ਗਏ ਸਨ ਤੇ 100 ਦੇ ਕਰੀਬ ਜ਼ਖਮੀ ਹੋਏ ਸਨ। 6 ਜੂਨ 2019 ਨੂੰ ਸੰਗਰੂਰ ਨੇੜਲੇ ਪਿੰਡ ਭਗਵਾਨਪੁਰਾ ਦੇ ਮਾਪਿਆਂ ਦੇ ਇਕਲੌਤੇ ਪੁੱਤਰ 2 ਸਾਲਾ ਫਤਿਹਵੀਰ ਸਿੰਘ ਦੀ ਖੇਡਦੇ ਸਮੇਂ ਬੋਰ-ਵੈੱਲ ਵਿੱਚ ਡਿੱਗਣ ਕਾਰਨ ਹੋਈ ਮੌਤ ਨੇ ਪੰਜਾਬ ਸਮੇਤ ਸਮੁੱਚੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਹੁਣ 15 ਫਰਵਰੀ 2020 ਨੂੰ ਜ਼ਿਲ੍ਹਾ ਸੰਗਰੂਰ ਦੇ ਹੀ ਕਸਬਾ ਲੌਂਗੋਵਾਲ ਵਿਖੇ ਸਕੂਲ ਵੈਨ ਨੂੰ ਅੱਗ ਲੱਗਣ ਕਾਰਨ ਚਾਰ ਮਾਸੂਮ ਬੱਚਿਆਂ ਦੀ ਸੜਨ ਨਾਲ ਹੋਈ ਮੌਤ ਨੇ ਸਾਡੇ ਨਕਾਰਾ ਹੋ ਚੁੱਕੇ ਪ੍ਰਬੰਧਕੀ ਢਾਂਚੇ ਨੂੰ ਮੁੜ ਬੇਪਰਦ ਕਰ ਦਿੱਤਾ ਸੀ। ਇਸੇ ਸਾਲ 10 ਦਸੰਬਰ 2022 ਨੂੰ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਸੜਕ ਉੱਪਰ ਖੜੀ ਚਾਰੇ ਵਾਲੀ ਟਰਾਲੀ ਕਾਰਨ 8-9 ਵਾਹਨ ਆਪਸ ਵਿੱਚ ਟਕਰਾਅ ਗਏ, ਪ੍ਰੰਤੂ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਹਰ ਹਾਦਸੇ ਤੋਂ ਬਾਅਦ ਵੱਡਾ ਸਿਆਸੀ ਬਵਾਲ ਖੜਾ ਹੁੰਦਾ ਹੈ, ਪਰ ਮਨੁੱਖੀ ਲਾਪ੍ਰਵਾਹੀ ਅਤੇ ਪ੍ਰਸ਼ਾਸਨਿਕ ਵਿਵਸਥਾ ਦੀ ਅਣਹੋਂਦ ਕਾਰਨ ਅਜਿਹੇ ਦਿਲ-ਕੰਬਾਊ ਹਾਦਸਿਆਂ ਦਾ ਵਾਪਰਨਾ ਬਾਦਸਤੂਰ ਜਾਰੀ ਹੈ। ਅਜਿਹੇ ਹਾਦਸਿਆਂ ਦੇ ਕਾਰਨਾਂ ਦੀ ਕਾਨੂੰਨੀ ਜਾਂਚ ਦਾ ਨਤੀਜਾ ਜੋ ਵੀ ਸਾਹਮਣੇ ਆਵੇ, ਪਰ ਆਪਣੇ ਇਰਦ-ਗਿਰਦ ਵਿਗੜੇ ਪ੍ਰਬੰਧਾਂ ਅਤੇ ਸਾਡੇ ਅਵੇਸਲੇਪਣ ਨੂੰ ਦੇਖ ਕੇ ਜਾਪਦਾ ਹੈ ਕਿ ਅਸੀਂ ਤਾਂ ਨਿੱਤ ਰੋਜ਼ ਹਾਦਸਿਆਂ ਨੂੰ ਆਵਾਜ਼ਾਂ ਦਿੰਦੇ ਹਾਂ, ਬੱਸ ਸਿਰਫ ਉਡੀਕ ਹੁੰਦੀ ਹੈ ਕਿ ਹਾਦਸੇ ਕਦੋਂ ਵਾਪਰਦੇ ਹਨ।

ਇਸੇ ਸਾਲ ਦੀ ਗੱਲ ਹੈ। ਸਰਦੀ ਦੇ ਮੌਸਮ ਦੌਰਾਨ ਦਫਤਰੀ ਕੰਮ-ਕਾਜ ਨਿਪਟਾਉਣ ਲਈ ਸੁਵੱਖਤੇ ਹੀ ਡਿਊਟੀ ਜਾਣਾ ਪੈ ਗਿਆ। ਧੁੰਦ ਕਾਰਨ ਕਾਰ ਹੌਲੀ ਚੱਲ ਰਹੀ ਸੀ ਤਾਂ ਇੱਕ ਪਿੰਡ ਵਿੱਚੋਂ ਟੱਪਦਿਆਂ ਸੜਕ ਉੱਪਰ ਟਾਇਰ ਪਏ ਨਜ਼ਰ ਆਏ ਤਾਂ ਮੈਂ ਇੱਕਦਮ ਬਰੇਕ ਲਾ ਦਿੱਤੀ। ਕਾਰ ਬਿਲਕੁਲ ਹੌਲੀ ਕਰਦਿਆਂ ਨੇੜੇ ਜਾ ਕੇ ਦੇਖਿਆ ਤਾਂ ਪਤਾ ਲੱਗਾ ਕਿ ਸੜਕ 'ਤੇ ਸੰਗਤ ਬੈਠੀ ਸੀ ਤੇ ਕਿਸੇ ਦੁਕਾਨ ਦੇ ਮਹੂਰਤ ਕਾਰਨ ਇੱਕ ਕਮਰੇ ਵਿੱਚ ਗੁਰਬਾਣੀ ਦਾ ਸਿਮਰਨ ਹੋ ਰਿਹਾ ਸੀ। ਮੇਰੇ ਮਨ ਵਿੱਚ "ਅੰਮ੍ਰਿਤਸਰ ਰੇਲ-ਪਟੜੀ ਹਾਦਸਾ" ਚੇਤੇ ਆ ਗਿਆ ਕਿ ਕਿਵੇਂ ਲੋਕ ਬੇਖੌਫ ਬੈਠੇ ਫਿਰ ਹਾਦਸੇ ਦੀ ਉਡੀਕ ਕਰ ਰਹੇ ਹਨ। ਬਰਨਾਲਾ ਸ਼ਹਿਰ ਵਿੱਚ ਇੱਕ ਮੁਹੱਲੇ ਦੇ ਲੋਕਾਂ ਨੇ ਆਪ-ਮੁਹਾਰੇ ਸੜਕ ਰੋਕ ਕੇ ਟੈਂਟ ਲਾ ਦਿੱਤਾ ਤੇ ਆਵਾਜਾਈ ਵਨ-ਵੇ ਸੜਕ ਦੇ ਦੂਸਰੇ ਪਾਸੇ ਮੋੜ ਦਿੱਤੀ। ਉਸੇ ਰਾਤ ਸੜਕ ਰੁਕੀ ਹੋਣ ਕਾਰਨ ਦੋ ਕਾਰਾਂ ਇੱਕ-ਦੂਸਰੀ ਤੋਂ ਬਚਦੀਆਂ ਡਿਵਾਈਡਰ 'ਤੇ ਫੁੱਟ-ਪਾਥ ਨਾਲ ਟਕਰਾਅ ਗਈਆਂ, ਪਰ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਹੋ ਗਿਆ। ਇਸੇ ਤਰ੍ਹਾਂ ਮੋਟਰ ਸਾਈਕਲ ਪਿੱਛੇ ਪਾਈਆਂ ਜੁਗਾੜੂ ਟਰਾਲੀਆਂ ਨਾ ਸਿਰਫ ਆਪਣੇ ਚਾਲਕਾਂ ਨੂੰ ਨਿੱਤ ਰੋਜ਼ ਗੰਭੀਰ ਜ਼ਖਮੀ ਕਰ ਰਹੀਆਂ ਹਨ, ਬਲਕਿ ਇਹਨਾਂ ਨੇ ਪੈਦਲ ਤੁਰਨ ਵਾਲਿਆਂ ਲਈ ਵੀ ਸਫਰ ਨੂੰ ਖਤਰਨਾਕ ਬਣਾ ਦਿੱਤਾ ਹੈ। ਪਿੰਡਾਂ ਤੋਂ ਲੈ ਕੇ ਸ਼ਹਿਰਾਂ ਤੱਕ ਸੜਕਾਂ ਰੋਕ ਕੇ ਸਮਾਜਿਕ, ਧਾਰਮਿਕ ਤੇ ਸਿਆਸੀ ਸਮਾਗਮ ਕਰਨ ਦਾ ਰੁਝਾਨ ਬੇਰੋਕ ਜਾਰੀ ਹੈ ਅਤੇ ਕਿਸੇ ਵੀ ਵਿਭਾਗ ਤੋਂ "ਇਤਰਾਜ਼ਹੀਣਤਾ" ਸਰਟੀਫਿਕੇਟ ਲੈਣ ਦੀ ਲੋੜ ਵੀ ਨਹੀਂ ਸਮਝੀ ਜਾ ਰਹੀ। ਅਜਿਹੇ ਸਮਾਗਮਾਂ ਮੌਕੇ ਸੜਕਾਂ ਉੱਪਰ ਟੈਂਟ ਗੱਡਣ ਲਈ ਨਵੀਆਂ ਬਣੀਆਂ ਸੜਕਾਂ/ਗਲੀਆਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਪਰ ਅਧਿਕਾਰੀ ਕਿਸੇ ਕਾਨੂੰਨੀ ਕਾਰਵਾਈ ਨੂੰ ਅੰਜਾਮ ਦੇਣ ਦੀ ਬਜਾਏ ਘੇਸਲ ਵੱਟੀ ਰੱਖਦੇ ਹਨ। ਪਿੰਡਾਂ ਦੀਆਂ ਸੰਪਰਕ ਸੜਕਾਂ/ਪੁਲਾਂ ਨੂੰ ਪਾਣੀ ਲੰਘਾਉਣ ਲਈ ਬੇਝਿਜਕ ਪੁੱਟ ਦਿੱਤਾ ਜਾਂਦਾ ਹੈ, ਜਿਸ ਪ੍ਰਤੀ ਚਿਤਾਵਨੀ ਬੋਰਡ ਲਾਉਣ ਦੀ ਜ਼ਰੂਰਤ ਵੀ ਨਹੀਂ ਸਮਝੀ ਜਾਂਦੀ, ਜਿਸ ਕਰਕੇ ਨਾ ਸਿਰਫ ਬਾਹਰੋਂ ਆਏ ਰਾਹੀ ਖੱਜਲ-ਖੁਆਰ ਹੁੰਦੇ ਹਨ, ਬਲਕਿ ਰਾਤ-ਬਰਾਤੇ ਹਨੇਰੇ ਵਿੱਚ ਹਾਦਸਿਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਭਰਤ ਪਾਉਣ ਵਾਲੀਆਂ ਟਰਾਲੀਆਂ ਦੇ ਡਾਲਿਆਂ ਨਾਲ ਬਾਹਰ ਵੱਲ ਲਮਕਦੇ ਕੁੰਡੇ, ਟਰੈਕਟਰਾਂ 'ਤੇ ਹਾਈ-ਪਾਵਰ ਸਾਊਂਡ ਸਿਸਟਮ ਨਾਲ ਖੌਰੂ ਪਾਉਂਦੀ ਜਵਾਨੀ, ਸੜਕਾਂ 'ਤੇ ਖੜੀਆਂ ਚਾਰੇ ਵਾਲੀਆਂ ਰੇਹੜੀਆਂ ਨਾਲ ਬੰਨ੍ਹੇ ਬਲਦ, ਬਿਜਲੀ ਦੇ ਖੰਭਿਆਂ ਨਾਲ ਬੰਨ੍ਹੇ ਪਸ਼ੂ, ਸਾਈਕਲਾਂ ਪਿੱਛੇ ਬਾਹਰ ਵੱਲ ਦਸਤੇ ਕੱਢ ਕੇ ਟੰਗੀਆਂ ਕਹੀਆਂ/ਕਸੀਏ, ਸੜਕ 'ਤੇ ਖੁੱਲ੍ਹੇ ਚਰਨ ਲਈ ਛੱਡੇ ਪਸ਼ੂ ਹਾਦਸਿਆਂ ਨੂੰ ਸੱਦਾ ਦਿੰਦੇ ਸਾਡੇ ਵਿਗੜੇ ਰਹਿਣ-ਸਹਿਣ ਅਤੇ ਪ੍ਰਸ਼ਾਸਕੀ ਕੁਪ੍ਰਬੰਧ ਦੀਆਂ ਪ੍ਰਤੱਖ ਉਦਾਹਰਣਾਂ ਹਨ।

ਵਿਦੇਸ਼ਾਂ ਵੱਲ ਜਾਂਦੇ ਜਹਾਜ਼ ਦੀਆਂ ਪੌੜੀਆਂ ਚੜ੍ਹਨ ਸਮੇਂ ਜਦ ਅਸੀਂ ਆਪਣੇ ਸਿਸਟਮ ਦੀ ਆਲੋਚਨਾ ਕਰਦੇ ਹਾਂ ਤਾਂ ਸਾਨੂੰ ਵੀ ਅੰਤਰ ਝਾਤ ਮਾਰਨੀ ਚਾਹੀਦੀ ਹੈ। ਲੋਕਤੰਤਰ ਦੀ ਵੋਟ ਰਾਜਨੀਤੀ ਨੇ ਸਾਨੂੰ ਬਾਗੀ ਤਬੀਅਤ ਦਾ ਧਾਰਨੀ ਬਣਾ ਦਿੱਤਾ ਹੈ। ਕਾਨੂੰਨ ਸਾਡੇ ਲਈ ਮਹਿਜ਼ ਕਾਗਜ਼ੀ ਦਸਤਾਵੇਜ਼ ਬਣ ਚੁੱਕੇ ਹਨ। ਮਸ਼ਹੂਰ ਅਦਾਕਾਰ ਅਮਰੀਸ਼ ਪੁਰੀ ਇੱਕ ਫਿਲਮ ਵਿੱਚ ਵਿਅੰਗਮਈ ਅੰਦਾਜ਼ ਨਾਲ ਚੋਟ ਕਰਦਾ ਹੈ ਕਿ "ਇਸ ਦੇਸ਼ ਮੇਂ ਕਾਨੂੰਨ ਬਣਾਏ ਹੀ ਤੋੜਨੇ ਕੇ ਲੀਏ ਜਾਤੇ ਹੈ" ਪ੍ਰਤੀ ਸਾਨੂੰ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਇਹ ਕੌੜਾ ਸੱਚ ਹੈ ਕਿ ਸਾਡਾ ਸਮੁੱਚਾ ਸਿਸਟਮ ਨਿੱਘਰ ਚੁੱਕਾ ਹੈ, ਪਰ ਫਿਰ ਵੀ ਅਸੀਂ ਆਪਣੀ ਨਿੱਜੀ ਜ਼ਿੰਮੇਵਾਰੀ ਤੋਂ ਮੁਨਕਰ ਨਹੀਂ ਹੋ ਸਕਦੇ। ਸਰਕਾਰ ਦਾ ਫਰਜ਼ ਬਣਦਾ ਹੈ ਕਿ ਮੋਟਰ ਵਹੀਕਲ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਸਕੂਲਾਂ ਲਈ ਬੱਚੇ ਢੋਣ ਵਾਲੇ ਵਾਹਨਾਂ ਦੀ ਹਰ 6 ਮਹੀਨੇ ਬਾਅਦ ਜਾਂਚ ਕੀਤੀ ਜਾਵੇ, ਨਾਬਾਲਗ ਬੱਚਿਆਂ ਨੂੰ ਦੋ ਪਹੀਆ ਵਾਹਨਾਂ ਦੀ ਵਰਤੋਂ ਕਰਨ ਤੋਂ ਸਖਤੀ ਨਾਲ ਵਰਜਿਆ ਜਾਵੇ, ਮਾਪੇ ਖੁਦ ਵੀ ਨਿਗਰਾਨੀ ਰੱਖਣ ਕਿਤੇ ਉਹ ਆਪਣੇ ਬੱਚਿਆਂ ਦੇ ਸ਼ੌਕ ਪੂਰੇ ਕਰਦੇ ਸਮੇਂ ਉਹਨਾਂ ਦੀ ਜਾਨ ਜੋਖਮ ਵਿੱਚ ਤਾਂ ਨਹੀਂ ਪਾ ਰਹੇ। ਹਰ ਛੋਟੇ-ਵੱਡੇ ਪਿੰਡ-ਸ਼ਹਿਰ ਵਿੱਚ ਮੋਟਰ-ਵਹੀਕਲ ਐਕਟ ਦੀ ਉਲੰਘਣਾ ਕਰਕੇ ਜੁਗਾੜੂ ਵਾਹਨ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਨੂੰ ਜ਼ਬਤ ਕਰਨ ਲਈ ਵਿਸ਼ੇਸ਼ ਮੁਹਿੰਮ ਵਿੱਢੇ ਜਾਣ ਦੀ ਲੋੜ ਹੈ।

ਜੇਕਰ ਕਾਨੂੰਨੀ ਪ੍ਰਬੰਧ ਲਾਗੂ ਕਰਨ ਪ੍ਰਤੀ ਕੋਈ ਜ਼ਿੰਮੇਵਾਰੀ ਨਿਰਧਾਰਿਤ ਹੀ ਨਹੀਂ ਹੈ ਤਾਂ ਅਰਬਾਂ ਰੁਪਏ ਖਰਚ ਕੇ ਪਿੰਡ ਪੱਧਰ ਤੋਂ ਨੁਮਾਇੰਦੇ ਚੁਣਨ ਦੀ ਦੇਸ਼-ਵਿਆਪੀ ਵਿਵਸਥਾ ਦੇ ਕੀ ਅਰਥ ਰਹਿ ਜਾਂਦੇ ਹਨ। ਕੀ ਚੁਣੇ ਹੋਏ ਪੰਚ, ਸਰਪੰਚ, ਕੌਂਸਲਰ, ਮੇਅਰ ਕੇਵਲ ਗਲੀਆਂ-ਨਾਲੀਆਂ, ਥਾਣੇ, ਕਚਹਿਰੀਆਂ ਲਈ ਹੀ ਹਨ। ਉਹਨਾਂ ਦੀ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਕਾਨੂੰਨ ਪ੍ਰਬੰਧ ਸਥਾਪਤ ਕਰਨ ਲਈ ਜ਼ਿੰਮੇਵਾਰੀ ਨਿਰਧਾਰਤ ਕਿਉਂ ਨਹੀਂ ਕੀਤੀ ਜਾ ਰਹੀ। ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਕਰੋੜਾਂ ਰੁਪਏ ਦੇ ਖਰਚ 'ਤੇ ਚੱਲ ਰਹੀ ਪ੍ਰਸ਼ਾਸਨਿਕ ਵਿਵਸਥਾ ਨੂੰ ਸਮਾਂ ਰਹਿੰਦਿਆਂ ਕਾਰਜਸ਼ੀਲ ਕੀਤਾ ਅਤੇ ਆਪਣੇ ਪ੍ਰਬੰਧਕੀ ਢਾਂਚੇ ਦਾ ਨਵੀਨੀਕਰਨ ਕਰਦੇ ਹੋਏ ਇਸ ਵਿਚਲੀਆਂ ਖਾਮੀਆਂ ਨੂੰ ਦੂਰ ਕੀਤਾ ਜਾਵੇ ਤਾਂ ਜੋ ਨਿੱਤ ਰੋਜ਼ ਵਾਪਰਦੇ ਗੈਰ-ਕੁਦਰਤੀ ਹਾਦਸਿਆਂ ਤੋਂ ਬਚਿਆ ਜਾ ਸਕੇ।

 # ਮੋਬਾਇਲ:85588-76251

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਵਿਖੇ ਲੀਗਲ ਏਡ ਡਿਫੈਂਸ ਕੌਂਸਲ ਦਫ਼ਤਰ ਦਾ ਉਦਘਾਟਨ

ਸੰਗਰੂਰ, (ਪ੍ਰਵੀਨ ਸਿੰਘ) : ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਲੀਗਲ ਏਡ ਡਿਫੈਂਸ ਕੌਂਸਲ ਸਕੀਮ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਵਿਖੇ ਲੀਗਲ ਏਡ ਡਿਫੈਂਸ ਕੌਂਸਲ ਦਫ਼ਤਰ ਦਾ ਉਦਘਾਟਨ ਵੀਡੀਓ ਕਾਨਫਰੰਸਿੰਗ ਰਾਹੀਂ ਰਵੀ ਸ਼ੰਕਰ ਝਾਅ, ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਸਹਿਤ-ਪੈਟਰਨ ਇਨ ਚੀਫ਼, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ ਵੱਲੋਂ ਤੇਜਿੰਦਰ ਸਿੰਘ ਢੀਂਡਸਾ, ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਸਹਿਤ-ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਅਰੁਣ ਪੱਲੀ, ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਸੰਜੀਵ ਬੇਰੀ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਅਰੁਣ ਗੁਪਤਾ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਹਾਜ਼ਰੀ 'ਚ ਕੀਤਾ ਗਿਆ। ਇਸ ਮੌਕੇ ਰਜਿੰਦਰ ਸਿੰਘ ਰਾਏ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲੀਗਲ ਏਡ ਡਿਫੈਂਸ ਕੌਂਸਲ ਸਕੀਮ ਦਾ ਮੁੱਖ ਮੰਤਵ ਫੌਜਦਾਰੀ ਕੇਸਾਂ ਵਿੱਚ ਗ੍ਰਿਫਤਾਰੀ ਤੋਂ ਪਹਿਲਾਂ, ਗ੍ਰਿਫਤਾਰੀ ਸਮੇਂ, ਰਿਮਾਂਡ ਸਟੇਜ, ਕੇਸ ਟ੍ਰਾਇਲ ਅਤੇ ਅਪੀਲਾਂ ਵਿੱਚ ਸਮਾਜ ਦੇ ਪਛੜੇ ਤਬਕਿਆਂ ਨੂੰ ਪੇਸ਼ੇਵਰ ਤਰੀਕੇ ਨਾਲ ਪੈਰਵੀ ਕਰਨ ਲਈ ਮੁਫਤ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਵਿੱਚ ਇਹ ਸਹੂਲਤ ਮੁਹੱਈਆ ਕਰਵਾਉਣ ਲਈ ਇੱਕ ਚੀਫ ਡਿਫੈਂਸ ਕੌਂਸਲ, ਦੋ ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਤਿੰਨ ਸਹਾਇਕ ਲੀਗਲ ਏਡ ਕੌਂਸਲ ਨਿਯੁਕਤ ਕੀਤੇ ਗਏ ਹਨ। ਉਨ੍ਹਾਂ ਆਮ ਜਨਤਾ ਨੂੰ ਇਸ ਦਫ਼ਤਰ ਰਾਹੀਂ ਦਿੱਤੀ ਜਾ ਰਹੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ। ਇਸ ਮੌਕੇ ਮਨਜਿੰਦਰ ਸਿੰਘ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਸੰਗਰੂਰ, ਪੀ ਐਸ ਕਾਲੇਕਾ, ਸਿਵਲ ਜੱਜ (ਸ ਡ) ਸੀ ਜੇ ਐਮ- ਸਹਿਤ- ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸੰਗਰੂਰ ਅਤੇ ਨਵੇ ਨਿਯੁਕਤ ਹੋਏ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਵਕੀਲ ਸਾਹਿਬਾਨ ਮੌਜੂਦ ਸਨ।

ਹਲਕਾ ਸਮਰਾਲਾ ਦੇ ਪਿੰਡਾਂ ਲਈ ਲੱਖਾਂ ਰੁਪਏ ਦੇ ਸੈਂਕਸ਼ਨ ਲੈਟਰ ਕੀਤੇ ਤਕਸੀਮ

ਸਮਰਾਲਾ, (ਸੁਰਜੀਤ ਸਿੰਘ) : ਅੱਜ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਡਾ. ਅਮਰ ਸਿੰਘ ਨੇ ਵਿਧਾਨ ਸਭਾ ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਹਲਕੇ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਵਿਚ ਤੇਜ਼ੀ ਲਿਆਉਣ ਲਈ ਵੱਖ ਵੱਖ ਪਿੰਡਾਂ ਵਿੱਚ ਲੱਖਾਂ ਰੁਪਏ ਦੀ ਰਾਸ਼ੀ ਦੇ ਸੈਂਕਸ਼ਨ ਲੈਟਰ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੰਡੇ ਗਏ। ਜਿਸ ਤਹਿਤ ਹਲਕਾ ਸਮਰਾਲਾ ਦੇ ਵੱਖ ਵੱਖ ਪਿੰਡ ਢੀਂਡਸਾ ਨੂੰ 3 ਲੱਖ, ਖੱਟਰਾਂ ਨੂੰ 3 ਲੱਖ ਰੁਪਏ, ਕਾਊਕੇ 2 ਲੱਖ ਰੁਪਏ, ਪੂਨੀਆਂ 3 ਲੱਖ ਰੁਪਏ, ਹੱਭੋਵਾਲ ਬੇਟ ਨੂੰ 2 ਲੱਖ ਰੁਪਏ ਗਰਾਂਟਾਂ ਦੇ ਸੈਂਕਸ਼ਨ ਲੈਟਰ ਤਕਸੀਮ ਕੀਤੇ ਤਾਂ ਜੋ ਇਹ ਰਾਸ਼ੀ ਪਿੰਡਾਂ ਦੇ ਵਿਕਾਸ ਲਈ ਖਰਚੀ ਜਾਵੇ ਅਤੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਨੀਂਹ ਪੱਥਰ ਵੀ ਰੱਖੇ ਗਏ। ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਵੀ ਕਿਹਾ ਕਿ ਕਾਂਗਰਸ ਪਾਰਟੀ ਸੂਬੇ ਦੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਣ ਲਈ ਹਮੇਸ਼ਾ ਵਚਨਵੱਧ ਹੈ ਅਤੇ ਪਿੰਡ ਨੂੰ ਦਿੱਤੀਆਂ ਵਿਕਾਸ ਕਾਰਜਾਂ ਲਈ ਗਰਾਂਟਾਂ ਬਿਨਾਂ ਕਿਸੇ ਭੇਦਭਾਵ ਤੋਂ ਖਰਚੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਸੰਮਤੀ ਸਮਰਾਲਾ ਦੇ ਚੇਅਰਮੈਨ ਅਜਮੇਰ ਸਿੰਘ ਪੁਰਬਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਤਿੰਦਰ ਸਿੰਘ ਜੋਗਾ ਬਲਾਲਾ, ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ, ਪ੍ਰਭਦੀਪ ਸਿੰਘ ਪੀ ਏ ਮੈਂਬਰ ਪਾਰਲੀਮੈਂਟ ਡਾਕਟਰ ਅਮਰ ਸਿੰਘ, ਹਰਚੰਦ ਸਿੰਘ ਮਾਲਕਪਰ ਪੀ ਏ, ਗੁਰਮੁੱਖ ਸਿੰਘ ਬੂਲਾਪੁਰ, ਕਸਤੂਰੀ ਲਾਲ ਮਿੰਟੂ ਸੀਨੀ: ਮੀਤ ਪ੍ਰਧਾਨ, ਪਰਮਿੰਦਰ ਤਿਵਾੜੀ ਪ੍ਰਧਾਨ ਬਲਾਕ ਕਾਂਗਰਸ, ਕੁਲਵਿੰਦਰ ਸਿੰਘ ਮਾਣੇਵਾਲ, ਚੇਅਰਪਰਸਨ ਬਲਾਕ ਸੰਮਤੀ ਸ੍ਰੀ ਮਾਛੀਵਾੜਾ ਸਾਹਿਬ ਦੇ ਪਤੀ ਸੁਖਜਿੰਦਰ ਸਿੰਘ ਸੁੱਖਾ ਮਾਨ, ਸੰਮਤੀ ਮੈਂਬਰ ਅਮਨਦੀਪ ਸਿੰਘ ਗੁਰੋਂ, ਜਗੀਰ ਸਿੰਘ ਰਾਜਗੜ੍ਹ, ਸੁਖਦੀਪ ਸਿੰਘ ਗੌਂਸਗੜ੍ਹ, ਹਰਭਜਨ ਸਿੰਘ ਮੁਸ਼ਕਾਬਾਦ, ਕੁਲਵੰਤ ਕੌਰ, ਵਿਜੇ ਰਾਣਾ ਅਤੇ ਮਨਪ੍ਰੀਤ ਸਿੰਘ ਜਲਨਪੁਰ ਪ੍ਰਧਾਨ ਯੂਥ ਕਾਂਗਰਸ ਅਤੇ ਵੱਖ ਵੱਖ ਪਿੰਡਾਂ ਦੇ ਸਰਪੰਚ , ਪੰਚ , ਬਲਾਕ ਸੰਮਤੀ ਮੈਂਬਰ ਅਤੇ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਪਿੰਡ ਵਾਸੀ ਆਦਿ ਹਾਜ਼ਰ ਸਨ।

ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦਿਆਂ, ਅਧਿਕਾਰੀਆਂ, ਕਰਮਚਾਰੀਆਂ ਤੇ ਲਾਈਨ ਵਿਭਾਗਾਂ ਦੇ ਕਰਮਚਾਰੀਆਂ ਲਈ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ

ਸਮਰਾਲਾ, (ਸੁਰਜੀਤ ਸਿੰਘ) : ਪੰਜਾਬ ਸਰਕਾਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਪੰਚਾਇਤੀ ਰਾਜ ਸੰਸਥਾਵਾਂ ਦੇ ਚੁਣੇ ਹੋਏ ਨੁਮਾਇੰਦਿਆਂ, ਅਧਿਕਾਰੀਆਂ/ਕਰਮਚਾਰੀਆਂ ਅਤੇ ਲਾਈਨ ਵਿਭਾਗਾਂ ਦੇ ਕਰਮਚਾਰੀਆਂ ਲਈ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਮਿਤੀ 16 ਜਨਵਰੀ ਤੋਂ 3 ਫਰਵਰੀ ਤੱਕ ਦਫਤਰ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸਮਰਾਲਾ ਵਿਖੇ ਚੱਲ ਰਿਹਾ ਹੈ । ਅਮਰਦੀਪ ਸਿੰਘ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਸਮਰਾਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੋਗਰਾਮ ਰਾਸ਼ਟਰੀ ਗ੍ਰਾਮ ਸਵਰਾਜ ਅਭਿਆਨ ਅਤੇ ਟਿਕਾਊ ਵਿਕਾਸ ਟੀਚਿਆਂ ਦੇ 9 ਵਿਸ਼ਿਆਂ 'ਤੇ ਅਧਾਰਤ ਹੈ, ਜਿਸ ਵਿੱਚ ਪਿੰਡਾਂ ਦੇ ਚੁਣੇ ਹੋਏ ਸਰਪੰਚਾਂ/ਪੰਚਾਂ ਨੂੰ ਇਨ੍ਹਾਂ ਵਿਸ਼ਿਆਂ ਸੰਬੰਧੀ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਪੰਚਾਇਤਾਂ ਦੇ ਕੰਮਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੁਚਾਰੂ ਢੰਗ ਨਾਲ ਕਰਵਾਉਣ ਸੰਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਸਿਖਲਾਈ ਪ੍ਰੋਗਰਾਮ 'ਚ ਵਿਭਾਗ ਵੱਲੋਂ ਭੇਜੇ ਗਏ ਨੁਮਾਇੰਦੇ ਮਾਸਟਰ ਰਿਸੋਰਸ ਪਰਸਨ ਹਰਸੁਖਨਿੰਦਰ ਕੌਰ ਅਤੇ ਰਿਸੋਰਸ ਪਰਸਨ ਰਮਿੰਦਰ ਕੌਰ ਤੋਂ ਇਲਾਵਾ ਬਾਲ ਵਿਕਾਸ ਅਤੇ ਪ੍ਰੋਜੈਕਟ ਵਿਭਾਗ , ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਮੈਡੀਕਲ ਵਿਭਾਗ ਦੇ ਨੁਮਾਇੰਦੇ ਵੱਲੋਂ ਆਪਣੇ ਆਪਣੇ ਵਿਭਾਗ ਦੀਆਂ ਸਕੀਮਾਂ ਸੰਬੰਧੀ ਪੰਚਾਂ/ਸਰਪੰਚਾਂ ਨੂੰ ਜਾਗਰੂਕ ਕੀਤਾ ਗਿਆ ਹੈ। 31 ਜਨਵਰੀ ਤੱਕ ਬਲਾਕ ਸਮਰਾਲਾ ਅਧੀਨ ਆਉਂਦੀਆਂ ਪੰਚਾਇਤਾਂ ਦੇ 243 ਮੈਂਬਰ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲੈ ਚੁੱਕੇ ਹਨ ਅਤੇ ਆਪਣੇ ਕਾਰਜ ਵਿੱਚ ਹੋਰ ਕੁਸ਼ਲਤਾ ਲਿਆਉਣ ਲਈ ਜਾਣਕਾਰੀ ਵੀ ਪ੍ਰਾਪਤ ਕਰ ਚੁੱਕੇ ਹਨ । ਇਸ ਤੋਂ ਇਲਾਵਾ ਅਮਰਦੀਪ ਸਿੰਘ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵੱਲੋਂ ਨਿੱਜੀ ਤੌਰ 'ਤੇ ਕੈਂਪ ਵਿੱਚ ਹਾਜ਼ਰ ਹੋ ਕਿ ਪੰਚਾਇਤਾਂ ਨੂੰ ਆਪਣੇ ਕੰਮ ਵਿੱਚ ਗਤੀਸ਼ੀਲਤਾ ਲਿਆਉਣ ਬਾਰੇ ਪ੍ਰੇਰਿਤ ਕੀਤਾ ਗਿਆ ਅਤੇ ਪਿੰਡਾਂ ਵਿੱਚ ਵੱਧ ਤੋਂ ਵੱਧ ਦਰੱਖਤ ਲਗਾਉਣ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਲਈ ਵੀ ਪ੍ਰੇਰਿਤ ਕੀਤਾ ਗਿਆ ਤਾਂ ਜੋ ਵਿਕਾਸ ਕਾਰਜਾਂ ਦੇ ਨਾਲ ਨਾਲ ਵਾਤਾਵਰਣ ਦੀ ਸੰਭਾਲ ਵੀ ਕੀਤੀ ਜਾ ਸਕੇ।

ਜ਼ਿਲ੍ਹਾ ਪੱਧਰੀ ਯੁਵਕ ਸਮਾਗਮ ਭਲਕ ਤੋਂ

ਲਹਿਰਾਗਾਗਾ (ਪਵਨ ਸ਼ਰਮਾ) ਯੁਵਕ ਸੇਵਾਵਾਂ ਵਿਭਾਗ ਵੱਲੋਂ 3 ਤੇ 4 ਫਰਵਰੀ ਨੂੰ ਜ਼ਿਲ੍ਹਾ ਪੱਧਰੀ ਯੁਵਕ ਸਮਾਗਮ ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ਲਹਿਰਾਗਾਗਾ (ਸੰਗਰੂਰ) ਵਿੱਚ ਕਰਾਇਆ ਜਾ ਰਿਹਾ ਹੈ।

ਯੁਵਕ ਸੇਵਾਵਾਂ ਵਿਭਾਗ ਸੰਗਰੂਰ ਦੇ ਸਹਾਇਕ ਡਾਇਰੈਕਟਰ ਸ਼੍ਰੀ ਅਰੁਣ ਕੁਮਾਰ, ਸਕੂਲ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਮੈਡਮ ਉਰਮਲਾ ਰਾਣੀ, ਉਪ ਪ੍ਰਧਾਨ ਐੱਲ.ਕੇ. ਖੋਖਰ, ਐਮ.ਡੀ. ਪੀ.ਕੇ. ਖੋਖਰ, ਪ੍ਰਿੰਸੀਪਲ ਮੈਡਮ ਸੁਖਵੀਰ ਕੌਰ, ਕਾਨੂੰਨੀ ਸਲਾਹਕਾਰ ਅਨਿਰੁੱਧ ਕੌਸ਼ਲ ਨੇ ਦੱਸਿਆ ਕਿ ਇਹ ਸਮਾਗਮ ਸਵਾਮੀ ਵਿਵੇਕਾਨੰਦ ਜੀ ਨੂੰ ਸਮਰਪਤ ਹੋਵੇਗਾ ਤੇ ਇਸ ਪ੍ਰੋਗਰਾਮ ਦਾ ਮੁੱਖ ਮਨੋਰਥ ਨੌਜਵਾਨ ਪੀੜ੍ਹੀ ਨੂੰ ਸਵਾਮੀ ਵਿਵੇਕਾਨੰਦ ਦੀਆਂ ਸਿੱਖਿਆਵਾਂ ਪ੍ਰਤੀ ਜਾਣੂ ਕਰਾਉਣਾ ਹੈ।

ਉਨ੍ਹਾਂ ਦੱਸਿਆ ਕਿ 3 ਫਰਵਰੀ ਦੇ ਉਦਘਾਟਨ ਸਮਾਰੋਹ ਦੇ ਮੁੱਖ ਮਹਿਮਾਨ ਸੂਬਾ ਸਿੰਘ ਐੱਸ.ਡੀ.ਐੱਮ. ਲਹਿਰਾ ਅਤੇ ਸ਼੍ਰੀ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਹੋਣਗੇ ਅਤੇ ਇਸ ਦਿਨ ਖੂਨਦਾਨ ਕੈਂਪ, ਸਵਾਮੀ ਵਿਵੇਕਾਨੰਦ ਜੀ ਨਾਲ ਸਬੰਧਤ ਕੁਇਜ਼ ਮੁਕਾਬਲੇ ਅਤੇ ਸੈਮੀਨਾਰ ਕਰਾਇਆ ਜਾਵੇਗਾ, ਜਦੋਂ ਕਿ 4 ਫਰਵਰੀ ਨੂੰ ਦੇ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਸ਼੍ਰੀ ਜਤਿੰਦਰ ਜੋਰਵਾਲ, ਡਿਪਟੀ ਕਮਿਸ਼ਨਰ ਸੰਗਰੂਰ ਤੇ ਐਡਵੋਕੇਟ ਬਰਿੰਦਰ ਗੋਇਲ ਐੱਮ.ਐੱਲ.ਏ. ਹਲਕਾ ਲਹਿਰਾ ਹੋਣਗੇ, ਇਸ ਦਿਨ ਪੋਸਟਰ/ਕੋਲਾਜ਼ ਮੇਕਿੰਗ, ਸਲੋਗਮ ਰਾਈਟਿੰਗ, ਭਾਸ਼ਣ ਪ੍ਰਤੀਯੋਗਤਾ ਦੇ ਮੁਕਾਬਲੇ ਕਰਾਉਣ ਤੋਂ ਇਲਾਵਾ ਸੱਭਿਆਚਾਰਕ ਪ੍ਰੋਗਰਾਮ ਕਰਾਇਆ ਜਾਵੇਗਾ।

ਉਨ੍ਹਾਂ ਜ਼ਿਲ੍ਹੇ ਦੇ ਸਮੂਹ ਕੌਮੀ ਸੇਵਾ ਯੋਜਨਾ ਇਕਾਈਆਂ, ਰੈੱਡ ਰਿਬਨ/ਯੂਥ ਕਲੱਬਾਂ ਨੂੰ ਇਸ ਪ੍ਰੋਗਰਾਮ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ ਹੈ।

ਮਾਤਾ ਗੁਜਰੀ ਕਾਲਜ ਵੱਲੋਂ ਸਿਖਲਾਈ ਕੈਂਪ ਦਾ ਆਯੋਜਨ

ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) : ਮਾਤਾ ਗੁਜਰੀ ਕਾਲਜ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਨੇ ਨਾਮਵਰ ਕੰਪਨੀ ਬਜਾਜ ਫਿਨਸਰਵ ਲਿਮਟਿਡ ਦੇ ਸਹਿਯੋਗ ਨਾਲ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਆਖਰੀ ਸਾਲ ਦੇ ਵਿਦਿਆਰਥੀਆਂ ਲਈ 28 ਦਿਨਾਂ ਦਾ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ ਹੈ ਜਿਸ ਵਿੱਚ 53 ਵਿਦਿਆਰਥੀ ਬਹੁਤ ਉਤਸ਼ਾਹ ਨਾਲ ਭਾਗ ਲੈ ਰਹੇ ਹਨ। ਇਸ ਪ੍ਰੋਗਰਾਮ ਦਾ ਮੁੱਖ ਉਦੇਸ ਬੈਂਕਿੰਗ, ਵਿੱਤ ਅਤੇ ਬੀਮਾ ਕੰਪਨੀਆਂ 'ਚ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਉਦੇਸ਼ ਨਾਲ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਅਤੇ ਜ਼ਰੂਰੀ ਹੁਨਰ ਪ੍ਰਦਾਨ ਕਰਨਾ ਹੈ। ਕੰਪਨੀ ਅਧਿਕਾਰੀ ਨੇ ਕਈ ਮੁੱਦਿਆਂ ਜਿਵੇਂ ਟੀਚਾ ਨਿਰਧਾਰਨ, ਰਵੱਈਆ, ਸੰਚਾਰ ਹੁਨਰ, ਸ਼ਖਸੀਅਤ ਵਿਕਾਸ, ਇੰਟਰਵਿਊ ਦੇ ਹੁਨਰ ਅਤੇ ਬੈਂਕਿੰਗ, ਵਿੱਤ ਅਤੇ ਬੀਮਾ ਕੰਪਨੀਆਂ ਨਾਲ ਸੰਬੰਧਤ ਕੁਝ ਤਕਨੀਕੀ ਹੁਨਰਾਂ 'ਤੇ ਧਿਆਨ ਕੇਂਦਰਿਤ ਕੀਤਾ। ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਵਿਹਾਰਕ ਸਿਖਲਾਈ ਕੈਂਪ ਵਿਦਿਆਥੀਆਂ ਦੇ ਵਿਹਾਰਕ ਅਤੇ ਵਿਵਹਾਰਕ ਗਿਆਨ 'ਚ ਵਾਧਾ ਕਰਦੇ ਹਨ ਅਤੇ ਉਨ੍ਹਾਂ ਵਿੱਚ ਅੱਗੇ ਵਧਣ ਦਾ ਜਜ਼ਬਾ ਵੀ ਪੈਦਾ ਕਰਦੇ ਹਨ। ਡੀਨ ਪਲੇਸਮੈਂਟ ਡਾ. ਜਗਦੀਸ਼ ਸਿੰਘ ਨੇ ਇਸ ਸਿਖਲਾਈ ਕੈਂਪ 'ਚ ਭਾਗ ਲੈਣ ਵਾਲੇ ਕੰਪਨੀ ਅਧਿਕਾਰੀਆਂ, ਬੁਲਾਰਿਆਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਸਭ ਨਾਲ ਕੈਂਪ ਦਾ ਉਦੇਸ਼ ਸਾਂਝਾ ਕੀਤਾ। ਪਲੇਸਮੈਂਟ ਅਫ਼ਸਰ ਡਾ. ਸੌਰਵ ਸ਼ਰਮਾ ਨੇ ਵਿਦਿਆਰਥੀਆਂ ਦੇ ਵਿਹਾਰਕ ਗਿਆਨ ਅਤੇ ਹੁਨਰ ਨੂੰ ਵਧਾਉਣ ਲਈ ਅਜਿਹੀ ਵਿਹਾਰਕ ਸਿਖਲਾਈ ਦੀ ਭੂਮਿਕਾ 'ਤੇ ਜ਼ੋਰ ਦਿੱਤਾ।

ਕਾਤਰਾਂ

ਔਰਤ ਨੂੰ ਜ਼ਖਮੀ ਕਰਕੇ ਨਕਦੀ ਤੇ ਗਹਿਣੇ ਲੁੱਟੇ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਪਿੰਡ ਖਰ੍ਹੇ ਵਿਖੇ ਇੱਕ ਕਿਸਾਨ ਦੇ ਘਰ 'ਚ ਦਿਨ ਦਿਹਾੜੇ ਦਾਖਲ ਹੋਏ ਅਣਪਛਾਤੇ ਲੁਟੇਰਿਆਂ ਵੱਲੋਂ ਘਰ 'ਚ ਮੌਜੂਦ ਔਰਤ ਨੂੰ ਜ਼ਖਮੀ ਕਰਕੇ ਸੋਨਾ ਅਤੇ ਨਕਦੀ ਲੁੱਟ ਕੇ ਲੈ ਜਾਣ ਦਾ ਸਮਾਚਾਰ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੁਲਵਿੰਦਰ ਸਿੰਘ ਵਾਸੀ ਪਿੰਡ ਖਰ੍ਹੇ ਨੇ ਦੱਸਿਆ ਕਿ ਉਸ ਦਾ ਪੁੱਤਰ ਅਤੇ ਪਤਨੀ ਕਿਸੇ ਕੰਮ ਲਈ ਕਚਹਿਰੀਆਂ 'ਚ ਗਏ ਹੋਏ ਸਨ ਤੇ ਉਹ ਆਪਣੇ ਪਿੰਡ 'ਚ ਹੀ ਸਥਿਤ ਪੋਲਟਰੀ ਫਾਰਮ ਵਿਖੇ ਗੇੜਾ ਮਾਰਨ ਚਲਾ ਗਿਆ, ਜਿਸ ਦੌਰਾਨ ਉਸ ਦੀ ਨੂੰਹ ਪੁਨੀਤ ਕੌਰ ਘਰ 'ਚ ਇਕੱਲੀ ਕੰਮਕਾਰ ਕਰ ਰਹੀ ਸੀ ਤਾਂ ਘਰ 'ਚ ਦਾਖਲ ਹੋਏ ਦੋ ਅਣਪਛਾਤੇ ਵਿਅਕਤੀਆਂ ਨੇ ਉਸ ਦੀ ਨੂੰਹ ਪੁਨੀਤ ਕਾਰ ਦੀ ਗਰਦਨ 'ਤੇ ਕੋਈ ਚੀਜ਼ ਮਾਰ ਕੇ ਉਸ ਨੂੰ ਜ਼ਖਮੀ ਕਰ ਦਿੱਤਾ, ਜਿਸ ਕਾਰਨ ਪੁਨੀਤ ਕੌਰ ਬੇਹੋਸ਼ ਹੋ ਗਈ ਤੇ ਉਕਤ ਵਿਅਕਤੀਆਂ ਨੇ ਉਸ ਦੀ ਨੂੰਹ ਦੇ ਗਲੇ 'ਚ ਪਾਈ ਸੋਨੇ ਦੀ ਚੇਨ ਤੋੜ ਲਈ ਤੇ ਘਰ ਦੇ ਸਮਾਨ ਦੀ ਫਰੋਲਾ ਫਰਾਲੀ ਕਰਕੇ ਘਰ 'ਚ ਪਈ ਨਕਦੀ ਅਤੇ ਗਹਿਣੇ ਚੁੱਕ ਕੇ ਫਰਾਰ ਹੋ ਗਏ। ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

ਗਲੋਬਲ ਫਲਾਇਰਜ਼ ਸੰਸਥਾ ਨੇ ਲਗਵਾਇਆ ਇੰਗਲੈਂਡ ਦਾ ਸਟੱਡੀ ਵੀਜ਼ਾ

ਬੱਧਨੀ ਕਲਾ/ਅਜੀਤਵਾਲ (ਨਛੱਤਰ ਸੰਧੂ) : ਗਲੋਬਲ ਫਲਾਇਰਜ਼ ਆਈਲੈਟਸ ਤੇ ਇਮੀਗ੍ਰੇਸ਼ਨ ਸੰਸਥਾ ਜੋ ਕਿ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਵੱਲੋਂ ਲਗਾਤਾਰ ਵਿਦੇਸ਼ ਵਿੱਚ ਪੜ੍ਹਾਈ ਕਰਨ ਵਾਲੇ ਬੱਚਿਆਂ ਲਈ ਵਰਦਾਨ ਸਾਬਤ ਹੋ ਰਹੀ ਹੈ , ਉੱਥੇ ਹੀ ਓਪਨ ਵਰਕ ਪਰਮਿਟ ਵੀਜ਼ਾ ਅਤੇ ਵਿਜ਼ਿਟਰ ਵੀਜ਼ੇ 'ਚ ਮੁਹਾਰਤ ਹਾਸਲ ਕਰ ਚੁੱਕੀ ਇਸ ਸੰਸਥਾ ਵੱਲੋਂ ਲਵਪ੍ਰੀਤ ਸਪੁੱਤਰ ਪਾਲ ਰਾਮ ਵਾਸੀ ਕੋਟਕਪੂਰਾ (ਫਰੀਦਕੋਟ) ਦਾ ਇੰਗਲੈਂਡ ਦਾ ਵੀਜ਼ਾ ਲਗਵਾਇਆ ਗਿਆ ਹੈ। ਗਲੋਬਲ ਫਲਾਇਰਜ਼ ਦੇ ਚੇਅਰਮੈਨ ਰਜਤ ਪਲਤਾ ਨੇ ਦੱਸਿਆ ਕਿ ਸੰਸਥਾ ਵੱਲੋਂ ਕਾਨੂੰਨੀ ਅਤੇ ਪਾਰਦਰਸ਼ੀ ਤਰੀਕੇ ਨਾਲ ਫਾਈਲ ਤਿਆਰ ਕਰਕੇ ਹੀ ਕਨੇਡਾ, ਯੂ ਕੇ, ਅਸਟ੍ਰੇਲੀਆ ਜਾਣ ਲਈ ਅੰਬੈਸੀ ਕੋਲ ਕੇਸ ਅਪਲਾਈ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਲਵਪ੍ਰੀਤ ਅਤੇ ਉਨ੍ਹਾਂ ਦੇ ਪਰਵਾਰ ਨਾਲ ਖੁਸ਼ੀ ਜ਼ਾਹਰ ਕਰਦਿਆਂ ਐਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਸੰਤ ਬਲਵੀਰ ਸਿੰਘ ਆਈਲੈਟਸ ਸੰਸਥਾ ਨੇ ਵਿਦਿਆਰਥਣ ਦਾ ਕੈਨੇਡਾ ਦਾ ਲਗਵਾਇਆ ਸਟੱਡੀ ਵੀਜ਼ਾ

ਭਗਤਾ ਭਾਈ ਕਾ, (ਰਾਜੀਵ ਗੋਇਲ) : ਬਹੁਤ ਹੀ ਥੋੜ੍ਹੇ ਸਮੇਂ ਵਿੱਚ ਇਲਾਕੇ ਅੰਦਰ ਚੰਗਾ ਨਾਮਣਾ ਖੱਟਣ ਵਾਲੀ ਸੰਤ ਬਾਬਾ ਬਲਵੀਰ ਸਿੰਘ ਆਈਲੈਟਸ ਸੰਸਥਾ ਨੇ ਵਿਦਿਆਰਥਣ ਕਰਮਜੀਤ ਕੌਰ ਪੁੱਤਰੀ ਲਖਵਿੰਦਰ ਸਿੰਘ ਵਾਸੀ ਚੀਦਾ ਦਾ ਕੈਨੇਡਾ ਸਟੱਡੀ ਵੀਜ਼ਾ ਲਗਵਾਇਆ ਹੈ। ਇਸ ਮੌਕੇ ਆਪਣੀ ਖੁਸ਼ੀ ਨਾ ਸੰਭਾਲਦੇ ਹੋਏ ਵਿਦਿਆਰਥਣ ਨੇ ਕਿਹਾ ਕਿ ਇਹ ਸੰਸਥਾ ਬੱਚਿਆਂ ਨੂੰ ਜਿੱਥੇ ਚੰਗੀ ਪੜ੍ਹਾਈ ਕਰਵਾਉਣ ਲਈ ਵਚਨਬੱਧ ਹੈ,ਉਥੇ ਹੀ ਇਸ ਸੰਸਥਾ ਅੰਦਰ ਅਨੁਸ਼ਾਸਨ ਦਾ ਵੀ ਖਾਸ ਧਿਆਨ ਰੱਖਿਆ ਜਾਂਦਾ ਹੈ। ਇਸ ਮੌਕੇ ਸੰਸਥਾ ਮੁਖੀ ਜਸਅਮਨਦੀਪ ਸਿੰਘ ਵੱਲੋਂ ਬੱਚੀ ਨੂੰ ਕੈਨੇਡਾ ਵੀਜ਼ਾ ਲੱਗਿਆ ਪਾਸਪੋਰਟ ਸੌਂਪਿਆ ਗਿਆ।

ਕੌਮੀ ਇਨਸਾਫ਼ ਮੋਰਚੇ 'ਚ ਪੁੱਜੀਆਂ ਕਾਲਾਂਵਾਲੀ ਖੇਤਰ ਦੀਆਂ ਸਿੱਖ ਸੰਗਤਾਂ

ਸਿਰਸਾ (ਸੁਰਿੰਦਰ ਪਾਲ ਸਿੰਘ) ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ-ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਦੀ ਰਹਿਨੁਮਾਈ ਹੇਠ ਸਿਰਸਾ ਜਿਲ੍ਹੇ ਦੀਆਂ ਸਿੱਖ ਸੰਗਤਾਂ ਦਾ ਜਥਾ ਮੋਹਾਲੀ ਵਿਖੇ ਚੱਲ ਰਹੇ ਕੌਮੀ ਇਨਸਾਫ਼ ਮੋਰਚੇ ਵਿੱਚ ਭਾਗ ਲੈਣ ਲਈ ਗੁਰਦੁਆਰਾ ਨਿਰਮਲਸਰ ਤਿਲੋਕੇਵਾਲਾ (ਸਿਰਸਾ) ਤੋਂ ਵੱਡੇ ਕਾਫ਼ਲੇ ਅਤੇ ਖਾਲਸਾਈ ਝੰਡਿਆਂ ਤੇ ਬੈਨਰਾਂ ਸਮੇਤ ਰਵਾਨਾ ਹੋਇਆ।

ਬਾਬਾ ਤਿਲੋਕੇਵਾਲਾ ਨੇ ਕਿਹਾ ਕਿ ਇਹ ਮੋਰਚਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਹੋ ਜਾਂਦੀ।ਉਨ੍ਹਾਂ ਕੇਂਦਰ ਤੇ ਸੂਬਾ ਸਰਕਾਰਾਂ ਤੋਂ ਇਨਸਾਫ਼ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੇ ਆਪਣੇ ਜੁਰਮ ਅਨੁਸਾਰ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ, ਇਸ ਲਈ ਸਰਕਾਰ ਉਨ੍ਹਾਂ ਨੂੰ ਤੁਰੰਤ ਰਿਹਾਅ ਕਰੇ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਸਰਕਾਰਾਂ ਕੋਲ ਅਪੀਲਾਂ ਕਰ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਸ਼ਾਂਤਮਈ ਤਰੀਕੇ ਨਾਲ ਇਨਸਾਫ਼ ਮੰਗਣਾ ਹਰ ਨਾਗਰਿਕ ਦਾ ਸੰਵਿਧਾਨਿਕ ਹੱਕ ਹੈ। ਇਸ ਮੌਕੇ ਭਾਈ ਗੁਰਪਿਆਰ ਸਿੰਘ ਤਿਲੋਕੇਵਾਲਾ ਨੇ ਦੱਸਿਆ ਕਿ ਪਿੰਡ ਤਿਲੋਕੇਵਾਲਾ ਤੋ ਰਵਾਨਾਂ ਹੋਣ ਵਾਲੇ ਵੱਡੇ ਕਾਫ਼ਲਿਆਂ 'ਚ ਬਾਬਾ ਪ੍ਰੀਤਮ ਸਿੰਘ ਮੱਲੜੀ, ਬਾਬਾ ਗੁਰਪਾਲ ਸਿੰਘ ਚੋਰਮਾਰ, ਬਾਬਾ ਦਰਸ਼ਨ ਸਿੰਘ ਦਾਦੂ, ਬਾਬਾ ਜੀਤ ਸਿੰਘ ਰਘੂਆਣਾ, ਭਾਈ ਅਮ੍ਰਿਤਪਾਲ ਸਿੰਘ ਔਢਾਂ, ਭਾਈ ਸੁਖਵਿੰਦਰ ਸਿੰਘ ਰਾਗੀ, ਬਾਬਾ ਗੁਲਜ਼ਾਰ ਸਿੰਘ ਬੜਾਗੁੜਾਂ, ਵਰਿੰਦਰ ਸਿੰਘ ਐਡਵੋਕੇਟ, ਗਿਆਨੀ ਮਹਿੰਦਰ ਸਿੰਘ, ਰਾਗੀ ਗੁਰਜੰਟ ਸਿੰਘ ਰੋੜੀ, ਸਲੋਕ ਸਿੰਘ, ਰਾਜਿੰਦਰ ਸਿੰਘ, ਹਰਪਾਲ ਸਿੰਘ, ਰਾਜਿੰਦਰ ਸਿੰਘ, ਸੁਖਪਾਲ ਸਿੰਘ ਤੇ ਮਹਿੰਦਰ ਸਿੰਘ ਸਮੇਤ ਬਹੁਤ ਸਾਰੇ ਸਿੱਖ ਆਗੂ ਅਤੇ ਨੌਜਵਾਨ ਸ਼ਾਮਲ ਸਨ।

ਕੇਂਦਰ ਸਰਕਾਰ ਵੱਲੋਂ ਪੇਸ਼ ਬਜਟ ਕਿਰਤੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਲਾ : ਐਡਵੋਕੇਟ ਉੱਡਤ

ਮਾਨਸਾ (ਆਤਮਾ ਸਿੰਘ ਪਮਾਰ) ਅਸਮਾਨ ਛੂੰਹਦੀ ਮਹਿੰਗਾਈ ਵਿੱਚ ਜੀਵਨ ਬਸਰ ਕਰ ਰਹੇ ਕਿਰਤੀ ਕੇਂਦਰ ਸਰਕਾਰ ਦੇ ਬਜਟ ਤੋਂ ਕੁਝ ਰਾਹਤ ਮਿਲਣ ਦੀਆਂ ਉਮੀਦਾਂ ਲਾਈ ਬੈਠੇ ਸਨ, ਜਿਸ 'ਤੇ ਅੱਜ ਦੇਸ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਬਜਟ ਨਾਲ ਪਾਣੀ ਫਿਰ ਗਿਆ ਹੈ। ਕੇਂਦਰ ਸਰਕਾਰ ਦਾ ਬਜਟ ਕਿਰਤੀਆਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਵਾਂਗ ਤੇ ਮਹਿੰਗਾਈ ਬਲ਼ਦੀ 'ਤੇ ਤੇਲ ਪਾਉਣ ਵਾਲਾ ਕੰਮ ਕਰੇਗੀ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਿੰਡ ਦੂਲੋਵਾਲ ਵਿਖੇ ਸੀਟੂ ਵਰਕਰਾਂ ਵੱਲੋਂ ਕੇਂਦਰ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜਨ ਉਪਰੰਤ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੀਪੀਆਈ ਐਮ ਦੇ ਸੂਬਾਈ ਆਗੂ ਤੇ ਸੀਟੂ ਦੇ ਸੂਬਾ ਸਕੱਤਰ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਾਰਪੋਰੇਟ ਪੱਖੀ ਬੱਜਟ ਪੇਸ਼ ਕੀਤਾ ਹੈ ਤੇ ਜਨਸਧਾਰਨ ਦਾ ਰੱਤੀ ਭਰ ਵੀ ਖਿਆਲ ਨਹੀਂ ਰੱਖਿਆ।

ਉਨ੍ਹਾਂ ਕਿਹਾ ਕਿ ਬਜਟ ਤੋਂ ਮੋਦੀ ਹਕੂਮਤ ਦੀ ਮਨਰੇਗਾ ਸਕੀਮ ਨੂੰ ਖਤਮ ਕਰਨ ਦੀ ਮਾਨਸਿਕਤਾ ਸਾਫ਼ ਝਲਕਦੀ ਹੈ। ਐਡਵੋਕੇਟ ਉੱਡਤ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਖਿਲਾਫ਼ 5 ਅਪ੍ਰੈਲ ਨੂੰ ਸੰਸਦ ਦਾ ਘਿਰਾਓ ਕੀਤਾ ਜਾਵੇਗਾ ਤਾਂ ਜੁ ਗੂੰਗੀ-ਬੋਲੀ ਮੋਦੀ ਹਕੂਮਤ ਦੇ ਕੰਨਾਂ ਵਿੱਚ ਅਵਾਮ ਦੀ ਆਵਾਜ਼ ਪਹੁੰਚਦੀ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋ ਇਲਾਵਾ ਸੀਟੂ ਦੇ ਜ਼ਿਲ੍ਹਾ ਆਗੂ ਸਾਥੀ ਕਾਲਾ ਖਾਂ ਭੰਮੇ, ਰਾਜਾ ਸਿੰਘ ਦੂਲੋਵਾਲ, ਤੇਜਾ ਸਿੰਘ ਦੂਲੋਵਾਲ, ਕਰਨੈਲ ਸਿੰਘ ਦੂਲੋਵਾਲ, ਬਲਵਿੰਦਰ ਸਿੰਘ ਕੋਟਧਰਮੂ, ਦੇਸਰਾਜ ਸਿੰਘ ਕੋਟਧਰਮੂ, ਬਲਦੇਵ ਸਿੰਘ ਦੂਲੋਵਾਲ, ਲਖਵਿੰਦਰ ਸਿੰਘ ਦੂਲੋਵਾਲ ਤੇ ਗੁਰਜੰਟ ਕੋਟਧਰਮੂ ਆਦਿ ਹਾਜ਼ਰ ਸਨ।

ਆਸ਼ਾ ਵਰਕਰ ਫੈਸਿਲੀਟੇਟਰਜ਼ ਯੂਨੀਅਨ ਦੀ ਚੋਣ 'ਚ ਸੁਖਵਿੰਦਰ ਸੁੱਖੀ ਪ੍ਰਧਾਨ ਬਣੇ

ਮਾਨਸਾ (ਆਤਮਾ ਸਿੰਘ ਪਮਾਰ) : ਆਲ ਇੰਡੀਆ ਆਸ਼ਾ ਵਰਕਰਜ਼ ਫੈਸਿਲੀਟੇਟਰਜ਼ ਯੂਨੀਅਨ ਜ਼ਿਲ੍ਹਾ ਮਾਨਸਾ ਦੀ ਮੀਟਿੰਗ ਸੁਖਵਿੰਦਰ ਕੌਰ ਸੁੱਖੀ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਯੂਨੀਅਨ ਦੀ ਜ਼ਿਲ੍ਹਾ ਇਕਾਈ ਦੀ ਚੋਣ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਅੱਜ ਦੀ ਮੀਟਿੰਗ ਸੂਬਾ ਕਮੇਟੀ ਵੱਲੋਂ ਅਮਰਜੀਤ ਕੌਰ ਰਣ ਸਿੰਘ ਵਾਲਾ ਸੂਬਾ ਪ੍ਰਧਾਨ ਅਤੇ ਬਲਵੀਰ ਕੌਰ ਗਿੱਲ ਸੂਬਾ ਜਨਰਲ ਸਕੱਤਰ ਉਚੇਚੇ ਤੌਰ 'ਤੇ ਪਹੁੰਚੇ।

ਉਨ੍ਹਾਂ ਦੀ ਨਜ਼ਰਸਾਨੀ ਹੇਠ ਜ਼ਿਲ੍ਹਾ ਮਾਨਸਾ ਦੀ ਆਸ਼ਾ ਵਰਕਰਜ਼ ਯੂਨੀਅਨ ਅਤੇ ਫੈਸਿਲੀਟੇਟਰਜ਼ ਯੂਨੀਅਨ ਦੀ ਜ਼ਿਲ੍ਹਾ ਇਕਾਈ ਦੀ ਚੋਣ ਸਰਬਸੰਮਤੀ ਨਾਲ ਹੋਈ। ਮੀਟਿੰਗ 'ਚ ਬਲਵਿੰਦਰ ਕੌਰ ਭੈਣੀ ਬਾਘਾ ਚੇਅਰਮੈਨ, ਸੁਖਵਿੰਦਰ ਸੁੱਖੀ ਜ਼ਿਲ੍ਹਾ ਪ੍ਰਧਾਨ, ਰਾਜਵੀਰ ਸੀਨੀਅਰ ਮੀਤ ਪ੍ਰਧਾਨ, ਕਿਰਨ ਸ਼ਰਮਾ ਮੀਤ ਪ੍ਰਧਾਨ, ਕਰਮਜੀਤ ਕੌਰ ਅਕਲੀਆ ਜ਼ਿਲ੍ਹਾ ਜਨਰਲ ਸਕੱਤਰ, ਰਬਲਜੀਤ ਕੌਰ ਸਹਾਇਕ ਸਕੱਤਰ, ਹਰਜੀਤ ਕੌਰ ਖਿਆਲਾ ਕੈਸ਼ੀਅਰ, ਬਿੰਦਰ ਕੌਰ ਜ਼ਿਲ੍ਹਾ ਪ੍ਰਚਾਰ ਸਕੱਤਰ, ਹਰਜਿੰਦਰ ਕੌਰ ਪ੍ਰੈੱਸ ਸਕੱਤਰ, ਪਰਮਜੀਤ ਕੌਰ ਸਲਾਹਕਾਰ ਅਤੇ ਰਾਜਵਿੰਦਰ ਕੌਰ ਸਲਾਹਕਾਰ ਅਤੇ ਵੀਰਪਾਲ ਕੌਰ ਉੱਭਾ ਮੀਤ ਪ੍ਰਧਾਨ ਆਦਿ ਆਗੂ ਚੁਣੇ ਗਏ। ਮੀਟਿੰਗ 'ਚ ਪ.ਸ.ਸ.ਫ ਦੇ ਆਗੂ ਰਾਜ ਕੁਮਾਰ ਰੰਗਾ, ਹਰਪਾਲ ਮੂਲੇਵਾਲੀਆ, ਨਾਜਮ ਬੁਰਜ ਢਿੱਲਵਾਂ, ਬਲਵਿੰਦਰ ਬਹਿਮਣ ਕੌਠੀ ਆਦਿ ਆਗੂ ਵੀ ਹਾਜ਼ਰ ਰਹੇ।

ਨਰਸਰੀ ਤੋਂ ਯੂ.ਕੇ.ਜੀ ਜਮਾਤ ਦੇ ਵਿਦਿਆਰਥੀਆਂ ਦੇ ਪੇਂਟਿੰਗ ਮੁਕਾਬਲੇ ਕਰਾਏ

ਅਜੀਤਵਾਲ , (ਨਛੱਤਰ ਸੰਧੂ) ਹੋਲੀ ਹਾਰਟ ਸਕੂਲ ਵਿਖੇ ਨਰਸਰੀ ਤੋਂ ਯੂ.ਕੇ.ਜੀ ਜਮਾਤ ਦੇ ਵਿਦਿਆਰਥੀਆਂ ਦੇ ਕਈ ਪ੍ਰਕਾਰ ਦੇ ਪੇਂਟਿੰਗ ਮੁਕਾਬਲੇ ਕਰਾਏ ਗਏ, ਜਿਨ੍ਹਾਂ ਵਿੱਚ ਲੀਫ ਪੇਂਟਿੰਗ, ਪਟੈਟੋ ਪੇਂਟਿੰਗ, ਥੰਮ ਪੇਂਟਿੰਗ ਸ਼ਾਮਲ ਸਨ, ਜਿਸ ਵਿੱਚ ਵਿਦਿਆਰਥੀਆਂ ਨੇ ਪੱਤਿਆਂ ਨਾਲ, ਪਾਣੀ ਵਾਲੇ ਰੰਗਾਂ ਨਾਲ ਡਰਾਇੰਗ ਕੀਤੀ ਤੇ ਆਲੂ ਦੀ ਮਦਦ ਨਾਲ ਫੁੱਲ ਬਣਾਏ। ਇਨ੍ਹਾਂ ਡਰਾਇੰਗ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੇ ਕਾਫੀ ਦਿਲਚਸਪੀ ਦਿਖਾਈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਜਮਾਤ ਵਿੱਚ ਪੇਂਟਿਗ ਮੁਕਾਬਲੇ ਇਸ ਲਈ ਕਰਾਏ ਜਾਂਦੇ ਹਨ, ਤਾਂ ਜੁ ਨੰਨ੍ਹੇ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਦਿਲਚਸਪੀ ਬਣੀ ਰਹੇ, ਇਸ ਨਾਲ ਬੱਚੇ ਦੀ ਪੜ੍ਹਾਈ ਪ੍ਰਤੀ ਜ਼ਿਆਦਾ ਖਿੱਚ ਪੈਂਦਾ ਹੁੰਦੀ ਹੈ ਅਤੇ ਯਾਦ ਸ਼ਕਤੀ ਵਧਦੀ ਹੈ। ਇਸ ਮੌਕੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਜਿਸ ਤਰ੍ਹਾਂ ਬੀਜ ਦੇ ਪੁੰਗਰਨ ਲਈ ਹਵਾ, ਪਾਣੀ ਤੇ ਮਿੱਟੀ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਵਿਦਿਆਰਥੀਆਂ ਲਈ ਪੜ੍ਹਾਈ ਦੇ ਨਾਲ-ਨਾਲ ਵਾਧੂ ਗਤੀਵਿਧੀਆਂ ਦੀ ਲੋੜ ਹੈ। ਇਸ ਤਰ੍ਹਾਂ ਦੀਆਂ ਗਤੀਵੀਧੀਆਂ ਕਰਵਾਉਣ ਦਾ ਮੁੱਖ ਮਕਸਦ ਵਿਦਿਆਰਥੀਆਂ ਦਾ ਮਾਨਸਿਕ ਵਿਕਾਸ ਕਰਨਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਛੋਟੇ ਵਿਦਿਆਰਥੀਆਂ ਨੂੰ ਅੱਗੇ ਲੈ ਕੇ ਜਾਣ ਲਈ ਹਰ ਸੰਭਵ ਉਪਰਾਲਾ ਕੀਤਾ ਜਾਂਦਾ ਹੈ ਤਾਂ ਜੁ ਬੱਚੇ ਦਾ ਮਾਨਸਿਕ ਵਿਕਾਸ ਹੋ ਸਕੇ।

ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਅੱਗੇ ਤੋਂ ਵੀ ਛੋਟੇ ਵਿਦਿਆਰਥੀਆਂ ਦੇ ਵਿਕਾਸ ਲਈ ਹਰ ਸੰਭਵ ਉਪਰਾਲਾ ਕੀਤਾ ਜਾਂਦਾ ਰਹੇਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਛੋਟੇ ਵਿਦਿਆਰਥੀਆਂ ਲਈ ਉਨ੍ਹਾਂ ਦੇ ਮਾਨਸਿਕ ਵਿਕਾਸ ਲਈ ਖੇਡਾਂ ਦਾ ਸਮਾਨ ਤੇ ਉਨ੍ਹਾਂ ਦਾ ਸਟੱਡੀ ਮਟੀਰੀਅਲ ਵੀ ਮੁਹੱਈਆ ਕਰਾਇਆ ਜਾਂਦਾ ਹੈ ਤਾਂ ਜੁ ਨੰਨ੍ਹੇ ਵਿਦਿਆਰਥੀਆਂ ਦਾ ਮਨ ਪੜ੍ਹਾਈ ਵਿੱਚ ਲੱਗ ਸਕੇ।

ਨਾਇਕ ਭੁਪਿੰਦਰ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

ਪਠਾਨਕੋਟ 'ਚ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਨਾਲ ਹੋਇਆ ਦਿਹਾਂਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) : ਸਬ-ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਘੱਗਾ ਦੇ ਭਾਰਤੀ ਫੌਜ ਵਿੱਚ ਡਿਊਟੀ ਨਿਭਾ ਰਹੇ ਨੌਜਵਾਨ ਨਾਇਕ ਭੁਪਿੰਦਰ ਸਿੰਘ ਦਾ ਪਠਾਨਕੋਟ ਵਿਖੇ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ। ਉਨ੍ਹਾ ਦੀ ਅਚਾਨਕ ਮੌਤ ਕਰਕੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਸ਼ਹੀਦ ਨੌਜਵਾਨ ਭੁਪਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਫੁੱਲਾਂ ਲੱਦੀ ਫੌਜੀ ਗੱਡੀ ਵਿੱਚ ਘੱਗਾ ਦੇ ਸ਼ਮਸ਼ਾਨਘਾਟ ਲਿਆਂਦਾ ਗਿਆ, ਜਿਥੇ ਨਾਇਕ ਭੁਪਿੰਦਰ ਸਿੰਘ ਨੂੰ ਭਾਰਤੀ ਫੌਜ ਦੇ ਕੈਪਟਨ ਵਿਸ਼ਾਲ ਸਿੰਘ ਦੀ ਅਗਵਾਈ ਵਿੱਚ ਸੂਬੇਦਾਰ ਪਰਮਜੀਤ ਸਿੰਘ, ਸੂਬੇਦਾਰ ਜਸਵੀਰ ਸਿੰਘ ਅਤੇ ਸੂਬੇਦਾਰ ਗੁਰਪਿਆਰ ਸਿੰਘ ਸਮੇਤ ਫੌਜੀ ਜਵਾਨਾਂ ਵੱਲੋਂ ਸਲਾਮੀ ਦਿੱਤੀ ਗਈ। ਅੰਤਿਮ ਸੰਸਕਾਰ ਮੌਕੇ ਪੁੱਜੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਪਰਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਵੱਲੋਂ ਪਰਵਾਰ ਦੀ ਹਰ ਤਰ੍ਹਾਂ ਦੀ ਮਾਲੀ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ । ਫੌਜੀ ਜਵਾਨ ਦੀ ਮ੍ਰਿਤਕ ਦੇਹ ਜਿਉਂ ਹੀ ਘੱਗਾ ਦੇ ਸ਼ਮਸ਼ਾਨਘਾਟ ਵਿਖੇ ਪਹੁੰਚੀ ਤਾਂ ਲੋਕਾਂ ਵੱਲੋਂ ਸ਼ਹੀਦ ਦੇ ਸਨਮਾਨ ਵਿੱਚ ਲਗਾਏ ਗਏ ਨਾਅਰਿਆਂ ਮਗਰੋਂ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਮ੍ਰਿਤਕ ਫੌਜੀ ਜਵਾਨ ਦੇ ਪਿਤਾ ਗੁਰਮੇਲ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਭੁਪਿੰਦਰ ਸਿੰਘ (32) ਪਠਾਨਕੋਟ ਵਿਖੇ ਤਾਇਨਾਤ ਸੀ ਜਿਸ ਦੀ ਐਤਵਾਰ ਦੀ ਰਾਤ 11 ਵਜੇ ਦੇ ਕਰੀਬ ਦਿਲ ਦਾ ਦੌਰਾ ਪੈਣ ਕਾਰਨ ਦੌਰਾਨੇ ਇਲਾਜ ਸਰਕਾਰੀ ਹਸਪਤਾਲ 'ਚ ਮੌਤ ਹੋ ਗਈ । ਉਨ੍ਹਾ ਦੱਸਿਆ ਕਿ ਉਨ੍ਹਾ ਦਾ ਪੁੱਤਰ ਦੇਸ਼ ਦੀ ਸੇਵਾ ਲਈ 2008 'ਚ ਭਰਤੀ ਹੋਇਆ ਸੀ। ਇੱਕ ਸਾਲ ਪਹਿਲਾਂ ਸ੍ਰੀਨਗਰ ਵਿਖੇ ਆਪਣੀ ਸੇਵਾ ਕਰਨ ਦੌਰਾਨ ਹੁਣ ਬਤੌਰ ਨਾਇਕ ਪਠਾਨਕੋਟ ਡਿਊਟੀ ਨਿਭਾ ਰਿਹਾ ਸੀ ਤਾਂ ਬੀਤੀ ਦਿਨ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ, ਜਿਸ ਨਾਲ ਉਨ੍ਹਾਂ ਦਾ ਸਹਾਰਾ ਹਮੇਸ਼ਾ ਲਈ ਚਲਾ ਗਿਆ। ਦੱਸਣਯੋਗ ਹੈ ਕਿ ਗੁਰਮੇਲ ਸਿੰਘ ਦੇ ਦੋ ਪੁੱਤਰ ਮਿਲਟਰੀ 'ਚ ਦੇਸ਼ ਸੇਵਾ ਲਈ ਭਰਤੀ ਹੋਏ ਸਨ । ਫੌਜੀ ਜਵਾਨ ਨਾਇਕ ਭੁਪਿੰਦਰ ਸਿੰਘ ਆਪਣੇ ਪਿੱਛੇ ਆਪਣੀ ਵਿਧਵਾ ਪਤਨੀ ਅਮਨਦੀਪ ਕੌਰ, ਦੋ ਛੋਟੇ ਬੱਚੇ ਏਕਮ (7) ਅਤੇ ਫਤਿਹ ਸਿੰਘ (5) ਛੱਡ ਗਿਆ ਹੈ ।

ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ

ਅਜੀਤਵਾਲ , (ਨਛੱਤਰ ਸੰਧੂ) ਗ਼ਦਰੀ ਬਾਬਿਆਂ ਅਤੇ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦੇ ਇਤਿਹਾਸਿਕ ਪਿੰਡ ਢੁੱਡੀਕੇ ਵਿਖੇ ਕਰਾਏ ਗਏ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਹੋਲੀ ਹਾਰਟ ਸਕੂਲ ਦੇ ਵਿਦਿਆਰਥੀਆਂ ਵੱਲੋ ਮੱਲਾਂ ਮਾਰੀਆਂ ਗਈਆਂ। ਸਮਾਰੋਹ ਵਿੱਚ ਸਕੂਲ ਦੇ ਵਿਦਿਆਰਥੀ ਥੋਮਸ (11ਵੀਂ) ਨੇ ਹਿੰਦੀ ਗੀਤ ਗਾ ਕੇ ਪਹਿਲਾ ਸਥਾਨ ਹਾਸਲ ਕੀਤਾ। ਫੈਂਸੀ ਡਰੈਸ ਮੁਕਾਬਲੇ ਵਿੱਚ ਮਨਜਿੰਦਰ ਸਿੰਘ (6ਵੀਂ) ਨੇ ਦੂਜਾ ਸਥਾਨ ਹਾਸਲ ਕੀਤਾ।

ਇਸ ਮੌਕੇ ਵਿਦਿਆਰਥੀਆਂ ਦੇ ਵਾਪਸ ਸਕੂਲ ਪੁੱਜਣ 'ਤੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਅਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਹ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਮਿਹਨਤ ਸਦਕਾ ਹੀ ਵਿਦਿਆਰਥੀਆਂ ਨੇ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸਕੂਲ ਲਈ ਬੜੇ ਫ਼ਖ਼ਰ ਦੀ ਗੱਲ ਹੈ ਕਿ ਅਜ਼ਾਦੀ ਦਿਹਾੜੇ ਮੌਕੇ ਸਕੂਲ ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੁਜ਼ੀਸ਼ਨਾਂ ਹਾਸਲ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਅੱਗੇ ਤੋਂ ਵੀ ਪੜ੍ਹਾਈ ਦੇ ਨਾਲ-ਨਾਲ ਗਤੀਵਿਧੀਆਂ ਵਿੱਚ ਭਾਗੀਦਾਰੀ ਕਰਦੇ ਰਹਿਣ। ਇਸ ਮੌਕੇ ਉਨ੍ਹਾਂ ਮਾਪਿਆਂ ਤੇ ਸਕੂਲ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।

ਗ੍ਰਾਮ ਸਭਾ ਦੇ ਇਜਲਾਸ ਦੌਰਾਨ ਪਿੰਡ ਵਾਸੀਆਂ ਨੇ ਸਰਪੰਚ ਤੇ ਪੰਚਾਇਤ ਸੈਕਟਰੀ 'ਤੇ ਲਾਏ ਘਪਲੇਬਾਜ਼ੀ ਦੇ ਦੋਸ਼

ਜੀਰਾ (ਨਰਿੰਦਰ ਅਨੇਜਾ) ਕਾਂਗਰਸ ਸਰਕਾਰ ਵੇਲੇ ਉਸ ਸਮੇਂ ਦੇ ਵਿਧਾਇਕ ਕੁਲਬੀਰ ਸਿੰਘ ਜੀਰਾ ਨੇ ਜੀਰਾ ਹਲਕੇ ਦੇ ਪਿੰਡਾਂ 'ਚ ਬਿਨਾਂ ਖਰਚ ਕੀਤੇ ਪਿੰਡ ਦੇ ਸਰਪੰਚ ਬਣਾਏ ਗਏ ਤਾਂ ਜੁ ਉਹ ਆਪਣੇ ਪਿੰਡ ਦਾ ਸਰਬਪੱਖੀ ਵਿਕਾਸ ਕਰਾ ਸਕਣ, ਪਰ ਉਨ੍ਹਾਂ ਦਾ ਇਹ ਤਜਰਬਾ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ, ਜਦੋਂ ਬਹੁਤੇ ਸਰਪੰਚਾਂ ਵੱਲੋਂ ਪਿੰਡਾਂ ਦੇ ਵਿਕਾਸ ਲਈ ਆਈਆਂ ਗ੍ਰਾਂਟਾਂ ਵਿੱਚ ਬਲਾਕ ਪੰਚਾਇਤ ਸਕੱਤਰਾਂ ਰਾਹੀਂ ਚੋਰ ਮੋਰੀਆਂ ਜ਼ਰੀਏ ਵੱਡੀ ਪੱਧਰ 'ਤੇ ਘਪਲੇਬਾਜ਼ੀ ਕਰਕੇ ਜਿਥੇ ਸਰਕਾਰ ਨੂੰ ਲੱਖਾਂ ਰੁਪਏ ਦਾ ਚੂਨਾ ਲਾਇਆ ਗਿਆ, ਉਥੇ ਹੀ ਪਿੰਡਾਂ ਦੀ ਵਿਕਾਸ ਦਰ ਨੂੰ ਵੀ ਹੇਠਲੇ ਪੱਧਰ ਲਿਆ ਸੁੱਟਿਆ, ਜਿਸ ਦੀ ਤਾਜ਼ਾ ਮਿਸਾਲ ਬਲਾਕ ਮੱਖੂ ਦੇ ਪਿੰਡ ਵਾਰਸ ਵਾਲਾ ਜੱਟਾਂ ਵਿਖੇ ਵੇਖਣ ਨੂੰ ਮਿਲੀ, ਜਦੋਂ ਗ੍ਰਾਮ ਸਭਾ ਦੇ ਇਜਲਾਸ ਦੌਰਾਨ ਪਿੰਡ ਵਾਸੀਆਂ ਨੇ ਪਿੰਡ ਦੀ ਸਰਪੰਚ ਦਲਜੀਤ ਕੌਰ ਉਸਦੇ ਪਤੀ ਅਜਾਦਵਿੰਦਰ ਸਿੰਘ ਉਤੇ ਬਲਾਕ ਪੰਚਾਇਤ ਸਕੱਤਰ ਪ੍ਰਭਜੀਤ ਸਿੰਘ ਨਾਲ ਮਿਲੀਭੁਗਤ ਕਰਕੇ ਪਿੰਡ ਦੇ ਵਿਕਾਸ ਲਈ ਆਈਆਂ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਹੜੱਪਣ ਦੇ ਇਲਜ਼ਾਮ ਲਾਏ ਤੇ ਪੱਤਰਕਾਰਾਂ ਨੂੰ ਪਿੰਡ ਵਿੱਚ ਸਰਪੰਚ ਵੱਲੋਂ ਲੱਖਾਂ ਰੁਪਏ ਦੀਆਂ ਗ੍ਰਾਂਟਾਂ ਨਾਲ ਕੀਤਾ ਕਾਗ਼ਜ਼ੀ ਵਿਕਾਸ ਵੀ ਵਿਖਾਇਆ।

ਪਿੰਡ ਵਾਸੀਆਂ ਨੇ ਦੱਸਿਆ ਕਿ ਪਿੰਡ ਦੀ ਸਰਪੰਚ ਤੇ ਉਸਦੇ ਪਤੀ ਵੱਲੋਂ ਆਮ ਇਜਲਾਸ ਬੁਲਾਉਣ ਲਈ ਪਿਛਲੇ ਦੋ-ਢਾਈ ਮਹੀਨਿਆਂ ਤੋਂ ਟਾਲ ਮਟੋਲ ਕੀਤਾ ਜਾ ਰਿਹਾ ਸੀ, ਪਰ ਪਿੰਡ ਵਾਸੀਆਂ ਵੱਲੋਂ ਬੀਡੀਪੀਓ ਮਖੂ ਤੇ ਪੰਚਾਇਤ ਸਕੱਤਰ ਅਸ਼ੋਕ ਕੁਮਾਰ ਨਾਲ ਰਾਬਤਾ ਕਾਇਮ ਕਰਕੇ ਪਿੰਡ ਦੀ ਗ੍ਰਾਮ ਸਭਾ ਦਾ ਇਜਲਾਸ ਬੁਲਾਉਣ ਲਈ ਕਿਹਾ ਗਿਆ ਤਾਂ ਪੰਚਾਇਤ ਸਕੱਤਰ ਅਸ਼ੋਕ ਕੁਮਾਰ ਵੱਲੋਂ ਸਰਪੰਚ ਨੂੰ ਇਜਲਾਸ ਬੁਲਾਉਣ ਲਈ ਸਖ਼ਤ ਹਦਾਇਤ ਦਿੱਤੀ ਗਈ ਤਾਂ ਫਿਰ ਸਰਪੰਚ ਵੱਲੋਂ ਬੀਤੇ ਦਿਨੀਂ ਪਿੰਡ ਦੀ ਗ੍ਰਾਮ ਸਭਾ ਦਾ ਇਜਲਾਸ ਬੁਲਾਇਆ ਗਿਆ, ਜਿਸ ਵਿੱਚ ਨਵੇਂ ਮਤਿਆਂ ਨੂੰ ਪ੍ਰਵਾਨਗੀ ਦੇਣ ਤੋਂ ਪਹਿਲਾਂ ਪਿੰਡ ਵਾਸੀਆਂ ਨੇ ਸਰਪੰਚ ਤੋਂ ਪਿੰਡ ਵਿੱਚ ਪਹਿਲਾਂ ਕੀਤੇ ਗਏ ਕੰਮਾਂ ਦਾ ਲੇਖਾ ਜੋਖਾ ਮੰਗਿਆ।

ਇਸ ਮੌਕੇ ਪਿੰਡ ਦੇ ਕਿਸਾਨਾਂ ਨੇ ਇਹ ਵੀ ਦੱਸਿਆ ਕਿ ਆਰ ਟੀ ਆਈ ਦੇ ਅਧੀਨ ਜਾਣਕਾਰੀ ਮਿਲਣ 'ਤੇ ਕਿਸਾਨਾਂ ਨੂੰ ਪਤਾ ਲੱਗਾ ਕਿ ਪਿਛਲੇ ਤੋਂ ਸਾਲਾਂ ਤੋਂ ਪਿੰਡ ਵਿੱਚ ਕਿਸਾਨਾਂ ਲਈ ਸਬਸਿਡੀ 'ਤੇ ਇੱਕ ਸੁਪਰਸੀਡਰ ਲਿਆਂਦਾ ਗਿਆ ਹੈ, ਜਦੋਂ ਕਿਸਾਨਾਂ ਵੱਲੋਂ ਮੌਜੂਦਾ ਪੰਚਾਇਤ ਮੈਂਬਰਾਂ ਨਾਲ ਇਸ ਸਬੰਧੀ ਗੱਲ ਕੀਤੀ ਗਈ ਤਾਂ ਉਨ੍ਹਾਂ ਨੇ ਕਿਹਾ ਕਿ ਸਾਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ। ਸਰਪੰਚ ਵੱਲੋਂ ਸਾਡੇ ਤੋਂ ਦਸਤਖਤ ਹੀ ਕਰਾਏ ਜਾਂਦੇ ਰਹੇ ਹਨ, ਪਰ ਸਾਨੂੰ ਕਿਸੇ ਕੰਮ ਬਾਰੇ ਦੱਸਿਆ ਨਹੀਂ ਗਿਆ। ਇਸ ਤਰ੍ਹਾਂ ਪਿਛਲੇ ਦੋ ਸਾਲਾਂ ਤੋਂ ਸਰਪੰਚ ਵੱਲੋਂ ਆਪਣੇ ਪਤੀ ਅਤੇ ਪੰਚਾਇਤ ਸਕੱਤਰ ਪ੍ਰਭਜੀਤ ਸਿੰਘ ਨਾਲ ਮਿਲੀਭੁਗਤ ਕਰਕੇ ਪਿੰਡ ਦੇ ਕਿਸਾਨਾਂ ਲਈ ਸਬਸਿਡੀ ਤੇ ਲਿਆਂਦਾ ਲੱਖਾਂ ਰੁਪਏ ਦਾ ਸੁਪਰਸੀਡਰ ਵੀ ਹੜੱਪ ਕਰ ਲਿਆ ਗਿਆ ਹੈ।

ਹੈਰਾਨੀ ਉਦੋਂ ਹੋਈ ਜਦੋਂ ਪਿੰਡ ਵਾਸੀਆਂ ਵੱਲੋਂ ਇੱਕ ਰਸਤਾ ਜੋ ਫਿਰਨੀ ਤੋਂ ਦਵਿੰਦਰ ਸਿੰਘ, ਬਲਦੇਵ ਸਿੰਘ ਜਗਤਾਰ ਸਿੰਘ ਅਤੇ ਅੱਗੇ ਗੁਰਲਾਲ ਸਿੰਘ ਦੇ ਘਰ ਤੱਕ ਦਿਖਾਇਆ ਗਿਆ, ਜਿਥੇ ਸਰਪੰਚ ਵੱਲੋਂ ਕਾਗ਼ਜ਼ਾਂ ਵਿੱਚ ਲੌਕਟਾਇਲ ਲਗਾ ਕੇ ਉਤੇ ਰੇਤ ਵੀ ਪਾ ਦਿੱਤੀ ਗਈ ਅਤੇ ਉਸਦੀ ਲੇਬਰ ਵੀ ਪੈ ਗਈ, ਪਰ ਜਦੋਂ ਪੱਤਰਕਾਰਾਂ ਨੇ ਦੇਖਿਆ ਤਾਂ ਉਥੇ ਇੱਕ ਵੀ ਲਾਕਟਾਇਲ ਨਹੀਂ ਸੀ ਲੱਗੀ ਹੋਈ। ਇਸ ਤੋਂ ਇਲਾਵਾ ਦੋ ਫਿਰਨੀ ਤੋਂ ਸਕੂਲ ਤੱਕ ਨੂੰ ਰਸਤਾ ਜਾਂਦਾ ਹੈ, ਉਹ ਵੀ ਕਾਗ਼ਜ਼ਾਂ ਵਿੱਚ ਪੱਕਾ ਵਿਖਾਇਆ ਗਿਆ ਹੈ, ਜਦ ਕਿ ਉਹ ਰਸਤਾ ਅੱਜ ਵੀ ਕੱਚਾ ਹੈ।

ਪਿੰਡ ਵਾਸੀਆਂ ਨੇ ਸਰਪੰਚ ਤੇ ਉਸਦੇ ਪਤੀ ਤੇ ਦੋਸ਼ ਲਾਉਂਦੇ ਹੋਏ ਕਿਹਾ ਕਿ ਇਨ੍ਹਾਂ ਵੱਲੋਂ ਆਪਣੇ ਕਾਰਵਾਈ ਵਿੱਚ ਪਿੰਡ ਵਿੱਚ ਸਾਰੀਆਂ ਨਾਲੀਆਂ ਅਤੇ ਪੁਲੀਆਂ ਵੀ ਬਣਾਈਆਂ ਗਈਆਂ ਹਨ, ਜਦ ਕਿ ਨਾ ਹੀ ਕੋਈ ਨਾਲੀ ਬਣੀ ਅਤੇ ਨਾ ਹੀ ਕੋਈ ਪੁਲੀ ਬਣੀ। ਸਿਰਫ ਇੱਕ ਪੁਲੀ ਬਣਾਈ ਗਈ ਸੀ ਜੋ ਕਿ ਪੰਦਰਾਂ ਦਿਨਾਂ ਬਾਅਦ ਹੀ ਟੁੱਟ ਗਈ। ਇਥੇ ਹੀ ਬਸ ਨਹੀਂ ਪਿੰਡ ਦਾ ਸਮਸਾਨ ਘਾਟ ਜੋ ਕਿ ਪਹਿਲਾਂ ਹੀ ਬਣਿਆ ਹੋਇਆ ਸੀ, ਉਸ ਨੂੰ ਮੁਰੰਮਤ ਕਰਕੇ ਹੀ ਸੱਤ ਲੱਖ ਰੁਪਏ ਦਾ ਖਰਚਾ ਪਾਇਆ ਗਿਆ ਹੈ ਅਤੇ ਸ਼ਮਸ਼ਾਨਘਾਟ ਦਾ ਗੇਟ ਤੱਕ ਵੀ ਸਰਪੰਚ ਵੱਲੋਂ ਕਿਧਰੇ ਗਾਇਬ ਕਰ ਦਿੱਤਾ ਗਿਆ।

ਇਸ ਮੌਕੇ ਪਿੰਡ ਦੇ ਸਾਈ ਸੇਵਕ ਨੇ ਵੀ ਸਰਪੰਚ 'ਤੇ ਦੋਸ਼ ਲਾਇਆ ਕਿ ਉਸ ਨੂੰ ਚਾਰ ਸਾਲਾਂ ਦੌਰਾਨ ਸਿਰਫ਼ ਪੰਜ ਪੰਜ ਸੌ ਰੁਪਏ ਕਰਕੇ ਹੁਣ ਤੱਕ ਸਿਰਫ ਪੰਦਰਾਂ ਹਜ਼ਾਰ ਰੁਪਏ ਹੀ ਦਿੱਤੇ ਗਏ ਹਨ, ਜਦ ਕਿ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਮੇਰਾ ਹਜ਼ਾਰਾਂ ਰੁਪਏ ਦਾ ਬਕਾਇਆ ਸਰਪੰਚ ਵੱਲੋਂ ਹੜੱਪ ਕਰ ਲਿਆ ਗਿਆ ਹੈ।

ਪਿੰਡ ਦੇ ਮਨਰੇਗਾ ਮਜ਼ਦੂਰਾਂ ਨੇ ਵੀ ਦੱਸਿਆ ਕਿ ਪਿੰਡ ਦੀ ਸਰਪੰਚ ਅਤੇ ਉਸਦੇ ਪਤੀ ਵੱਲੋਂ ਉਨ੍ਹਾਂ ਪਾਸੋਂ ਕੰਮ ਤਾਂ ਕਰਾਇਆ ਗਿਆ, ਪਰ ਉਨ੍ਹਾਂ ਨੂੰ ਕੀਤੇ ਕੰਮਾਂ ਦੇ ਪੈਸੇ ਨਹੀਂ ਮਿਲੇ, ਪਰ ਸਰਪੰਚ ਵੱਲੋਂ ਆਪਣੇ ਚਹਿਤੇਆਂ ਦੇ ਖਾਤਿਆਂ ਵਿੱਚ ਘਰ ਬੈਠਿਆਂ ਦੇ ਹੀ ਲੱਖਾਂ ਰੁਪਏ ਖਾਤਿਆਂ ਵਿੱਚ ਪਵਾਏ ਗਏ ਹਨ, ਜਿਸ ਦੀ ਜਾਂਚ ਦੀ ਮੰਗ ਵੀ ਪਿੰਡ ਵਾਸੀਆਂ ਵੱਲੋਂ ਕੀਤੀ ਗਈ। ਇਜਲਾਸ ਦੌਰਾਨ ਸਰਪੰਚ ਤੇ ਉਸਦੇ ਪਤੀ ਵੱਲੋਂ ਕੀਤੀ ਗਈ ਘਪਲੇਬਾਜ਼ੀ ਸਬੰਧੀ ਪਿੰਡ ਵਾਸੀਆਂ ਵੱਲੋਂ ਪੁੱਛੇ ਗਏ ਸਵਾਲਾਂ ਦਾ ਸਰਪੰਚ ਅਤੇ ਉਸਦੇ ਪਤੀ ਵੱਲੋਂ ਕੋਈ ਠੋਸ ਜਵਾਬ ਨਹੀਂ ਦਿੱਤਾ ਗਿਆ। ਉਲਟਾ ਸਰਪੰਚ ਦੇ ਪਤੀ ਵੱਲੋਂ ਧਮਕੀ ਦੇਣ ਦੇ ਲਹਿਜ਼ੇ ਵਿੱਚ ਪਿੰਡ ਵਾਸੀਆਂ ਨੂੰ ਕਿਹਾ ਕਿ ਮੈਂ ਪਿੰਡ ਦਾ ਪੈਸਾ ਖਾਧਾ ਹੈ, ਤੁਸੀਂ ਜੁ ਕਾਰਵਾਈ ਕਰ ਸਕਦੇ ਹੋ ਕਰ ਲਵੋ।

ਸਰਪੰਚ ਤੇ ਉਸਦੇ ਪਤੀ ਵੱਲੋਂ ਪੱਤਰਕਾਰਾਂ ਨਾਲ ਵੀ ਕੋਈ ਗੱਲਬਾਤ ਨਹੀਂ ਕੀਤੀ ਗਈ। ਇਸ ਮੌਕੇ ਪਿੰਡ ਵਾਸੀਆਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਪਿੰਡ ਦੀ ਸਰਪੰਚ ਦਾ ਕੌਰਮ ਨਾ ਪੂਰਾ ਹੋਣ ਕਰਕੇ ਪਿੰਡ ਵਿੱਚ ਪ੍ਰਬੰਧਕ/ਅਧਿਕਾਰਕ ਪੰਚ ਲਾ ਕੇ ਪਿੰਡ ਦੇ ਵਿਕਾਸ ਦੇ ਕੰਮ ਸ਼ੁਰੂ ਕੀਤੇ ਜਾਣ। ਇਸ ਮੌਕੇ ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਤੇ ਪੰਚਾਇਤ ਮੰਤਰੀ ਪਾਸੋਂ ਪਿੰਡ ਵਾਰਸ ਵਾਲਾ ਜੱਟਾਂ ਬਲਾਕ ਮੱਖੂ ਦੇ ਸਰਪੰਚ ਅਤੇ ਉਸਦੇ ਪਤੀ ਵੱਲੋਂ ਬਲਾਕ ਸਕੱਤਰ ਪ੍ਰਭਜੀਤ ਸਿੰਘ ਨਾਲ ਮਿਲੀਭੁਗਤ ਕਰਕੇ ਗ੍ਰਾਂਟਾਂ ਵਿੱਚ ਕੀਤੀ ਵੱਡੀ ਪੱਧਰ ਦੀ ਘਪਲੇਬਾਜ਼ੀ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਗਈ।

ਪਿੰਡ ਵਾਸੀਆਂ ਦੱਸਿਆ ਕਿ ਇਸ ਸਬੰਧੀ ਬੀਡੀਪੀਓ ਮੱਖੂ ਨੂੰ ਤਕਰੀਬਨ ਤਿੰਨ ਮਹੀਨੇ ਪਹਿਲਾਂ ਇਸ ਸਾਰੇ ਮਾਮਲੇ ਬਾਰੇ ਤੇ ਸਰਪੰਚ ਵੱਲੋਂ ਕੀਤੇ ਕੰਮਾਂ ਦੀ ਜਾਂਚ ਕਰਨ ਸਬੰਧੀ ਲਿਖਤੀ ਦਰਖਾਸਤ ਵੀ ਦਿੱਤੀ ਗਈ ਸੀ, ਪਰ ਅਜੇ ਤੱਕ ਕੋਈ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਗਈ।

ਵਿਸ਼ੇਸ਼ ਰੇਲਗੱਡੀਆਂ

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਰੇਲਵੇ ਦੁਆਰਾ (ਅਣਰਿਜ਼ਰਵ) ਸਪੈਸ਼ਲ ਰੇਲਗੱਡੀਆਂ ਦਾ ਸੰਚਾਲਨ ਉਨ੍ਹਾਂ ਦੇ ਸਾਮਣੇ ਦਸੀ ਗਈ ਮਿਤੀਆਂ ਨੂੰ ਕੀਤਾ ਜਾਵੇਗਾ :-

04606/04605 ਜਲੰਧਰ ਕੈਂਟ - ਵਾਰਾਣਸੀ ਜੰ: - ਜਲੰਧਰ ਕੈਂਟ ਸਪੈਸ਼ਲ ਐਕਸਪ੍ਰੈਸ ਰੇਲਗੱਡੀ (1 ਫੇਰਾ)

ਰੇਲਗੱਡੀ ਨੰ: 04606 ↓		ਸਟੇਸ਼ਨ	ਰੇਲਗੱਡੀ ਨੰ:04605 ↑	
ਆਉਣਾ	ਜਾਣਾ		ਆਉਣਾ	ਜਾਣਾ
--	15:10	ਜਲੰਧਰ ਕੈਂਟ	13:35	--
13:10	--	ਵਾਰਾਣਸੀ ਜੰ:	--	18:15

ਚਲਨ ਦੀ ਮਿਤੀ : 04606 ਜਲੰਧਰ ਕੈਂਟ ਤੋਂ (ਵੀਰਵਾਰ) ਮਿਤੀ 02.02.2023 ਨੂੰ ਅਤੇ 04605 ਵਾਰਾਣਸੀ ਜੰ: (ਸੋਮਵਾਰ) ਮਿਤੀ 06.02.2023 ਨੂੰ।
ਠਹਿਰਾਵ : ਲੁਧਿਆਣਾ ਜੰ:, ਅੰਬਾਲਾ ਕੈਂਟ ਜੰ:, ਸਹਾਰਨਪੁਰ, ਮੁਰਾਦਾਬਾਦ ਅਤੇ ਲਖਨਊ ਸਟੇਸ਼ਨ।

04530/04529 ਬਠਿੰਡਾ ਜੰ: - ਬਨਾਰਸ - ਬਠਿੰਡਾ ਜੰ: ਐਕਸਪ੍ਰੈਸ ਸਪੈਸ਼ਲ ਰੇਲਗੱਡੀ (1 ਫੇਰਾ)

ਰੇਲਗੱਡੀ ਨੰ:04530 ↓		ਸਟੇਸ਼ਨ	ਰੇਲਗੱਡੀ ਨੰ:04529 ↑	
ਆਉਣਾ	ਜਾਣਾ		ਆਉਣਾ	ਜਾਣਾ
--	21:05	ਬਠਿੰਡਾ ਜੰ:	19:10	--
17:00	--	ਬਨਾਰਸ	--	21:00

ਚਲਨ ਦੀ ਮਿਤੀ : 04530 ਬਠਿੰਡਾ ਜੰ: ਤੋਂ (ਵੀਰਵਾਰ) ਮਿਤੀ 02.02.2023 ਨੂੰ ਅਤੇ 04529 ਬਨਾਰਸ ਤੋਂ (ਸੋਮਵਾਰ) ਮਿਤੀ 06.02.2023 ਨੂੰ।
ਠਹਿਰਾਵ : ਰਾਮਪੁਰਾ ਫੂਲ, ਬਰਨਾਲਾ, ਧੂਰ, ਪਟਿਆਲਾ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾਨਗਰ, ਸਹਾਰਨਪੁਰ, ਮੁਰਾਦਾਬਾਦ, ਬਰੇਲੀ ਅਤੇ ਲਖਨਊ ਸਟੇਸ਼ਨ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ।

ਰੇਲਮਦਦ ਵੇਬਸਾਈਟ ਦੇਖੋ: www.railmadad.indianrailways.gov.in ਰੇਲਮਦਦ ਐਪ ਡਾਊਨਲੋਡ ਕਰੋ

323/2023 ਉੱਤਰ ਰੇਲਵੇ www.nr.indianrailways.gov.in

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

page-6-2-(FEB)-2023-G-(BV).qxd 2/1/2023 10:15 PM Page 1

ਭੂਮੀਗਤ ਪਾਣੀ ਕੱਢਣ ਤੇ ਸੰਭਾਲ ਸਬੰਧੀ ਪੀ. ਅਥਾਰਟੀ ਦੀਆਂ ਨਵੀਆਂ ਹਦਾਇਤਾਂ ਲਾਗੂ

ਚੰਡੀਗੜ੍ਹ (ਗੁਰਜੀਤ ਬਿੱਲਾ)— ਪੰਜਾਬ ਵਾਟਰ ਰੈਗੂਲੇਸਨ ਐਂਡ ਡਿਵੈਲਪਮੈਂਟ ਅਥਾਰਟੀ ਵੱਲੋਂ ਭੂਮੀਗਤ ਪਾਣੀ ਕੱਢਣ ਅਤੇ ਸੰਭਾਲ ਸਬੰਧੀ ਜਾਰੀ ਨਵੇਂ ਨਿਰਦੇਸ਼ ਲਾਗੂ ਹੋ ਗਏ ਹਨ। ਇਨ੍ਹਾਂ ਨਿਰਦੇਸ਼ਾਂ ਤਹਿਤ ਖੇਤੀਬਾੜੀ ਲਈ ਵਰਤੋਂ, ਪੀਣ ਅਤੇ ਘਰੇਲੂ ਵਰਤੋਂ, ਪੂਜਾ ਅਸਥਾਨਾਂ, ਸਰਕਾਰੀ ਪੀਣ ਵਾਲੇ ਪਾਣੀ ਦੀ ਸਪਲਾਈ ਸਬੰਧੀ ਸਕੀਮਾਂ, ਮਿਲਟਰੀ ਜਾਂ ਕੇਂਦਰੀ ਪੈਰਾ-ਮਿਲਟਰੀ ਫੋਰਸਿਜ, ਸਹਿਰੀ ਸਥਾਨਕ ਸੰਸਥਾਵਾਂ, ਪੰਚਾਇਤੀ ਰਾਜ ਸੰਸਥਾਵਾਂ, ਛਾਉਣੀ ਬੋਰਡ, ਸੁਧਾਰ ਵਿਕਾਸ ਟਰੱਸਟ ਅਤੇ ਏਰੀਆ ਵਿਕਾਸ ਅਥਾਰਟੀ ਅਤੇ ਸਾਰੀਆਂ ਇਕਾਈਆਂ ਜਿਹੜੀਆਂ 300 ਘਣ ਮੀਟਰ/ਪ੍ਰਤੀ ਮਹੀਨਾ ਤੱਕ ਪਾਣੀ ਕੱਢਦੀਆਂ ਹਨ, ਨੂੰ ਛੋਟ ਦਿੱਤੀ ਗਈ ਹੈ। ਇਨ੍ਹਾਂ ਨਿਰਦੇਸ਼ਾਂ ਦੇ ਲਾਗੂ ਹੋਣ ਨਾਲ ਬਿਨ੍ਹਾਂ ਛੋਟ ਵਾਲੇ ਉਪਭੋਗਤਾ ਜੋ ਭੂਮੀਗਤ ਪਾਣੀ ਕੱਢਦੇ ਹਨ, ਨੂੰ 1 ਫਰਵਰੀ, 2023 ਤੋਂ ਭੂਮੀਗਤ ਪਾਣੀ ਕੱਢਣ ਦੇ ਖਰਚੇ ਦਾ ਭੁਗਤਾਨ ਕਰਨਾ ਹੋਵੇਗਾ। ਜਿਨ੍ਹਾਂ ਉਪਭੋਗਤਾਵਾਂ ਨੇ ਪਾਣੀ ਦਾ ਮੀਟਰ ਨਹੀਂ ਲਗਾਇਆ ਹੈ, ਉਨ੍ਹਾਂ ਨੂੰ ਵੀ ਇਹ ਖਰਚੇ ਅਦਾ ਕਰਨੇ ਪੈਣਗੇ। ਇਸ ਸਬੰਧੀ ਵਧੇਰੇ ਜਾਣਕਾਰੀ ਅਥਾਰਟੀ ਦੀ ਵੈੱਬਸਾਈਟ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਮੌਜੂਦਾ ਉਪਭੋਗਤਾਵਾਂ ਨੂੰ ਅਥਾਰਟੀ ਦੀ ਮਨਜ਼ੂਰੀ ਲੈਣ ਅਤੇ ਪਾਣੀ ਦੇ ਮੀਟਰ ਲਗਾਉਣ ਲਈ ਅਰਜੀ ਦੇਣ ਵਾਸਤੇ 3 ਤੋਂ 9 ਮਹੀਨਿਆਂ ਤੱਕ ਦੀ ਛੋਟ ਦਿੱਤੀ ਗਈ ਹੈ। 15,000 ਘਣ ਮੀਟਰ ਪ੍ਰਤੀ ਮਹੀਨਾ ਤੋਂ ਵੱਧ ਪਾਣੀ ਕੱਢਣ ਵਾਲੇ ਉਪਭੋਗਤਾਵਾਂ ਨੂੰ 30 ਅਪ੍ਰੈਲ, 2023 ਤੱਕ ਤਿੰਨ ਮਹੀਨਿਆਂ ਅੰਦਰ ਅਰਜੀ ਦੇਣੀ ਪਵੇਗੀ। 1500 ਤੋਂ 15,000 ਘਣ ਮੀਟਰ ਪ੍ਰਤੀ ਮਹੀਨਾ ਪਾਣੀ ਕੱਢਣ ਵਾਲੇ ਦਰਮਿਆਨੇ ਉਪਭੋਗਤਾਵਾਂ ਨੂੰ 31 ਜੁਲਾਈ 2023 ਤੱਕ ਬਿਨੈ ਕਰਨ ਲਈ ਛੇ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਪ੍ਰਤੀ ਮਹੀਨਾ 300-1500 ਘਣ ਮੀਟਰ ਪਾਣੀ ਕੱਢਣ ਵਾਲੇ ਸਭ ਤੋਂ ਛੋਟੇ ਉਪਭੋਗਤਾ 31 ਅਕਤੂਬਰ, 2023 ਤੱਕ 9 ਮਹੀਨਿਆਂ ਦੇ ਸਮੇਂ ਅੰਦਰ ਅਰਜੀ ਦੇ ਸਕਦੇ ਹਨ।

ਉਪਭੋਗਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਲਦ ਤੋਂ ਜਲਦ ਅਥਾਰਟੀ ਦੀਆਂ ਹਦਾਇਤਾਂ ਅਨੁਸਾਰ ਨਵੇਂ ਮੀਟਰ ਲਗਾਉਣ ਅਤੇ ਪਾਣੀ ਦੇ ਮੀਟਰ ਦੀ ਖੁਦ ਰੀਡਿੰਗ ਲੈ ਕੇ ਮਹੀਨਾਵਾਰ ਬਿੱਲ ਦਾ ਭੁਗਤਾਨ ਕਰਨ। ਮਹੀਨਾਵਾਰ ਵਾਟਰ ਮੀਟਰ ਰੀਡਿੰਗ ਦੀ ਰਿਪੋਰਟ ਉਪਭੋਗਤਾਵਾਂ ਵੱਲੋਂ ਈਮੇਲ gwebilling.pwrda@punjab.gov.in ਰਾਹੀਂ ਅਥਾਰਟੀ ਨੂੰ ਭੇਜੀ ਜਾਵੇਗੀ। ਹਰੇਕ ਉਪਭੋਗਤਾ ਵੱਲੋਂ ਮਹੀਨਾਵਾਰ ਬਿੱਲ ਦਾ ਭੁਗਤਾਨ ਅਥਾਰਟੀ ਦੇ ਐਚ.ਡੀ.ਐਫ.ਸੀ. ਬੈਂਕ ਖਾਤਾ ਨੰਬਰ 50100071567691, (ਆਈ.ਐਫ.ਐਸ.ਸੀ.: 84630000035) ਵਿੱਚ ਕੀਤਾ ਜਾਵੇਗਾ। ਜੇਕਰ ਕੋਈ ਉਪਭੋਗਤਾ ਲੋੜੀਂਦੇ ਸਮਰੱਥਾ ਮੁਤਾਬਿਕ ਵਾਟਰ ਮੀਟਰ ਨਹੀਂ ਲਗਾਉਂਦਾ ਤਾਂ ਉਸਨੂੰ 1 ਫਰਵਰੀ, 2023 ਤੋਂ ਵਾਟਰ ਮੀਟਰ ਲਗਾਉਣ ਦੀ ਮਿਤੀ ਤੱਕ ਪਾਣੀ ਕੱਢਣ ਦੀ ਮਨਜ਼ੂਰੀ ਅਨੁਸਾਰ ਮਹੀਨਾਵਾਰ ਬਿੱਲ ਦਾ ਭੁਗਤਾਨ ਕਰਨਾ ਹੋਵੇਗਾ। ਇਸ ਲਈ ਉਪਭੋਗਤਾ ਜਲਦ ਤੋਂ ਜਲਦ ਲੋੜੀਂਦੀ ਜਰੂਰਤ ਮੁਤਾਬਿਕ ਵਾਟਰ ਮੀਟਰ ਲਗਵਾਉਣ।

ਵਾਟਰ ਮੀਟਰ ਸਬੰਧੀ ਵਿਸ਼ੇਸ਼ਤਾਵਾਂ ਵੈੱਬਸਾਈਟ 'ਤੇ ਦਿੱਤੀਆਂ ਗਈਆਂ ਹਨ। ਮੌਜੂਦਾ ਉਪਭੋਗਤਾ ਜਿਨ੍ਹਾਂ ਨੇ ਲੋੜੀਂਦੀਆਂ ਵਿਸ਼ੇਸ਼ਤਾਵਾਂ ਵਾਲਾ ਪਾਣੀ ਮੀਟਰ ਲਗਵਾ ਲਿਆ ਹੈ, ਉਨ੍ਹਾਂ ਨੂੰ 1, ਫਰਵਰੀ, 2023 ਨੂੰ ਅਤੇ ਫਿਰ ਹਰ ਮਹੀਨੇ ਆਪਣੇ ਮੀਟਰ ਰੀਡਿੰਗ ਨੂੰ ਨੋਟ ਕਰਨਾ ਚਾਹੀਦਾ ਹੈ। ਅਜਿਹੇ ਸਾਰੇ ਉਪਭੋਗਤਾਵਾਂ ਵੱਲੋਂ ਖੁਦ ਰੀਡਿੰਗ ਕਰਕੇ ਮਹੀਨਾਵਾਰ ਆਧਾਰ 'ਤੇ ਭੂਮੀਗਤ ਪਾਣੀ ਕੱਢਣ ਦੇ ਖਰਚੇ ਦਾ ਭੁਗਤਾਨ ਕੀਤਾ ਜਾ ਸਕਦਾ ਹੈ। ਅਜਿਹੇ ਉਪਭੋਗਤਾਵਾਂ ਵੱਲੋਂ ਫਰਵਰੀ, 2023 ਦਾ ਪਹਿਲਾ ਬਿੱਲ 20 ਮਾਰਚ, 2023 ਤੱਕ ਭੁਗਤਾਨ ਕਰਨ ਯੋਗ ਹੋਵੇਗਾ।

ਆਦਿੱਤਿਆ ਬਿਰਲਾ ਫੈਸ਼ਨ ਤੇ ਰਿਟੇਲ ਵੱਲੋਂ ਨਵੇਂ ਡਾਇਰੈਕਟਰ ਨਿਯੁਕਤ

ਜਲੰਧਰ : ਅਨੰਨਿਆ ਬਿਰਲਾ ਅਤੇ ਆਰਿਆਮਨ ਵਿਕਰਮ ਬਿਰਲਾ ਨੂੰ ਅੱਜ ਹੋਈ ਮੀਟਿੰਗ ਵਿੱਚ ਆਦਿਤਿਆ ਬਿਰਲਾ ਫੈਸ਼ਨ ਐਂਡ ਰਿਟੇਲ ਦੇ ਬੋਰਡ ਵਿੱਚ ਡਾਇਰੈਕਟਰਾਂ ਵਜੋਂ ਸ਼ਾਮਲ ਕੀਤਾ ਗਿਆ। ਅਨੰਨਿਆ ਬਿਰਲਾ ਅਤੇ ਆਰਿਆਮਨ ਵਿਕਰਮ ਬਿਰਲਾ ਕੋਲ ਉੱਦਮਤਾ ਅਤੇ ਵਪਾਰਕ ਨਿਰਮਾਣ ਦੇ ਖੇਤਰ ਵਿੱਚ ਅਮੀਰ ਅਤੇ ਖਾਸਾ ਤਜਰਬਾ ਹਾਸਲ ਹੈ। ਬੋਰਡ ਦਾ ਮੰਨਣਾ ਹੈ ਕਿ ਏਬੀਐੱਫਆਰਐੱਲ ਨੂੰ ਉਸ ਦੀ ਨਵੀਂ ਉਮਰ ਅਤੇ ਕਾਰੋਬਾਰੀ ਸੂਝ ਤੋਂ ਲਾਭ ਹੋਵੇਗਾ। ਆਪਣੀ ਨਿਯੁਕਤੀ 'ਤੇ ਟਿੱਪਣੀ ਕਰਦੇ ਹੋਏ ਸ਼੍ਰੀ ਕੁਮਾਰ ਮੰਗਲਮ ਬਿਰਲਾ, ਚੇਅਰਮੈਨ ਆਦਿੱਤਿਆ ਬਿਰਲਾ ਗਰੁੱਪ ਨੇ ਕਿਹਾ ਕਿ ਆਦਿੱਤਿਆ ਬਿਰਲਾ ਫੈਸ਼ਨ ਅਤੇ ਰਿਟੇਲ ਨੇ ਭਾਰਤੀ ਲਿਬਾਸ ਬਾਜ਼ਾਰ ਦੇ ਸਾਰੇ ਪ੍ਰਮੁੱਖ ਖਿਡਾਰੀਆਂ ਨੂੰ ਇਕੱਠਾ ਕੀਤਾ ਹੈ। ਕਈ ਸ਼੍ਰੇਣੀਆਂ ਅਤੇ ਫਾਰਮੈਟਾਂ ਵਿੱਚ ਫੈਸ਼ਨ ਬ੍ਰਾਂਡਾਂ ਦਾ ਇੱਕ ਮਜ਼ਬੂਤ ਪੋਰਟਫੋਲੀਓ ਬਣਾਇਆ ਹੈ, ਸੈਕਟਰਾਂ ਨੂੰ ਕਵਰ ਕਰਦੇ ਹੋਏ ਨਵੇਂ ਯੁੱਗ ਦੇ ਕਾਰੋਬਾਰੀ ਮਾਡਲਾਂ ਅਤੇ ਖਪਤਕਾਰਾਂ ਦੇ ਵਿਵਹਾਰ ਵਿੱਚ ਉੱਭਰ ਰਹੇ ਬਦਲਾਅ ਬਾਰੇ ਉਸਦੀ ਡੂੰਘਾਈ ਨਾਲ ਸਮਝ ਏਬੀਐੱਫਆਰਐੱਲ ਦੇ ਬੋਰਡ ਵਿੱਚ ਨਵੀਂ ਊਰਜਾ ਭਰੇਗੀ। ਅਨੰਨਿਆ ਬਿਰਲਾ ਅਤੇ ਆਰਿਆਮਨ ਵਿਕਰਮ ਬਿਰਲਾ ਨੂੰ ਹਾਲ ਹੀ ਵਿੱਚ ਆਦਿਤਿਆ ਬਿਰਲਾ ਪ੍ਰਬੰਧਨ ਕਾਰਪੋਰੇਸ਼ਨ ਪ੍ਰਾਈਵੇਟ ਲਿਮਟਿਡ ਦੇ ਬੋਰਡ ਵਿੱਚ ਡਾਇਰੈਕਟਰਾਂ ਵਜੋਂ ਸ਼ਾਮਲ ਕੀਤਾ ਗਿਆ ਹੈ।

CSL Finance Limited

CSL FINANCE LIMITED
Regd. Office : 410-412,18/12, 4th Floor, W.E.A, Arya Samaj Road, Karol Bagh, New Delhi-110005
Corp. Office : 716-717, 7th Floor, Tower B, World Trade Tower, Noida, Sector-16, U.P.-201301
(CIN: L74899DL1992PLC051462;
Tel: 0120-4290654; Email: info@cslfinance.in;
Web: www.cslfinance.in)

ਸ਼ਾਖਾ ਬੰਦ ਕਰਨ ਲਈ ਨੋਟਿਸ

ਸੀ ਐੱਸ ਐੱਲ ਫਾਇਨਾਂਸ ਲਿਮ: ਨੇ ਕਾਰੋਬਾਰੀ ਉਤਪਾਦਕਤਾ ਚੁਣੌਤੀਆਂ ਕਾਰਨ ਆਪਣਾ ਸ਼ਾਖਾ ਦਫਤਰ ਜਿਹੜਾ ਨੇੜੇ ਰੇਲਵੇ ਕਰਾਸਿੰਗ, ਫਗਵਾੜਾ ਰੋਡ, ਬੰਗਾ ਮਾਰਕਿਟ, ਹੁਸ਼ਿਆਰਪੁਰ-146001 ਵਿਖੇ ਸਥਿਤ ਹੈ, ਨੂੰ 31 ਜਨਵਰੀ 2023 ਤੋਂ ਖਾਲੀ ਕਰਨ ਦਾ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ।

ਜਮ੍ਹਾਂਕਰਤਾਵਾਂ (ਡਿਪਾਜ਼ਟਰਾਂ) ਲਈ ਕੋਈ ਪ੍ਰਬੰਧ ਨਹੀਂ ਕੀਤੇ ਜਾ ਰਹੇ, ਕਿਉਂਕਿ ਕੰਪਨੀ ਐੱਨ ਬੀ ਐੱਫ ਸੀ-ਐੱਨ ਡੀ-ਐੱਸ ਆਈ ਹੈ।

ਵਾਸਤੇ ਅਤੇ ਵੱਲੋਂ
ਸੀ ਐੱਸ ਐੱਲ ਫਾਇਨਾਂਸ ਲਿਮ:
ਸਹੀ/-
ਮਿ: ਅਸ਼ੋਕ ਕੁਮਾਰ ਕਥੂਰੀਆ
ਡਾਇਰੈਕਟਰ
ਮਿਤੀ : 1.2.2023 (ਡੀ ਆਈ ਐੱਨ : 01010305

Court Notice

In the Court of
Ms. Anuradha
Addl. Civil Judge (Senior Division), Nabha.
CNR No. PBPTB0-000077-2023
Next Date : 21.4.2023
Charanjit Kaur
Versus
1. Gurpreet Kaur
Publication issued to : 4. General Public Son General Public

In above titled case, the defendant(s)/respondent (s) could not be served. It is ordered that defendant (s)/respondent (s) should appear in person or through counsel on 21.4.2023 at 10.00 a.m.

For details logon to : https://highcourtchd.gov.in/?trs=district notice&district=Patiala
Addl. Civil Judge (Senior Division), Nabha.
Dated, this day of 31.1.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ।
ਮਿਸਲ ਨੰ: 2/ਐਨ ਟੀ, ਕਿਸਮ : ਤਕਸੀਮ, ਪਿੰਡ : ਖੁਰਦ
ਦਾਇਰ ਮਿਤੀ : 1.4.2022, ਪੇਸ਼ੀ ਮਿਤੀ : 14.2.2023
ਅਨੁਵਾਨ ਮੁਕੱਦਮਾ-ਕੁਲਦੀਪ ਸਿੰਘ ਬਨਾਮ ਮੁਨਸ਼ਾ ਸਿੰਘ ਵਗੈਰਾ
1. ਕੁਲਦੀਪ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਪ੍ਰਤਾਪ ਸਿੰਘ ਪਿੰਡ ਖੁਰਦ ਤਹਿ: ਨਵਾਂਸ਼ਹਿਰ।
ਫਰੀਕ ਅੱਵਲ
ਬਨਾਮ-1. ਮੁਨਸ਼ਾ ਸਿੰਘ ਪੁੱਤਰ ਪ੍ਰਤਾਪ ਸਿੰਘ 2. ਬਲਵੰਤ ਕੌਰ ਪੁੱਤਰੀ ਝਲਮਣ ਸਿੰਘ 3. ਸੁਰਿੰਦਰ ਸਿੰਘ ਪੁੱਤਰ ਮੁਨਸ਼ਾ ਸਿੰਘ 4. ਕੁਲਵਿੰਦਰ ਸਿੰਘ ਪੁੱਤਰ ਮੁਨਸ਼ਾ ਸਿੰਘ 5. ਦਿਲ ਬੀਬੀ ਪਤਨੀ ਯੂਸਫ ਅਲੀ ਸਾਰੇ ਵਾਸੀਆਨ ਪਿੰਡ ਖੁਰਦ ਤਹਿ: ਨਵਾਂਸ਼ਹਿਰ 6. ਪੰਜਾਬ ਐਂਡ ਸਿੰਧ ਬੈਂਕ ਬਜਰੀਆ ਮੈਨੇਜਰ ਚੱਕਦਾਨਾ 7. ਕੋਆਪਰੇਟਿਵ ਸੁਸਾਇਟੀ ਬਰਾਂਚ ਬਜਰੀਆ ਮੈਨੇਜਰ ਚੱਕਦਾਨਾ।
ਖੇਵਟ ਨੰ: 16 ਖਤੌਨੀ ਨੰ: 23, ਖੇਵਟ ਨੰ: 14, ਖਤੌਨੀ ਨੰ: 16 ਤੋਂ 20 ਖੇਵਟ ਨੰ: 15 ਖਤੌਨੀ ਨੰ: 21, 22 ਬਰੂਏ ਜਮ੍ਹਾਂਬੰਦੀ ਸਾਲ 2016-2017
ਫਰੀਕ ਦੋਇਮ
ਇਸ ਅਦਾਲਤ ਨੂੰ ਯਕੀਨ ਹੋ ਗਿਆ ਹੈ ਕਿ ਹੇਠ ਲਿਖੇ ਉੱਤਰਵਾਦੀਆਂ ਵਿੱਚੋਂ ਕੁਝ ਉੱਤਰਵਾਦੀਆਂ ਦੀ ਇਤਲਾਹ ਆਮ ਤਰੀਕੇ ਨਾਲ ਨਹੀਂ ਕਰਵਾਈ ਜਾ ਸਕਦੀ ਹੈ। ਇਸ ਲਈ ਇਸ ਨੋਟਿਸ ਰਾਹੀਂ ਇਹਨਾਂ ਉਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਕੇਸ ਵਿੱਚ ਆਪਣਾ ਪੱਖ ਅਗਲੀ ਤਾਰੀਖ ਪੇਸ਼ੀ ਮਿਤੀ 14.2.2023 ਨੂੰ ਬਾਅਦ ਦੁਪਹਿਰ 3.00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਰੱਖ ਸਕਦੇ ਹਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਉਹਨਾਂ ਦੇ ਖਿਲਾਫ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਪੱਖ ਨਹੀਂ ਸੁਣਿਆ ਜਾਵੇਗਾ।
ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਨਵਾਂਸ਼ਹਿਰ।
ਨੰ: 551/ਆਰ-2/ਮਿਤੀ 23.1.2023

Court Notice

(Under Guardian and Ward Act)
In the Court of
Ms. Surekha Dadwal
Addl. Civil Judge
(Senior Division), Barnala.
CNR No. PBBR02-000076-2023
Next Date : 10.3.2023
Veerpal Kaur
Versus
General Public
Application u/s of Hindu Minority and Guardianship Act 1956

Notice to : General Public Distt. Barnala (Application u/s 8 of Hindu Minority and Guardianship Act 1956)

In above titled case, the defendant(s)/respondent (s) could not be served. It is ordered that defendant (s)/respondent (s) should appear in person or through counsel on 10.3.2023 at 10.00 a.m.

For details logon to : https://highcourtchd.gov.in/?trs=district notice&district=Barnala
Addl. Civil Judge (Senior Division), Barnala.
Dated, this day of 27.1.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਗੁਰਜਿੰਦਰ ਸਿੰਘ ਬੈਨੀਪਾਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐਨ ਆਰ ਆਈਜ਼ ਕਪੂਰਥਲਾ।
1. ਕੇਸ ਨੰਬਰ 1-4/ਡੀ ਆਰ ਓ/ਐਫ ਟੀ ਸੀ/ਐਨ ਆਰ ਆਈ
ਤਾਰੀਖ ਦਾਇਰ : 12/1/2023
ਤਕਸੀਮ ਖੇਵਟ ਨੰ: 78, 81, 82, 83 ਖਤੌਨੀ ਨੰ: 105, 108, 109-117, 118, ਮੁਤਾਬਕ ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਮੱਲੀਆਂ, ਹਦਬਸਤ ਨੰ: 117, ਤਹਿ: ਵਾ ਜ਼ਿਲ੍ਹਾ ਕਪੂਰਥਲਾ।
1. ਗੁਰਮੇਲ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਰਾਮ ਚੰਦ ਵਾਸੀ ਪਿੰਡ ਨਾਨੋ ਮੱਲੀਆਂ, ਤਹਿ: ਵਾ ਜ਼ਿਲ੍ਹਾ ਕਪੂਰਥਲਾ ਹਾਲ ਵਾਸੀ AG@H-C@ Malta Avenue, Brampton, Ontario Canada L6Y 4SE ਮੁਖਤਾਰ ਬਿੱਕਰ ਸਿੰਘ ਪੁੱਤਰ ਮਹਿੰਗਾ ਸਿੰਘ ਪੁੱਤਰ ਰਾਮ ਚੰਦ ਵਾਸੀ ਪਿੰਡ ਨਾਨੋ ਮੱਲੀਆਂ, ਤਹਿ: ਵਾ ਜ਼ਿਲ੍ਹਾ ਕਪੂਰਥਲਾ।
(ਫਰੀਕ ਅੱਵਲ)
ਬਨਾਮ-1. ਸੁਰਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਮਹਿੰਗਾ ਸਿੰਘ 2. ਸਲਿੰਦਰ ਸਿੰਘ ਪੁੱਤਰ ਰੇਸ਼ਮ ਸਿੰਘ ਪੁੱਤਰ ਮਹਿੰਗਾ ਸਿੰਘ 3. ਬਲਬੀਰ ਸਿੰਘ ਪੁੱਤਰ ਊਧੋ ਪੁੱਤਰ ਰਾਂਝਾ 4. ਤਰਲੋਕ ਸਿੰਘ ਪੁੱਤਰ ਊਧੋ ਪੁੱਤਰ ਰਾਂਝਾ 5. ਕਸ਼ਮੀਰ ਕੌਰ ਵਿਧਵਾ ਸੋਹਣ ਸਿੰਘ ਪੁੱਤਰ ਊਧੋ 6. ਗੁਰਵਿੰਦਰ ਸਿੰਘ ਪੁੱਤਰ ਸੋਹਣ ਸਿੰਘ ਪੁੱਤਰ ਊਧੋ 7. ਦਲਜੀਤ ਕੌਰ ਪਤਨੀ ਜਗਦੇਵ ਸਿੰਘ ਪੁੱਤਰ ਜੀਤ ਸਿੰਘ 8. ਮਨਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਪੁੱਤਰ ਹਜ਼ਾਰਾ ਸਿੰਘ 9. ਲੈਂਬਰ ਸਿੰਘ ਪੁੱਤਰ ਜੀਤ ਸਿੰਘ ਪੁੱਤਰ ਨਰੈਣ ਸਿੰਘ 10. ਕਰਨੈਲ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਉਜਾਗਰ ਸਿੰਘ 11. ਆਤਮਾ ਸਿੰਘ ਪੁੱਤਰ ਚੰਨਣ ਸਿੰਘ ਪੁੱਤਰ ਉਜਾਗਰ ਸਿੰਘ 12. ਜਸਦੀਪ ਸਿੰਘ ਪੁੱਤਰ ਹੀਰਾ ਸਿੰਘ ਪੁੱਤਰ ਹਜ਼ਾਰਾ ਸਿੰਘ 13. ਹਰਭਜਨ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਭਗਤ ਸਿੰਘ 14. ਬਲਵਿੰਦਰ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਭਗਤ ਸਿੰਘ 15. ਸੁਖਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ 16. ਗੁਰਸ਼ਰਨ ਸਿੰਘ ਪੁੱਤਰ ਸੁਰਿੰਦਰ ਸਿੰਘ ਪੁੱਤਰ ਲਛਮਣ ਸਿੰਘ 17. ਰਣਜੀਤ ਕੌਰ ਵਿਧਵਾ ਬਲਵਿੰਦਰ ਸਿੰਘ ਪੁੱਤਰ ਕਰਮਜੀਤ ਸਿੰਘ 18. ਬਲਵਿੰਦਰ ਸਿੰਘ ਪੁੱਤਰ ਪਾਲ ਸਿੰਘ ਪੁੱਤਰ ਸ਼ੰਕਰ ਸਿੰਘ 19. ਸਾਧੂ ਸਿੰਘ ਪੁੱਤਰ ਸ਼ੰਕਰ ਸਿੰਘ ਪੁੱਤਰ ਰੁੜ 20. ਸ਼ਮਿੰਦਰ ਸਿੰਘ ਪੁੱਤਰ ਬਿੱਕਰ ਸਿੰਘ ਪੁੱਤਰ ਸੁੰਦਰ ਸਿੰਘ 21. ਹਰਜਿੰਦਰ ਸਿੰਘ ਪੁੱਤਰ ਬਿੱਕਰ ਸਿੰਘ ਪੁੱਤਰ ਸੁੰਦਰ ਸਿੰਘ ਸਾਰੇ ਖੇਵਟਦਾਰਾਨ ਵਾਸੀਆਨ ਪਿੰਡ ਮੱਲੀਆਂ, ਤਹਿ: ਵਾ ਜ਼ਿਲ੍ਹਾ ਕਪੂਰਥਲਾ। ਫਰੀਕ ਦੋਮ
ਇਸ ਅਦਾਲਤ ਨੂੰ ਪੂਰਾ ਯਕੀਨ ਹੋ ਚੁੱਕਾ ਹੈ ਕਿ ਉਪਰੋਕਤ ਲਿਖੇ ਫਰੀਕੈਨ ਦੋਇਮ ਦੀ ਸਾਧਾਰਨ ਤਰੀਕੇ ਨਾਲ ਇਤਲਾਹ ਨਹੀਂ ਹੋ ਰਹੀ। ਇਸ ਲਈ ਇਸ ਇਸ਼ਤਿਹਾਰ ਰਾਹੀਂ ਸਾਰੇ ਫਰੀਕੈਨ ਦੋਮ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਖੁਦ ਜਾਂ ਉਹਨਾ ਦੇ ਵਾਰਸ ਜਾਂ ਰਾਹੀਂ ਕੌਂਸਲ ਮਿਤੀ 14.2.2023 ਨੂੰ ਦੁਪਹਿਰ 2 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਹੋ ਕੇ ਆਪਣਾ ਪੱਖ ਪੇਸ਼ ਕਰਨ। ਸਮੇਂ ਸਿਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਕਾਰਵਾਈ ਇਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਅਗਲੀ ਬਣਦੀ ਕਾਰਵਾਈ ਕੀਤੀ ਜਾਵੇਗੀ। ਅੱਜ ਮਿਤੀ 24.1.2023 ਨੂੰ ਮੋਹਰ ਅਦਾਲਤ ਨਾਲ ਇਸ਼ਤਿਹਾਰ ਜਾਰੀ ਹੋਇਆ।
ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਫਾਸਟ ਟਰੈਕ ਕੋਰਟ ਫਾਰ ਐਨ ਆਰ ਆਈਜ਼ ਕਪੂਰਥਲਾ।
ਨੰ: 24/ਰੀਡਰ/ਮਿਤੀ 31.1.2023

Fullerton India Rishta Sammaan Ka
Fullerton India Credit Company Limited
ਕਾਰਪੋਰੇਟ ਦਫਤਰ : ਸੁਪਰੀਮ ਬਿਜ਼ਨਸ ਪਾਰਕ, ਮੰਜ਼ਲ 5 ਅਤੇ 6, ਬੀ ਵਿੰਗ, ਪੋਵਾਈ, ਮੁੰਬਈ 400076

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)
(ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੁਨਾਮਾਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ ਮੰਜ਼ਲ 5 ਅਤੇ 6, ਬੀ ਵਿੰਗ, ਸੁਪਰੀਮ ਆਈ ਟੀ ਪਾਰਕ, ਸੁਮਰੀਮ ਸਿਟੀ, ਲੇਕ ਕੈਸਲ ਦੇ ਪਿੱਛੇ, ਪੋਵਾਈ, ਮੁੰਬਈ 400076 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54), ਤਹਿਤ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਕਰਜ਼ਦਾਰਾਂ 1. ਅਮਨਦੀਪ ਸਿੰਘ 2. ਪਵਨਪ੍ਰੀਤ ਕੌਰ 3. ਕੁਲਵੰਤ ਕੌਰ ਨੂੰ ਕਰਜ਼ਾ ਨੰ: 197620910593205 ਅਤੇ 197620910737254 ਤਹਿਤ ਡਿਮਾਂਡ ਨੋਟਿਸ 'ਚ ਦਰਸਾਈ ਰਕਮ ਰੁਪਏ 28,91,363.45/- (ਅਠਾਈ ਲੱਖ ਇਕਾਨਵੇਂ ਹਜ਼ਾਰ ਤਿੰਨ ਸੌ ਤਰੇਠ ਰੁਪਏ ਪੰਜਤਾਲੀ ਪੈਸੇ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ 28 ਅਕਤੂਬਰ 2022 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 31 ਜਨਵਰੀ 2023 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਨੂੰ ਰੁਪਏ 28,91,363.45/- (ਅਠਾਈ ਲੱਖ ਇਕਾਨਵੇਂ ਹਜ਼ਾਰ ਤਿੰਨ ਸੌ ਤਰੇਠ ਰੁਪਏ ਪੰਜਤਾਲੀ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : ਖਸਰਾ ਨੰ: 181, ਖੇਵਟ ਖਤੌਨੀ ਨੰ: 165/259 ਮੋਮਨਾਬਾਦ, ਨੇੜੇ ਰੋਹੀੜਾ, ਤਹਿਸੀਲ ਅਹਿਮਦਗੜ੍ਹ -148021 ਜਾਇਦਾਦ ਨਾਲ ਸੰਬੰਧਤ ਸਭ ਕੁਝ।

ਸਥਾਨ : ਅਹਿਮਦਗੜ੍ਹ ਸਹੀ/-ਅਧਿਕਾਰਤ ਅਫਸਰ
ਮਿਤੀ : 2.2.2023 ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ

Fullerton India Rishta Sammaan Ka
Fullerton India Credit Company Limited
ਕਾਰਪੋਰੇਟ ਦਫਤਰ : ਸੁਪਰੀਮ ਬਿਜ਼ਨਸ ਪਾਰਕ, ਮੰਜ਼ਲ 5 ਅਤੇ 6, ਬੀ ਵਿੰਗ, ਪੋਵਾਈ, ਮੁੰਬਈ 400076

ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)
(ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (1) ਤਹਿਤ)

ਜਦੋਂ ਕਿ ਨਿਮਨਹਸਤਾਖਰੀ ਨੇ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ, ਜਿਸ ਦਾ ਰਜਿਸਟਰਡ ਦਫਤਰ ਮੇਘ ਟਾਵਰਜ਼, ਤੀਜੀ ਮੰਜ਼ਲ, ਪੁਰਾਣਾ ਨੰ. 307, ਨਵਾਂ ਨੰਬਰ 165, ਪੁਨਾਮਾਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫਤਰ ਮੰਜ਼ਲ 5 ਅਤੇ 6, ਬੀ ਵਿੰਗ, ਸੁਪਰੀਮ ਆਈ ਟੀ ਪਾਰਕ, ਸੁਮਰੀਮ ਸਿਟੀ, ਲੇਕ ਕੈਸਲ ਦੇ ਪਿੱਛੇ, ਪੋਵਾਈ, ਮੁੰਬਈ 400076 ਹੈ, ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54), ਤਹਿਤ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਕਰਜ਼ਦਾਰਾਂ 1. ਗੁਰੂ ਕਿਰਪਾ ਹੌਜ਼ਰੀ 2. ਗੁਰਦੀਪ ਸਿੰਘ 3. ਸੁਰਿੰਦਰ ਕੌਰ 4. ਅਰਵਿੰਦਰ ਕੌਰ ਨੂੰ ਕਰਜ਼ਾ ਖਾਤਾ ਨੰ: 197621-310552314 ਅਤੇ 197621310740018 ਤਹਿਤ ਡਿਮਾਂਡ ਨੋਟਿਸ 'ਚ ਦਰਸਾਈ ਰਕਮ ਰੁ: 38,67,348.46/- (ਅੱਠਤੀ ਲੱਖ ਸਤਾਹਠ ਹਜ਼ਾਰ ਤਿੰਨ ਸੌ ਅਠਤਾਲੀ ਰੁਪਏ ਛਿਆਲੀ ਪੈਸੇ ਕੇਵਲ) ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਵਾਪਸ ਕੀਤੇ ਜਾਣ ਲਈ ਡਿਮਾਂਡ ਨੋਟਿਸ 1.11.2022 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਮੋੜਨ 'ਚ ਨਾਕਾਮ ਰਹੇ ਹਨ, ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 30 ਜਨਵਰੀ 2023 ਨੂੰ ਕਬਜ਼ਾ ਲੈ ਲਿਆ ਹੈ। ਕਰਜ਼ਦਾਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਇਸ ਜਾਇਦਾਦ ਸੰਬੰਧੀ ਕੋਈ ਸੌਦੇਬਾਜ਼ੀ ਨਾ ਕਰਨ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ ਨੂੰ ਰੁਪਏ 38,67,348.46/- (ਅੱਠਤੀ ਲੱਖ ਸਤਾਹਠ ਹਜ਼ਾਰ ਤਿੰਨ ਸੌ ਅਠਤਾਲੀ ਰੁਪਏ ਛਿਆਲੀ ਪੈਸੇ ਕੇਵਲ) ਅਤੇ ਇਸ ਉਪਰ ਵਿਆਜ ਦੀ ਅਦਾਇਗੀਯੋਗ ਹੋਵੇਗੀ।

ਕਰਜ਼ਦਾਰਾਂ ਦਾ ਧਿਆਨ ਉਪਲੱਬਧ ਸਮੇਂ ਅੰਦਰ ਸਕਿਉਰਡ ਐੱਸਟਸ ਦੇ ਪੁਨਰ-ਗ੍ਰਹਿਣ ਲਈ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ : ਪਲਾਟ ਨੰ: 98 ਏ, ਖਸਰਾ ਨੰ: 241-242-587/243, 250, ਖਾਤਾ ਨੰ: 796/821-839 ਜਮ੍ਹਾਂਬੰਦੀ 1995-96 ਵਾਕਿਆ ਤਰਫੋਂ ਜਨਤਾ ਕਾਲੋਨੀ, ਜੋਧੇਵਾਲ ਬਸਤੀ, ਹੱਦਬਸਤ ਨੰ: 77 ਲੁਧਿਆਣਾ 141007 ਜਾਇਦਾਦ ਨਾਲ ਸੰਬੰਧਤ ਸਭ ਕੁਝ।

ਸਥਾਨ : ਲੁਧਿਆਣਾ ਸਹੀ/-ਅਧਿਕਾਰਤ ਅਫਸਰ
ਮਿਤੀ : 2.2.2023 ਫੁਲਰਟੋਨ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ

ਕਲਾਸੀਫਾਈਡ ਇਸ਼ਤਿਹਾਰ

Public Notice

I, Tarlok Chand S/o Bhag Ram R/o Vill. Burj Kandhari, Distt. Shaheed Bhagat Singh Nagar, Punjab, declare that my wife Paramjit Kaur and my daughters Poonam Bala and Nishu alias Nisha are out of my control. I disinherit them from my all moveable and immoveable property. Anybody deal with all of them with their own risk. (Contact)

ਆਮ ਸੂਚਨਾ

ਅਸੀਂ, ਅਮਨਜੀਤ ਸਿੰਘ ਪੁੱਤਰ ਸੇਵਾ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਅਮਨਜੀਤ ਸਿੰਘ ਦੋਵੇਂ ਵਾਸੀ ਪਿੰਡ ਅਤੇ ਡਾਕ: ਸਾਰੋਬਾਦ, ਤਹਿ: ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਾਜਵਿੰਦਰ ਸਿੰਘ ਅਤੇ ਉਸ ਦੀ ਪਤਨੀ ਕੁਲਵਿੰਦਰ ਕੌਰ ਅਤੇ ਇਹਨਾਂ ਦਾ ਲੜਕਾ ਅਯਾਨ ਸਿੰਘ ਨੂੰ ਮਿਤੀ 25.2.2022 ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਇਹ ਸਾਰੇ ਸਾਡੇ ਕਹਿਣੇ 'ਚ ਹਨ। ਇਸ ਲਈ ਸਾਡੇ ਵੱਲੋਂ ਦਿੱਤੀ ਬੇਦਖਲੀ ਖਾਰਜ ਸਮਝੀ ਜਾਵੇ।

ਇੱਕ ਏ ਪੀ ਕੁਨੈਕਸ਼ਨ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹਾਂ। ਇਸ ਸੰਬੰਧੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਾਵੇ ਕਿ ਅਗਰ ਕਿਸੇ ਨੂੰ ਵੀ ਕੁਨੈਕਸ਼ਨ ਨੰ: ਏ ਪੀ 42/39 ਏ ਰਕਬਾ ਪਿੰਡ ਸ਼ਾਲਾਨਗਰ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਖਪਤਕਾਰ ਗੁਲਵੰਤ ਸਿੰਘ ਪੁੱਤਰ ਮੇਹਰ ਸਿੰਘ ਸ਼ਾਲਾਨਗਰ ਤੋਂ ਬਿਨੈਕਾਰ ਸਤਿੰਦਰਪਾਲ ਸਿੰਘ ਬੋਹਗੁਣ ਦੇ ਨਾਂਅ 'ਤੇ ਕਰਨ ਵਿੱਚ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 7 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ/ਵੰਡ ਲੋਹੀਆਂ ਦੇ ਦਫਤਰ ਵਿਖੇ ਸਮੇਤ ਪੁਖਤਾ ਸਬੂਤ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। (ਮਿੱਤਲ)

ਇੱਕ ਏ ਪੀ ਕੁਨੈਕਸ਼ਨ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹਾਂ। ਇਸ ਸੰਬੰਧੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਾਵੇ ਕਿ ਅਗਰ ਕਿਸੇ ਨੂੰ ਵੀ ਕੁਨੈਕਸ਼ਨ ਨੰ: ਏ ਪੀ 42/183 ਪੀ ਰਕਬਾ ਪਿੰਡ ਸ਼ਾਲਾਨਗਰ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਖਪਤਕਾਰ ਗੁਲਵੰਤ ਸਿੰਘ ਪੁੱਤਰ ਮੇਹਰ ਸਿੰਘ ਪਿੰਡ ਸ਼ਾਲਾਨਗਰ (ਮਲਸੀਆਂ) ਤੋਂ ਬਿਨੈਕਾਰ ਸਤਿੰਦਰਪਾਲ ਸਿੰਘ ਬੋਹਗੁਣ ਦੇ ਨਾਂਅ 'ਤੇ ਕਰਨ ਵਿੱਚ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 7 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ/ਵੰਡ ਲੋਹੀਆਂ ਦੇ ਦਫਤਰ ਵਿਖੇ ਸਮੇਤ ਪੁਖਤਾ ਸਬੂਤ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। (ਮਿੱਤਲ)

ਇੱਕ ਏ ਪੀ ਕੁਨੈਕਸ਼ਨ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹਾਂ। ਇਸ ਸੰਬੰਧੀ ਇੱਕ ਜਨਤਕ ਨੋਟਿਸ ਜਾਰੀ ਕੀਤਾ ਜਾਵੇ ਕਿ ਅਗਰ ਕਿਸੇ ਨੂੰ ਵੀ ਕੁਨੈਕਸ਼ਨ ਨੰ: ਏ ਪੀ 42/117 ਐਮ ਰਕਬਾ ਪਿੰਡ ਸ਼ਾਲਾਨਗਰ ਵਿਖੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਖਪਤਕਾਰ ਗੁਲਵੰਤ ਸਿੰਘ ਪੁੱਤਰ ਮੇਹਰ ਸਿੰਘ ਪਿੰਡ ਸ਼ਾਲਾਨਗਰ (ਮਲਸੀਆਂ) ਤੋਂ ਬਿਨੈਕਾਰ ਅਜੇਪਾਲ ਸਿੰਘ ਬੋਹਗੁਣ ਪਿੰਡ ਸ਼ਾਲਾਨਗਰ ਦੇ ਨਾਂਅ 'ਤੇ ਕਰਨ ਵਿੱਚ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ 7 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ/ਵੰਡ ਲੋਹੀਆਂ ਦੇ ਦਫਤਰ ਵਿਖੇ ਸਮੇਤ ਪੁਖਤਾ ਸਬੂਤ ਆਪਣਾ ਇਤਰਾਜ਼ ਦਰਜ ਕਰਵਾ ਸਕਦਾ ਹੈ। (ਮਿੱਤਲ)

ਸੂਚਿਤ ਕੀਤਾ ਜਾਂਦਾ ਹੈ ਕਿ ਵੱਸਣ ਸਿੰਘ ਪੁੱਤਰ ਲੇਟ ਬਹਾਦਰ ਸਿੰਘ ਸਿੰਘ ਵਾਸੀ ਪਿੰਡ ਹੰਬੋਵਾਲ ਦੇ ਨਾਮ ਚੱਲਦੇ **5 BHP** ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ **AP 19/304** ਨੂੰ ਆਪਣੇ ਨਾਮ ਕਰਵਾਉਣ ਲਈ ਅਮਰਜੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਪਿੰਡ ਹੰਬੋਵਾਲ ਨੇ ਅਰਜੀ ਦਿੱਤੀ ਹੈ। ਜੇ ਕਿਸੇ ਨੂੰ ਇਤਰਾਜ ਹੋਵੇ ਤਾਂ 15 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਸਬ ਡਿਵੀਜਨ ਦਫਤਰ ਹਰਚੋਵਾਲ ਵਿਖੇ ਸਬੂਤਾਂ ਸਮੇਤ ਇਤਰਾਜ ਪੇਸ਼ ਕਰੇ। (ਮਨਦੀਪ)

ਅੰਮ੍ਰਿਤ ਕੌਰ ਪਤਨੀ ਸ੍ਰੀ ਰਾਮ ਲਾਲ, ਵਾਸੀ ਖੇੜੀ ਜੱਟਾਂ ਦੇ ਨਾਮ ਪਰ ਖੇਵਟ ਪਿੰਡ ਲੋਹਾਰ ਮਾਜਰਾ ਚੱਲਦੇ ਮੋਟਰ ਕੁਨੈਕਸਨ ਖਾਤਾ ਨੰ:- ਏ.ਪੀ.23/313 (17.50 ਪਾਵਰ ਹਾਰਸ) ਨੂੰ ਰਜਿੰਦਰ ਪਾਲ, ਜਸਵੀਰ ਸਿੰਘ ਪੁੱਤਰਾਨ ਸ੍ਰੀ ਰਾਮ ਲਾਲ ਵਾਸੀ ਖੇੜੀ ਜੱਟਾਂ, ਜਿਲਾਂ ਸੰਗਰੂਰ ਨੇ ਖੇਵਟ ਪਿੰਡ ਲੋਹਾਰ ਮਾਜਰਾ ਚੱਲਦੇ ਮੋਟਰ ਕੁਨੈਕਸਨ ਨੂੰ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ, ਇਤਰਾਜੀ 15 ਦਿਨਾਂ ਅੰਦਰ ਐਸ.ਡੀ.ਓ. ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ ਪੇਸ਼ ਕਰੇ।

ਮੈਂ, ਲਖਵਿੰਦਰ ਸਿੰਘ ਪੁੱਤਰ ਜਸਬੀਰ ਸਿੰਘ ਰਿਹਾਇਸ਼ ਮਕਾਨ ਨੰ: ਐਨ ਏ 82/2 ਜਗਤਪੁਰਾ, ਜਲੰਧਰ, ਮੈਂ ਘੋਸ਼ਣਾ ਕਰਦਾ ਹਾਂ ਕਿ ਲਖਵਿੰਦਰ ਸਿੰਘ ਅਤੇ ਲਖਵਿੰਦਰ ਇੱਕ ਹੀ ਵਿਅਕਤੀ ਦੇ ਨਾਂਅ ਹਨ। ਸੰਬੰਧਤ ਨੋਟ ਕਰਨ। (ਪਾਠਕ)

ਇਸ ਉਪ ਮੰਡਲ ਅਧੀਨ ਇੱਕ ਮੋਟਰ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ ਡੀ/2649 ਜੋ ਕਿ ਹੰਸਾ ਸਿੰਘ ਪੁੱਤਰ ਸੁੰਦਰ ਸਿੰਘ ਪਿੰਡ ਮੁੰਡੀਆ ਸਾਈਟ ਅਰਨੌਲੀ ਡਾਕ: ਮੋਰਿੰਡਾ ਜ਼ਿਲ੍ਹਾ ਰੋਪੜ ਵਿਖੇ 7.5 ਬੀ ਐੱਸ ਪੀ ਦਾ ਚੱਲ ਰਿਹਾ ਹੈ। ਹੰਸਾ ਸਿੰਘ ਦੇ ਵਾਰਸਾਂ ਨੇ ਇਹ ਮੋਟਰ ਕੁਨੈਕਸ਼ਨ ਜ਼ਮੀਨ ਸਮੇਤ ਪਰਦੀਪ ਸਿੰਘ ਪੁੱਤਰ ਰਣਜੋਧ ਸਿੰਘ ਨੂੰ ਵੇਚ ਦਿੱਤਾ ਹੈ। ਹੁਣ ਪਰਦੀਪ ਸਿੰਘ ਪੁੱਤਰ ਰਣਜੋਧ ਸਿੰਘ ਨੇ ਇਸ ਦਫਤਰ ਵਿਖੇ ਮੋਟਰ ਕੁਨੈਕਸ਼ਨ ਆਪਣੇ ਨਾਂਅ ਕਰਵਾਉਣ ਦੀ ਅਰਜ਼ੀ ਦਿੱਤੀ ਹੈ। ਫਰਦ ਅਤੇ ਕੁਰਸੀਨਾਮੇ ਵਿੱਚ ਦਰਜ ਵਿਅਕਤੀਆਂ ਅਤੇ ਹਿੱਸੇਦਾਰਾਂ ਵੱਲੋਂ ਐਨ ਓ ਸੀ ਦਿੱਤੀ ਗਈ ਹੈ ਅਤੇ ਆਪਣੇ ਹਲਫੀਆ ਬਿਆਨ ਪੇਸ਼ ਕੀਤੇ ਗਏ ਹਨ। ਅਗਰ ਫਿਰ ਵੀ ਕਿਸੇ ਵਿਅਕਤੀ ਨੂੰ ਇਸ ਮੋਟਰ ਦੇ ਨਾਂਅ ਬਦਲੀ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਹ ਇਸ਼ਤਿਹਾਰ ਛਪਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਇਸ ਦਫਤਰ ਵਿਖੇ ਲਿਖਤੀ ਰੂਪ ਵਿੱਚ ਪੇਸ਼ ਕਰੇ। ਸਮਾਂ ਪੁੱਗਣ 'ਤੇ ਕੋਈ ਵੀ ਇਤਰਾਜ਼ ਕਬੂਲ ਨਹੀਂ ਕੀਤਾ ਜਾਵੇਗਾ ਅਤੇ ਨਾਂਅ ਬਦਲੀ ਸੰਬੰਧੀ ਅਗਲੇਰੀ ਕਾਰਵਾਈ ਕਰ ਦਿੱਤੀ ਜਾਵੇਗੀ। ਸਹਾਇਕ ਕਾਰਜਕਾਰੀ ਇੰਜੀਨੀਅਰ ਪੰ: ਰਾ: ਪਾ: ਕਾ: ਲਿਮ:, ਸ/ਅ/ਸ/ਡ ਮੋਰਿੰਡਾ

ਅਸੀਂ ਓਮ ਪ੍ਰਕਾਸ਼ ਪੁੱਤਰ ਅਨੰਤ ਰਾਮ ਅਤੇ ਪਰਮਜੀਤ ਕੌਰ ਪਤਨੀ ਓਮ ਪ੍ਰਕਾਸ਼ ਵਾਸੀ ਗਲੀ ਨੰਬਰ 5/12, ਜੋਗੀ ਨਗਰ ਬਠਿੰਡਾ ਨੇ ਆਪਣੇ ਪੁੱਤਰ ਸੰਦੀਪ ਕੁਮਾਰ ਸ਼ਰਮਾ ਅਤੇ ਇਸ ਦੀ ਪਤਨੀ ਨੀਸ਼ਾ ਸੋਨੀ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਸੀ, ਪਰ ਹੁਣ ਇਹ ਦੋਨੋਂ ਸਾਡੇ ਕਹਿਣੇ ਵਿੱਚ ਹਨ, ਇਸ ਲਈ ਅਸੀਂ ਇਹ ਬੇਦਖਲੀ ਵਾਪਸ ਲੈਂਦੇ ਹਾਂ। ਇਹਨਾਂ ਦਾ ਹੁਣ ਸਾਡੀ ਜਾਇਦਾਦ ਵਿਚ ਪੂਰਾ ਹੱਕ ਹੋਵੇਗਾ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈੱਲ ਕੁਨੈਕਸਨ ਖਾਤਾ ਨੰਬਰ ਵਾਈ ਏ ਪੀ 1826 ਜੋ ਹਰਭਜਨ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਅਤਾਲਾਂ ਤਹਿਸੀਲ ਪਾਤੜਾਂ ਦੇ ਨਾਮ ਚੱਲਦਾ ਹੈ ਨੂੰ ਆਪਣੇ ਨਾਮ ਕਰਨ ਲਈ ਰਣਜੀਤ ਕੌਰ ਪਤਨੀ ਜਗਵਿੰਦਰ ਸਿੰਘ ਨੇ ਦਰਖਾਸਤ ਦਿੱਤੀ ਹੈ। ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਵਿੱਚ ਪੇਸ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ (ਦਿਹਾਤੀ)

ਮੈਂ ਤਰਸੇਮ ਸਿੰਘ ਪੁੱਤਰ ਸ੍ਰ. ਸੰਤੋਖ ਸਿੰਘ ਵਾਸੀ ਬਲਾਕ ਵੇਰਕਾ,ਬਲ ਖੁਰਦ, ਬਲ,ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਭਰਾ ਰਾਜਪਾਲ ਸਿੰਘ ਅਤੇ ਉਸਦੀ ਪਤਨੀ ਕੈਲਾਸ਼ ਕੌਰ ਜੋ ਮੇਰੇ ਅਤੇ ਮੇਰੇ ਪਰਿਵਾਰ ਦੇ ਕਹਿਣੇ ਤੋ ਬਾਹਰ ਹਨ ਅਤੇ ਮੇਰੇ ਨਾਲ ਉਨ੍ਹਾਂ ਦਾ ਵਤੀਰਾ ਠੀਕ ਨਹੀ ਹੈ ਅਤੇ ਉਹ ਅਲੱਗ ਘਰ ਵਿਚ ਰਹਿੰਦੇ ਹਨ। ਮੇਰੀ ਜਾਇਦਾਦ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ ਹੈ। ਮੈਂ ਉਨ੍ਹਾਂ ਦੋਵਾਂ ਨਾਲ ਅੱਜ ਤੋਂ ਬਾਅਦ ਆਪਣੇ ਸਾਰੇ ਸੰਬੰਧ ਖਤਮ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਬੇਦਖਲੀ ਨੋਟਿਸ

ਮੈਂ, ਕੁਲਦੀਪ ਕੌਰ ਪਤਨੀ ਦਲਬੀਰ ਸਿੰਘ ਵਾਸੀ ਮਾਣਕਪੁਰ, ਡਾਕਘਰ ਲਸੂੜੀ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਤੇਗ ਸਿੰਘ ਅਤੇ ਉਸ ਦੀ ਪਤਨੀ ਸਰਬਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਅਰਪਿਤ)

ਮੈਂ, ਨੰਦ ਲਾਲ ਪੁੱਤਰ ਬਚਨ ਲਾਲ ਵਾਸੀ ਗੜ੍ਹਦੀਵਾਲਾ, ਤਹਿ: ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨੇਹਾ ਕੁਮਾਰੀ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਆਪਣੀ ਲੜਕੀ ਨੇਹਾ ਕੁਮਾਰੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। (ਰਾਮ ਕੁਮਾਰ)

ਬੇਦਖਲੀ ਨੋਟਿਸ

ਮੈਂ, ਲੀਲਾ ਦੇਵੀ ਪਤਨੀ ਸਵ: ਜੋਗਿੰਦਰ ਪਾਲ, ਮਕਾਨ ਨੰ. 825, ਮੇਨ ਬਜ਼ਾਰ, ਗੜ੍ਹਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਵੀ ਪਾਲ ਅਤੇ ਉਸਦੀ ਪਤਨੀ ਸਰੋਜ ਕੁਮਾਰੀ ਤੇ ਮੇਰੀ ਪੋਤੀ ਉਰਵੀ ਸਾਡੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਤ ਨੋਟ ਕਰਨ।

ਮੈਂ, ਜਰਨੈਲ ਸਿੰਘ ਪੁੱਤਰ ਸੌਣ ਸਿੰਘ, ਪਿੰਡ ਘਨੌਰ ਕਲਾਂ (ਸੰਗਰੂਰ) ਆਪਣੇ ਲੜਕੇ ਕੁਲਦੀਪ ਸਿੰਘ, ਨੂੰਹ ਰਾਣੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਵਾਲੇ ਖ਼ੁਦ ਜ਼ਿੰਮੇਵਾਰ ਹੋਣਗੇ।

ਮੈਂ ਕਾਂਤਾ ਪਤਨੀ ਜੋਗਿੰਦਰ ਪਾਲ ਵਾਸੀ ਪਿੰਡ ਖੇੜਾ, ਤਹਿਸੀਲ ਫਗਵਾੜਾ ਜਿਲਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸੰਦੀਪ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਇਸਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ ਮੇਰੀ ਅਤੇ ਮੇਰੇ ਬਾਕੀ ਪਰਿਵਾਰ ਦੀ ਕੋਈ ਵੀ ਜੁੰਮੇਵਾਰੀ ਨਹੀਂ ਹੋਵੇਗੀ। ਮੇਰਾ ਆਪਣੇ ਉਕਤ ਲੜਕੇ ਨਾਲ ਕੋਈ ਵੀ ਰਿਸਤਾ ਜਾਂ ਸਬੰਧ ਨਹੀ ਰਿਹਾ। (Kamal Rai)

ਮੈ ਹਰਭਜਨ ਸਿੰਘ ਪੁੱਤਰ ਸ਼੍ਰੀ ਜਰਨੈਲ ਸਿੰਘ ਵਾਸੀ ਪਿੰਡ ਤੇ ਡਾਕਘਰ ਪਤਿਆਲ ਜਿਲਾ ਜਲੰਧਰ ਬਿਆਨੀ ਹਾਂ ਕਿ ਮੇਰੀ ਪਤਨੀ ਸੁਰਜੀਤ ਕੌਰ ਸਮੇਤ ਬੱਚਿਆ ਗੁਰਮੋਹਿਤ ਸਿੰਘ ਅਤੇ ਜਸਕੀਰਤ ਸਿੰਘ ਘਰੋ ਲੰਬਾ ਸਮਾਂ ਪਹਿਲਾ ਚਲੀ ਗਈ ਹੈ। ਮੇਰਾ ਉਸ ਨਾਲ ਲੰਬੇ ਸਮੇ ਤੋ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬੰਧ ਨਹੀਂ ਹੈ। ਮੈ ਉਸ ਨੂੰ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਸੋ ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁਮੇਵਾਰ ਹੋਵੇਗਾ। (Parshotam)

ਮੈਂ ਹਰਦੇਵ ਸਿੰਘ ਪੁੱਤਰ ਪ੍ਰੀਤਮ ਸਿੰਘ ਪਿੰਡ ਧਰਿਦਓ, ਤਹਿਸੀਲ ਬਾਬਾ ਬਕਾਲਾ, ਜਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਹਾਂ। ਮੇਰਾ ਲੜਕਾ ਗਗਨਦੀਪ ਸਿੰਘ ਬੁਰੀ ਸੰਗਤ ਵਿਚ ਪੈਣ ਕਰ ਕੇ ਮੇਰੇ ਕਹਿਣੇ ਤੋਂ ਬਾਹਰ ਹੈ ਮੈਂ ਉਸ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਮੈਂ ਸੁਖਦੇਵ ਸਿੰਘ ਪੁੱਤਰ ਸਾਧੂ ਸਿੰਘ ਨਿਵਾਸੀ ਲਹਿਰਾਗਾਗਾ ਤਹਿਸੀਲ ਲਹਿਰਾ ਜਿਲ੍ਹਾ ਸੰਗਰੂਰ ਆਪਣੀ ਪੁੱਤਰੀ ਮਨੀਸ਼ਾ (ਆਧਾਰ ਕਾਰਡ ਨੰਬਰ 4784 8302 1671)ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਉਸ ਨਾਲ ਮੇਰਾ ਜਾਂ ਮੇਰੇ ਪਰਿਵਾਰ ਦਾ ਕੋਈ ਤਾਲੁਕ ਵਾਸਤਾ ਨਹੀਂ, ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਅਤੇ ਮਨੀਸ਼ਾ ਆਪਣੇ ਨਫੇ ਨੁਕਸਾਨ ਦੀ ਵੀ ਖੁਦ ਜੁੰਮੇਵਾਰ ਹੋਵੇਗੀ .

ਅਸੀਂ, ਜਗਤਾਰ ਸਿੰਘ ਪੁੱਤਰ ਪੂਰਨ ਸਿੰਘ ਤੇ ਸੁਖਵੀਰ ਕੌਰ ਪਤਨੀ ਜਗਤਾਰ ਸਿੰਘ ਵਾਸੀ ਪਿੰਡ ਟਾਹਲੀ, ਤਹਿ: ਦਸੂਹਾ (ਹੁਸ਼ਿਆਰਪੁਰ) ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਹਰਜੀਤ ਸਿੰਘ ਨੂੰਹ ਮਨਦੀਪ ਕੌਰ ਅਤੇ ਸਾਡੇ ਪੋਤਰੇ ਪ੍ਰਭਦੀਪ ਸਿੰਘ-ਗੁਣਵੀਰ ਸਿੰਘ ਇਹ ਸਾਰੇ ਸਾਡੇ ਕਹਿਣੇ ਤੋਂ ਬਾਹਰ ਹਨ। ਜਿਸ ਕਰਕੇ ਅਸੀਂ ਇਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾਂ ਸਾਰਿਆਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹਨਾਂ ਨਾਲ ਸਾਡਾ ਕੋਈ ਸੰਬੰਧ ਨਹੀਂ ਹੋਵੇਗਾ। (ਬਹਿਲ)

ਮੈਂ, ਸਿਮਰਜੀਤ ਕੌਰ ਪਤਨੀ ਸਵਰਗਵਾਸੀ ਕਮਲਜੀਤ ਸਿੰਘ ਵਾਸੀ ਪਿੰਡ ਪੰਡੋਰੀ, ਡਾਕ: ਲਮੀਣ, ਤਹਿ: ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਮੁਖਤਿਆਰ ਸਿੰਘ ਅਤੇ ਉਸ ਦੀ ਪਤਨੀ ਸਿਮਰਨਦੀਪ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਬੀ)

ਮੈਂ, ਰੋਸ਼ਨ ਲਾਲ ਪੁੱਤਰ ਸ੍ਰੀ ਦਰਸ਼ਨ ਲਾਲ ਵਾਸੀ ਪਿੰਡ ਅਲੀਪੁਰ, ਡਾਕ. ਕੁਕੜ ਪਿੰਡ, ਤਹਿ. ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਤਨਾਮ ਕੁਮਾਰ ਅਤੇ ਉਸਦੀ ਪਤਨੀ ਮਨਜੀਤ ਕੌਰ ਅਤੇ ਪੋਤਾ ਓਂਕਾਰ ਪਾਲ ਅਤੇ ਪੋਤੀ ਰੀਆ ਪਾਲ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਦਿਆਲ ਮਸੀਹ ਪੁੱਤਰ ਦੀਨ ਮਸੀਹ ਵਾਸੀ ਪਿੰਡ ਬੁਰਜ ਅਰਾਈਆ, ਤਹਿ: ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਮਸੀਹ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮੁਨੀ ਲਾਲ ਪੁੱਤਰ ਪ੍ਰਕਾਸ਼ ਰਾਮ ਵਾਸੀ ਪਿੰਡ ਸਹਿੰਗੀ, ਡਾਕਖਾਨਾ ਬਸਤੀ ਗੁਜਾਂ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਤਨ ਲਾਲ ਅਤੇ ਇਸ ਦੀ ਪਤਨੀ ਜੋਤੀ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕਸ਼ਮੀਰ ਸਿੰਘ ਪੁੱਤਰ ਦਸੰਦਾ ਸਿੰਘ ਵਾਸੀ ਪਿੰਡ ਕੋਟਲਾ ਸੂਰਜਮਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਸਵੀਰ ਸਿੰਘ ਉਰਫ ਸੁੱਖਾ ਅਤੇ ਉਸਦੀ ਪਤਨੀ ਪੂਨਾ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ, ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕੁਲਦੀਪ ਸਿੰਘ ਪੁੱਤਰ ਮੇਹਰ ਸਿੰਘ ਵਾਸੀ ਪਿੰਡ ਚੱਕ ਸ਼ਰੀਫ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਹਰਜਿੰਦਰ ਸਿੰਘ ਅਤੇ ਇਸ ਦੀ ਪਤਨੀ ਹਰਪਿੰਦਰ ਕੌਰ ਅਤੇ ਇਨ੍ਹਾਂ ਦੇ ਬੱਚੇ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਡੋਗਰਾ)

ਮੈਂ, ਮਨਜੀਤ ਕੌਰ ਵਿਧਵਾ ਲੇਟ ਸ੍ਰੀ ਮੰਗਲ ਸਿੰਘ ਵਾਸੀ ਪਿੰਡ ਕੋਟਲਾ ਸੂਰਜ ਮੱਲ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਅਮਨਦੀਪ ਕੌਰ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਅਰਪਿਤ)

ਨਾਂਅ ਦੀ ਬਦਲੀ

ਮੈਂ ਬਿਮਲ ਕੁਮਾਰ ਰਿਖੀ ਪੁੱਤਰ ਰਾਜ ਕੁਮਾਰ, ਪਿੰਡ ਰਾਜੋਮਾਜਰਾ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਬਿਮਲ ਕੁਮਾਰ ਰੱਖ ਲਿਆ ਹੈ।

ਅਸੀਂ ਸੀਮਾ ਰਾਣੀ ਪਤਨੀ ਪ੍ਰਮੋਦ ਕੁਮਾਰ ਵਾਸੀ ਪ੍ਰੇਮ ਬਸਤੀ ਗਲੀ ਨੰ. 8 ਸੰਗਰੂਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਦੀਆ ਗੋਇਲ ਜਿਸ ਦਾ ਜਨਮ 17-10-2013 ਦਾ ਹੈ ਹੁਣ ਉਸ ਦਾ ਨਾਮ ਦਿਕਸ਼ਾ ਤੋਂ ਬਦਲ ਕੇ ਦੀਆ ਗੋਇਲ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਸ਼ਿਵਾਨੀ ਸ਼ਰਮਾ ਪਤਨੀ ਬੂਟਾ ਸਿੰਘ ਵਾਸੀ ਤਰਨ ਤਾਰਨ ਰੋਡ, ਭਿੰਡਰ ਕਾਲੋਨੀ, ਗੁਰੂਵਾਲੀ, ਗਿਲਵਾਲੀ, ਅੰਮ੍ਰਿਤਸਰ-143022 ਸੂਚਿਤ ਕਰਦੀ ਹਾਂ ਕਿ ਸ਼ਾਦੀ ਤੋਂ ਬਾਅਦ ਮੈਂ ਆਪਣਾ ਨਾਮ ਸ਼ਿਵਾਨੀ ਸ਼ਰਮਾ ਤੋਂ ਬਦਲ ਕੇ ਦਲਜੀਤ ਕੌਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਕੇ ਐੱਲ)

Change of Name

I, Gurjit Singh S/o Balwinder Singh Mohar VTC Ajnala, P.O. Mohar, Distt. Amritsar, Punjab, have changed my name Gurjit as given name, & Singh as Surname. Please note. (B)

Change of Name

I, Timan Kumar S/o Gurdev Dass R/o H.No. 5, Opp. JCT School Dev Nagar, Phagwara, Distt. Kapurthala, Punjab, declare that I have changed my name Timan as given name and Kumar as surname. Please note. (Contact)

I, Amanat D/o Varinder Singh R/o S.P. Machine Tools,Gali Shining Star, G.T. Road,Batala,Distt Gurdaspur.Have Changed my name from Amanat to Amanat Kaur. Concerned Note. (SHREE KRISHNA)

I Krishana Bhathla s/o Sat Pal r/o H.No.7, Puda Sports Enclave, Old Jail Site, Jalandhar have changed my name to Krishna Pl.note all concerned.

I, Kulwinder Kaur D/o Mota Singh Now W/o Didar Singh Alias Didar Singh Shergill R/o VPO Sikri Tehsil Dasuya Distt. Hoshiarpur Punjab declare that I Kulwinder Kaur Alias Kulwinder Kaur Shergill is one and the same person. Please concerned note. (HITESH)

I, Eric Nathanial S/o Nathaniel Samuel R/o Ward No. 7, Bhakha Tara Singh, Tehsil Ajnala, Distt. Amritsar, Punjab, have changed my name from Eric Nathanial to Eric Nathaniel. (B)

I, Pretty Kumari W/o Mandeep Kumar R/o Vill. Dehriwal, P.O. Bassi Jalal Khan, Tehsil Tanda (Hoshiarpur), Punjab, have changed my name from Pretty to Pretty Kumari. Please note. (Behl)

I, Tressa W/o Nathaniel Samuel R/o Ward No. 7, Bakha Tara Singh, Tehsil Ajnala, Distt. Amritsar, Punjab, have changed my name from Tressa to Triza Nathaniel.

I, Sonu Singh S/o Jagir Singh R/o H.No.1424, Gali Punjab Singh, Chowk Baba Sahib, Amritsar have changed my name from Sonu Singh to Yuvraj Singh.

I Isha Khanna W/O Neeraj Chopra R/O H.no.54 Shastri Nagar Majitha Road Amritsar Have Changed My Name To Isha Chopra.

I, Nirmal Jeet Singh S/o Karam Singh R/o H.No.582, Akash Avenue, Fatehgarh Churian Road, Amritsar have changed my name from Nirmal Jeet Singh to Nirmaljit Singh.

I, Mejar Singh S/o Gurbachan Singh R/o VPO. Lopoke District Amritsar have changed my name from Mejar Singh to Major Singh.

I, Harjinder Singh W/o Major Singh R/o VPO. Lopoke District Amritsar have changed my name from Harjinder Singh to Harjinder Kaur.

I, Gurjeet Singh S/o Inder Singh R/o 40, L-3/990, Gali No.11 Namdev Colony, Sultanwind Road, Amritsar have certified that my father was known by two names Inderjeet Singh and Inder Singh.

I, Baljit Kaur W/O Satpal Singh R/O H.no.7, Ram Avenue, Opp New Amritsar Gate, Amritsar Have Changed My Name From Baljit Kaur To Baljeet Kaur

I, Harpal Singh S/o Kala Singh R/o VPO Basrai, Tehsil Batala, Distt. Gurdaspur have changed my daughter name from Sheryl to Sheryl Pal. All concerned please note.

I, Usha W/o Pal Masih R/o Shaheed Bhagat Singh Colony, Qadian Road, Batala, Distt. Gurdaspur changed my name to Usha Pal. All concerned please note.

I, Jaswinder Singh S/O Gurmeet Singh R/O H.no. 54, New Isherpuri, Jalandhar-144022, Punjab, Have Changed My Name Jaswinder Singh To Jaswinder Singh Kalsi.

I, Hitherto Known As Gautam S/O Bhajan R/O Vpo Khatkar Kalan, Tehsil Banga Distt. Shaheed Bhagat Singh Nagar, Punjab, India, Pin Code 144512 Have Changed My Name And Shall Hereafter Be Known As Gautam Banga

I, Monika Giddhe W/O Nitin Saini R/O V.p.o. Kakkon, Saini Estate Enclave Ni. 1 Arora Colony, Hariana Road, Hoshiarpur Punjab Have Changed My Name Monika Giddhe To Monika Saini. After Marriage

I, Hitherto Known As Prabjot Kaur W/O Amarjit Singh Residing At Village Salempur Masandan, Po Talhan, Distt. Jalandhar - 144101, Punjab, India Have Changed My Name And Shall Hereafter Be Known As Kaur Prabjot.

I, Hitherto Known As Priya W/O Mukesh Kumar Rana Residing At Vpo Aur, Distt. Shaheed Bhagat Singh Nagar - 144417, Punjab, India Have Changed My Name And Shall Hereafter Be Known As Priya Rani.

I, Hitherto Known As Ramesh Arora S/O Ram Chand Residing At H.no. 447, J.p. Nagar, Distt. Jalandhar - 144002, Punjab, India Have Changed My Name And Shall Hereafter Be Known As Ramesh Chander.

I, Hitherto Known As Sudesh Arora W/O Ramesh Chander Residing At H.no. 447, J.p. Nagar, Distt. Jalandhar - 144002, Punjab, India Have Changed My Name And Shall Hereafter Be Known As Sudesh Bathla.

I, Harvinder Singh S/o Niranjan Singh R/o W.No. 10, Dashmesh Nagar Tanda, Tehsil Dasuya Distt. Hoshiarpur, Punjab, have changed my name to Harwinder Singh. All concerned please note. (Behl)

I jaswinder kaur mehmi w/o Ajay Kumar mehmi r/o house no 2203 bhagwan dass colony ,Salem tabri, ludhiana punjab 141008-changed my name jaswinder kaur to jaswinder kaur mehmi

I Anita Salhan W/O Jaspreet Singh R/O Vpo Paddi Matwali, Tehsil Banga, Distt. S.b.s. Nagar, Punjab, India, 144510 Want To Change Name Of My Minor Son From Joshua To Joshua Dhamrait

ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

ਚਾਲਕ ਰਹਿਤ ਇਲੈਕਟ੍ਰਿਕ ਬੱਸ ਤਿਆਰ !

ਜਲੰਧਰ : ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਪ੍ਰੋਫ਼ੈਸਰਾਂ ਨੇ ਇਕ 'ਡਰਾਈਵਰਲੈੱਸ ਇਲੈਕਟ੍ਰਿਕ ਬੱਸ' ਦਾ ਨਿਰਮਾਣ ਕੀਤਾ ਹੈ ਜੋ ਸੌਰ ਊਰਜਾ ਨਾਲ ਵੀ ਚਲਦੀ ਹੈ। ਇੰਜੀਨੀਅਰਿੰਗ ਦੇ ਇਸ ਚਮਤਕਾਰ ਨੂੰ ਸਾਕਾਰ ਰੂਪ ਦੇਣ ਵਾਲਿਆਂ ਨੂੰ ਮਿਲੋ 'ਓਐੱਮਜੀ ਯੇਹ ਮੇਰਾ ਇੰਡੀਆ' ਦੇ ਅਗਲੇ ਐਪੀਸੋਡ ਵਿਚ ਇਸ ਵੀਰਵਾਰ, 2 ਫ਼ਰਵਰੀ ਨੂੰ ਰਾਤ 8 ਵਜੇ, ਸਿਰਫ਼ ਹਿਸਟਰੀ ਟੀਵੀ 18 'ਤੇ। ਜਲੰਧਰ ਦੇ ਇਨ੍ਹਾਂ ਵਿਦਿਆਰਥੀਆਂ ਨੂੰ ਇਸ ਬੱਸ ਨੂੰ ਡਿਜ਼ਾਈਨ ਕਰਨ ਅਤੇ ਬਣਾਉਣ ਵਿਚ 12 ਮਹੀਨੇ ਲੱਗੇ, ਜਿਸ ਵਿਚ 10 ਤੋਂ 30 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ ਅਤੇ ਜੋ 30 ਕਿਲੋਮੀਟਰ ਪ੍ਰਤੀ ਘੰਟਾ ਦੀ ਗਤੀ ਨਾਲ ਚੱਲ ਸਕਦੀ ਹੈ ਅਤੇ ਇਕ ਵਾਰ ਚਾਰਜ ਹੋਣ 'ਤੇ 70 ਕਿਲੋਮੀਟਰ ਤੱਕ ਦੀ ਦੂਰੀ ਤੈਅ ਕਰ ਸਕਦੀ ਹੈ। ਬੱਸ ਨੂੰ ਡਰਾਈਵਰ ਰਹਿਤ ਬਣਾਉਣ ਲਈ ਵਹੀਕਲ ਟੂ ਵਹੀਕਲ (ਵੀ2ਵੀ) ਕਮਿਊਨੀਕੇਸ਼ਨ ਤਕਨੀਕ ਦੀ ਵਰਤੋਂ ਕੀਤੀ ਗਈ ਹੈ। ਇਹ ਬੱਸ ਪੂਰੀ ਤਰ੍ਹਾਂ ਨਾਲ ਪ੍ਰਦੂਸ਼ਣ ਮੁਕਤ ਹੈ ਅਤੇ ਪ੍ਰੋਪਲਸ਼ਨ ਲਈ ਇਲੈਕਟ੍ਰਿਕ ਮੋਟਰ ਅਤੇ ਸੌਰ ਊਰਜਾ ਦੇ ਰੂਪ ਵਿਚ ਕੇਵਲ ਨਵਿਆਉਣਯੋਗ ਊਰਜਾ ਦੀ ਵਰਤੋਂ ਕਰਦੀ ਹੈ ਅਤੇ ਇਸ ਨੂੰ ਬਣਾਉਣ 'ਚ ਮਹਿਜ਼ 6 ਲੱਖ ਰੁਪਏ ਦੀ ਲਾਗਤ ਆਉਂਦੀ ਹੈ। ਇਸ ਅਨੋਖੀ ਕਾਢ ਬਾਰੇ ਹੋਰ ਜਾਣੋ ਇਸ ਵੀਰਵਾਰ ਨੂੰ ਰਾਤ 8 ਵਜੇ 'ਓਐੱਮਜੀ, ਯੇਹ ਮੇਰਾ ਇੰਡੀਆ 'ਤੇ।

ਕੇਂਦਰੀ ਬਜਟ ਪਿਛਲੇ ਬਜਟਾਂ 'ਚੋਂ ਸਭ ਤੋਂ ਮਾੜਾ ਬਜਟ: ਡਾ. ਅਜਨਾਲਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਕੇਂਦਰੀ ਬਜਟ ਦੀ ਚੀਰ ਫਾੜ ਕਰਦੇ ਹੋਏ ਖੇਤੀ ਮਾਹਰ ਡਾਕਟਰ ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਇਹ ਬਜਟ ਪਿਛਲਿਆਂ ਪੰਜਾਂ ਬਜਟਾਂ ਤੋਂ ਸਭ ਤੋਂ ਮਾੜਾ ਹੈ। ਭਾਰਤ ਪਿੰਡਾਂ ਦਾ ਦੇਸ਼ ਹੈ ਅਤੇ ਪਿੰਡਾਂ ਦੇ ਲੋਕ ਤਕਰੀਬਨ ਦੋ ਤਿਹਾਏ ਖੇਤੀ ਤੇ ਨਿਰਭਰ ਕਰਦੇ ਹਨ। ਇਨ੍ਹਾਂ ਦੀ ਬਿਹਤਰੀ ਲਈ ਕੋਈ ਸੰਵਿਧਾਨ ਨਹੀਂ ਰੱਖਿਆ ਖੇਤੀਬਾੜੀ ਦਾ ਬਜਟ ਪਹਿਲਾਂ ਨਾਲੋਂ ਵੀ ਘਟਾ ਦਿੱਤਾ ਹੈ।

ਡਾਕਟਰ ਅਜਨਾਲਾ ਨੇ ਅੱਗੇ ਦੱਸਿਆ ਕਿ ਬਜਟ ਵਿਚ ਖੇਤੀ ਲਈ ਅਜੇ ਸਟਾਰਟ ਅੱਪ ਹੀ ਕੀਤਾ ਜਾਵੇਗਾ ਜਿਸਦਾ ਮਤਲਬ ਕਿ ਸਰਕਾਰ ਅਜੇ ਕੁਝ ਨਹੀਂ ਕਰਨਾ ਚਾਹੁੰਦੀ। ਭਾਰਤ 'ਚ 40 ਫੀਸਦੀ ਰਕਬਾ ਹੀ ਸਿੰਚਾਈ ਥੱਲੇ ਹੈ, ਇਹਨੂੰ ਵਧਾਉਣ ਲਈ ਬਜਟ 'ਚ ਕੋਈ ਯੋਜਨਾ ਨਹੀਂ ਬਣਾਈ ਗਈ। ਇਸ ਤਰ੍ਹਾਂ ਭਾਰਤ ਦੇ ਕਿਸਾਨਾਂ ਸਿਰ ਸਮੇਂ-ਸਮੇਂ ਦੀਆਂ ਸਰਕਾਰਾਂ ਕਿਸਾਨ ਵਿਰੋਧੀ ਨੀਤੀਆਂ ਕਾਰਨ 18 ਲੱਖ ਕਰੋੜ ਕਰਜ਼ਾ ਪਿਛਲਿਆਂ ਪੰਦਰਾਂ ਸਾਲਾਂ ਵਿੱਚ ਚੜ੍ਹਿਆ ਹੈ। ਉਸਨੂੰ ਰੱਦ ਕਰਨ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ ਨਾ ਹੀ ਐੱਮਐੱਸਪੀ ਦੀ ਕਾਨੂੰਨੀ ਗਰੰਟੀ ਬਣਾਉਣ ਲਈ ਕੋਈ ਜ਼ਿਕਰ ਕੀਤਾ ਗਿਆ ਜਿਸ ਕਾਰਨ ਪੰਜਾਬ ਸਮੇਤ ਭਾਰਤ ਭਰ ਦੇ ਕਿਸਾਨ ਡਾਢੇ ਗੁੱਸੇ ਵਿਚ ਹਨ। ਉਹ ਪਹਿਲਾਂ ਹੀ ਸੰਘਰਸ਼ ਦੇ ਮੈਦਾਨ ਵਿੱਚ ਹਨ। ਕਿਸਾਨ ਮਾਰੂ ਇਸ ਬਜਟ ਵਿਰੁੱਧ ਮਾਰਚ ਦੇ ਬਜਟ ਸੈਸ਼ਨ ਸਮੇਂ ਭਾਰਤ ਭਰ 'ਚੋਂ ਲੱਖਾਂ ਦੀ ਗਿਣਤੀ 'ਚ ਕਿਸਾਨ ਪਾਰਲੀਮੈਂਟ ਵੱਲ ਮਾਰਚ ਕਰਨਗੇ।

Change of Name

I, Gurjant Singh s/o Mahinderjit Singh r/o VPO. Khusropur, Teh. Kartarpur, Distt. Jalandhar have changed my name from Gurjant Singh to Gurjant Singh Flora. All Please Note.

I, Baljinder Kaur w/o Harjit Singh r/o Vill. Desal, Po. Saiflabad, Distt. Kapurthala, Punjab have changed my name to Baljinder Kaur Virk. All Please Note.

I, Harjit Singh s/o Buta Singh r/o Vill. Desal, Po. Saiflabad, Distt. Kapurthala, Punjab have changed my name to Harjit Singh Virk. All Please Note.

I, Ulfat w/o Peter Malik r/o 40, Opp. Jet Mill, Near Maini Park Govt. Labour Colony, Phagwara, Kapurthala have changed my name to Ulfat Malik.(Surname as Malik) All Please Note.

I, Jatinder Singh s/o Jaswant Singh r/o VPO. Nasarke, Tehsil Batala, Distt. Gurdaspur have changed my name to Jatinter Singh. All Please Note.

I, Kamaljeet Kaur Bath w/o Harpinder Singh R/o VPO.Chiheru, Near Ravi Dass Gurudwara, Teh. Phagwara, Distt.Kapurthala-144402, Punjab have changed my name to Kamaljeet Kaur. All Please Note.

I, Harpinder Singh Bath s/o Bikar Singh r/o VPO. Chiheru, Near Ravi Dass Gurudwara, Teh.Phagwara, Distt.Kapurthala-144402, Punjab have changed my name to Harpinder Singh. All Please Note.

I, Vijay Kumar s/o Piara Lal r/o H.No. 29, Lane Balmiki Mohalla Hati Gate Batala, Distt.Gurdaspur-143505, (PB) have changed my name to Vijay Kumar Khosla. All Please Note.

I, Gurmeet Preetamdass Klair S/o Preetamdass Sadhuram Klair R/o H.No.156, Near Ravi Dass Mandir, VPO. Khurla Kingra, Distt.Jalandhar (144003) have changed my name to Gurmeet Klair. All Please Note.

I, Priyanka W/o Baljinder Singh R/o H.No.613, Basti Peer Dad, Jalandhar, Punjab-144002 Have Changed My Name From Priyanka To Priyanka Kaur. (Kaur as Surname) All Please Note.

I, Mandip Kumar S/o Paramjit Lal R/o H.No. 336-A, Green Avenue, Kala Sangha Road, Jalandhar-144002, Punjab have changed my name from Mandip Kumar to Mandeep Agarwal Nagra. All Please Note.

I, Karan S/o Sant Kumar R/o H.No. 187A, Street No. 06, Arman Nagar Dhilwan Dakoha, Jalandhar-144023, Punjab have changed my name from Karan to Karan Kalia (Surname as Kalia). All Please Note.

I, Chaitanya Chkshoo Thakur S/o Thakur Gurdial Singh R/o H.No. 154, Block-A, Near Aman Hospital, Saffron City, Hoshiarpur-146001, Punjab have changed my name to Thakur Chaitanya Chkshoo Singh. All Please Note.

I, Satiya Kaur W/o Mann Singh R/o Vill. Mehandipur, Po. Abdullapur, Tehsil Mukerian, Distt. Hoshiarpur-144214, Punjab have changed my name to Satwinder Kaur. All Please Note.

I, Ravinder Singh S/o Gurmeet Singh R/o VPO.Bassi, Po. Jaid, Teh.Bholath, Distt. Kapurthala-144621, Punjab Have Changed My Name From Ravinder Singh To Ravinder Singh.(Singh as Surname) All Please Note. (R)

I, Ajay Kumar mehmi s/o mohan lal r/o house no 2203 Bhagwan Dass colony, Salem tabri ,ludhiana ,punjab -141008 changed my name Ajay Kumar to Ajay Kumar mehmi

I, Gobinda S/O: Paramjit Pal, R/O: Vpo: Kukar Pind, District Jalandhar -144024 Have Changed My Name To: Gobinda Pal.

I, Jaspreet S/O: Shinder Pal, R/O: Vpo: Kukar Pind, District:-Jalandhar-144024 (Punjab), Have Changed My Name To: Jaspreet Chaha

ਬਜਟ 'ਚ ਸਿੱਖਿਆ ਤੇ ਸਿਹਤ ਲਈ ਕੁਝ ਵੀ ਨਹੀਂ : ਭੁੱਲਰ

ਮਹਿਤਪੁਰ (ਰਾਜਾ)-ਪੰਜਾਬ ਸੁਬਾਰਡੀਨੇਟ ਸਰਵਿਸਜ ਫੈਡਰੇਸ਼ਨ (ਵਿਗਿਆਨਿਕ) ਨੇ ਕੇਂਦਰੀ ਬਜਟ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਬਜਟ ਪਬਲਿਕ ਸੈਕਟਰ ਵਿਰੋਧੀ ਹੈ। ਸੂਬਾ ਪ੍ਰਧਾਨ ਗਗਨਦੀਪ ਸਿੰਘ ਭੁੱਲਰ ਤੇ ਸੂਬਾ ਸਕੱਤਰ ਐਨ ਡੀ ਤਿਵਾੜੀ , ਨਵਪ੍ਰੀਤ ਬੱਲੀ, ਮਨਜੀਤ ਸਿੰਘ ਲਹਿਰਾਂ ਨੇ ਕਿਹਾ ਕਿ ਸਿਹਤ ਤੇ ਸਿੱਖਿਆ ਲਈ ਇਸ ਬਜਟ ਵਿੱਚ ਕੁਝ ਵੀ ਨਹੀਂ ਹੈ। ਸਗੋਂ ਇਸ ਬਜਟ ਨੂੰ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਜਿਵੇਂ ਮੁੰਗੇਰੀ ਲਾਲ ਦੇ ਹੁਸੀਨ ਸੁਪਨੇ ਹੁੰਦੇ ਹਨ। ਮੁਲਾਜ਼ਮ ਵਰਗ ਨੂੰ ਆਸ ਸੀ ਕਿ ਨੌਂ ਸਾਲ ਤੋਂ ਇਨਕਮ ਟੈਕਸ ਦਾ ਦਾਇਰਾ ਨਾ ਛੂਹਣ ਵਾਲੀ ਮੋਦੀ ਸਰਕਾਰ ਸ਼ਾਇਦ ਅਗਲੇ ਸਾਲ ਲੋਕ ਸਭਾ ਚੋਣਾਂ ਹੋਣ ਕਾਰਨ ਟੈਕਸ ਸਲੈਬ ਛੋਟ ਦੱਸ ਲੱਖ ਤੱਕ ਕਰੇਗੀ ਪਰ ਸਰਕਾਰ ਨੇ ਪੁਰਾਣੀ ਟੈਕਸ ਸਕੀਮ ਵਿੱਚ ਛੋਟ ਦੇਣ ਦੀ ਬਜਾਏ ਸਿਰਫ ਨਵੀਂ ਟੈਕਸ ਸਕੀਮ ਤਹਿਤ ਹੀ ਸੱਤ ਲੱਖ ਕਰਕੇ ਊਠ ਦੇ ਮੂੰਹ ਵਿਚ ਜੀਰਾ ਪਾਉਣ ਵਾਲੀ ਗੱਲ ਹੀ ਕੀਤੀ ਹੈ। ਦੋ ਕਰੋੜ ਨੌਕਰੀਆਂ ਹਰ ਸਾਲ ਪੈਦਾ ਕਰਨ ਦਾ ਵਾਅਦਾ ਕਰਨ ਵਾਲੀ ਸਰਕਾਰ ਦੱਸ ਲੱਖ ਨੌਕਰੀਆਂ ਦੀ ਗੱਲ ਹੀ ਇਸ ਬਜਟ ਵਿਚ ਕਰ ਰਹੀ ਹੈ। ਖੇਤੀ ਵਿਚ ਆਮਦਨ ਦੁੱਗਣੀ ਕਰਨ ਦੇ ਵਾਅਦੇ ਤੋਂ ਸਰਕਾਰ ਇਸ ਬਜਟ ਵਿਚ ਮੁਨਕਰ ਹੋਈ ਹੈ। ਇਹ ਬਜਟ ਵੀ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਮੁੱਖ ਰੱਖ ਕੇ ਹੀ ਤਿਆਰ ਕੀਤਾ ਗਿਆ ਹੈ। ਇਸ ਮੌਕੇ ਸੁਰਿੰਦਰ ਕੰਬੋਜ, ਬਿਕਰਮਜੀਤ ਸਿੰਘ, ਭੁਪਿੰਦਰ ਪਾਲ ਕੌਰ , ਸੋਮ ਸਿੰਘ, ਜਤਿੰਦਰ ਸਿੰਘ ਸੋਨੀ , ਗੁਲਜਾਰ ਖਾਨ, ਕੰਵਲਜੀਤ ਸੰਗੋਵਾਲ, ਸੁਖਵਿੰਦਰ ਸਿੰਘ ਦੋਦਾ, ਜਤਿੰਦਰ ਸਿੰਘ, ਪ੍ਰਗਟ ਸਿੰਘ ਜੰਬਰ, ਜੰਗ ਬਹਾਦਰ ਸਿੰਘ ਫਰੀਦਕੋਟ, ਜਗਤਾਰ ਸਿੰਘ, ਜਗਦੀਪ ਸਿੰਘ ਜੌਹਲ, ਬਿੱਕਰ ਸਿੰਘ ਮਾਖਾ, ਸਿਕੰਦਰ ਸਿੰਘ ਢੇਰ, ਸੁੱਚਾ ਸਿੰਘ ਚਾਹਲ , ਹਰਮਿੰਦਰ ਸਿੰਘ , ਕਰਮਦੀਨ ਖਾਨ, ਅਮਨਦੀਪ ਬਾਗਪੁਰੀ, ਮੇਜਰ ਸਿੰਘ ਬਲਵਿੰਦਰ ਸਿੰਘ ਕਾਲੜਾ ਰਮਨ ਗੁਪਤਾ, ਲਾਲ ਚੰਦ, ਜਰਨੈਲ ਜੰਡਾਲੀ ਵੱਲੋਂ ਇਸ ਬਜਟ ਨੂੰ ਮੁਲਾਜਮ ਵਿਰੋਧੀ ਗਰਦਾਨਿਆ ਗਿਆ।

ਬਲੱਡ ਬੈਂਕ ਵਿਖੇ ਲਗਾਇਆ 398ਵਾਂ ਦੰਦਾਂ ਤੇ ਜਬਾੜਿਆਂ ਦਾ ਫ੍ਰੀ ਕੈਂਪ

ਫਗਵਾੜਾ (ਡਾ. ਰਮਨ) ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਚੇਅਰਮੈਨ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਬਲੱਡ ਬੈਂਕ 'ਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਯਾਦ ਵਿਚ 398ਵਾਂ ਦੰਦਾਂ ਦੀਆਂ ਬਿਮਾਰੀਆਂ ਅਤੇ ਜਬਾੜਿਆਂ ਦਾ ਫਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖਰੇਖ ਹੇਠ ਲਗਾਇਆ ਗਿਆ। ਜਿਸਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ ਐਸ.ਐਮ.ਓ. ਫਗਵਾੜਾ ਡਾ. ਲੈਂਬਰ ਰਾਮ ਵਲੋਂ ਕੀਤਾ ਗਿਆ। ਉਹਨਾਂ ਦੇ ਨਾਲ ਜਨਰਲ ਸਰਜਨ ਡਾ. ਰਵੀ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਮੁੱਖ ਮਹਿਮਾਨ ਡਾ. ਲੈਂਬਰ ਰਾਮ ਨੇ 6 ਨਵੇਂ ਤਿਆਰ ਕੀਤੇ ਜਬਾੜੇ ਲੋੜਵੰਦਾਂ ਨੂੰ ਵੰਡਦੇ ਹੋਏ ਬਲੱਡ ਬੈਂਕ ਵਲੋਂ ਸਮਾਜ ਸੇਵਾ ਵਿਚ ਪਾਏ ਜਾ ਰਹੇ ਵਢਮੁੱਲੇ ਯੋਗਦਾਨ ਅਤੇ ਸੀ.ਐਮ.ਸੀ. ਹਸਪਤਾਲ ਦੇ ਮਾਹਿਰ ਡਾਕਟਰਾਂ ਵਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਮਹੀਨੇ ਵਿਚ ਦੋ ਵਾਰ ਲਗਾਇਆ ਜਾ ਰਿਹਾ ਇਹ ਕੈਂਪ ਖਾਸ ਤੌਰ ਤੇ ਬਜੁਰਗਾਂ ਲਈ ਬਹੁਤ ਲਾਹੇਵੰਦ ਹੈ। ਕੈਂਪ ਦੌਰਾਨ ਸੀ.ਐਮ.ਸੀ. ਲੁਧਿਆਣਾ ਦੀ 25 ਮੈਂਬਰੀ ਟੀਮ ਨੇ ਡਾ. ਰੀਚਰਡ ਗਿਲ ਦੀ ਅਗਵਾਈ ਹੇਠ 114 ਮਰੀਜਾਂ ਦੇ ਦੰਦਾਂ ਅਤੇ ਜਬਾੜਿਆਂ ਦਾ ਮੁਆਇਨਾ ਕੀਤਾ। ਡਾਕਟਰਾਂ ਵਲੋਂ ਲੋੜਵੰਦਾਂ ਦੇ ਦੰਦਾ ਦੀ ਸਫਾਈ ਤੇ ਭਰਾਈ ਤੋਂ ਇਲਾਵਾ ਮਰੀਜਾਂ ਦੇ ਖਰਾਬ ਦੰਦਾਂ ਨੂੰ ਬਾਹਰ ਕੱਢਿਆ ਗਿਆ। ਲੋੜਵੰਦਾਂ ਨੂੰ ਫਰੀ ਦਵਾਈਆਂ ਵੀ ਦਿੱਤੀਆਂ ਗਈਆਂ। 15 ਮਰੀਜਾਂ ਦੇ ਨਵੇਂ ਜਬਾੜੇ ਲਗਾਉਣ ਦੀ ਪਹਿਲੀ ਪ੍ਰਕ੍ਰਿਆ ਪੂਰੀ ਕੀਤੀ ਗਈ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 15 ਫਰਵਰੀ ਨੂੰ ਲਗਾਇਆ ਜਾਵੇਗਾ। ਇਸ ਮੌਕੇ ਵਿਸ਼ਵਾ ਮਿੱਤਰ ਸ਼ਰਮਾ, ਕ੍ਰਿਸ਼ਨ ਕੁਮਾਰ, ਮੋਹਨ ਲਾਲ ਤਨੇਜਾ, ਗੁਲਸ਼ਨ ਕਪੂਰ, ਗੁਲਾਬ ਸਿੰਘ ਠਾਕੁਰ, ਕੁਲਦੀਪ ਦੁੱਗਲ, ਸੁਧਾ ਬੇਦੀ, ਨਰਿੰਦਰ ਸਿੰਘ ਸੈਣੀ, ਰੂਪ ਲਾਲ, ਅਮਰਜੀਤ ਕੁਮਾਰ, ਅਮਰਜੀਤ ਡਾਂਗ, ਰਮਨ ਨਹਿਰਾ ਤੇ ਪਰਮਜੀਤ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

ਗੋਬਿੰਦਪੁਰਾ ਫੋਕਲ ਪੁਆਇੰਟ ਦਾ ਹਸਪਤਾਲ 5 ਦਿਨਾਂ ਤੋਂ ਬੰਦ, ਕਿਸਾਨ ਯੂਨੀਅਨ ਨੇ ਲਗਾਇਆ ਧਰਨਾ

ਬਰੇਟਾ (ਰੀਤਵਾਲ) : ਅੱਧੀ ਦਰਜਨ ਤੋਂ ਜ਼ਿਆਦਾ ਪਿੰਡਾਂ ਨੂੰ ਮੁਢਲੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲਾ ਪਿੰਡ ਗੋਬਿੰਦਪੁਰਾ ਦੇ ਫੋਕਲ ਪੁਆਇੰਟ ਦਾ ਸਰਕਾਰੀ ਹਸਪਤਾਲ ਕਿਸੇ ਕਾਰਨਾਂ ਕਰਕੇ ਪਿਛਲੇ 5 ਦਿਨਾਂ ਤੋਂ ਬੰਦ ਕਰਕੇ ਤਾਲਾ ਲਗਾ ਦਿੱਤਾ ਗਿਆ ਹੈ , ਜਿਸ ਦੇ ਵਿਰੋਧ ਵਜੋਂ ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ 'ਚ ਸਮੁੱਚੇ ਪਿੰਡ ਦਾ ਇੱਕਠ ਕਰਕੇ ਹਸਪਤਾਲ ਦੇ ਗੇਟ ਅੱਗੇ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਇਹ ਹਸਪਤਾਲ ਬੰਦ ਹੋਣ ਨਾਲ ਤਕਰੀਬਨ ਛੇ ਪਿੰਡਾਂ ਦੇ ਲੋਕਾਂ ਪ੍ਰਭਾਵਿਤ ਹੋਏ ਹਨ । ਇਸ ਹਸਪਤਾਲ 'ਚ ਇੱਕ ਐਮ ਬੀ ਬੀ ਐੱਸ ਡਾਕਟਰ ਇੱਕ ਫਾਰਮਾਸਿਸਟ, ਦਰਜਾ 4 ਦਾ ਮੁਲਾਜ਼ਮ ਨੌਕਰੀ ਕਰਦੇ ਸਨ । ਜਿਨ੍ਹਾਂ ਨੂੰ ਇਥੋ ਕਿਤੇ ਹੋਰ ਤਬਦੀਲ ਕਰ ਦਿੱਤਾ ਹੈ । ਪੰਜਾਬ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਨ ਲਈ ਮੁਹੱਲਾ ਕਲੀਨਿਕ ਦੇ ਨਾਂਅ ਥੱਲੇ ਅੱਗੇ ਵਧਾ ਰਹੀ ਹੈ । ਪਿੰਡਾਂ 'ਚ ਚੱਲ ਰਹੀਆਂ ਡਿਸਪੈਂਸਰੀਆਂ ਦੀ ਘਾਟ ਪੂਰੀ ਕਰਨ ਦੀ ਬਜਾਏ ਉਲਟਾ ਉਨ੍ਹਾਂ ਨੂੰ ਬੰਦ ਕੀਤਾ ਜਾ ਰਿਹਾ ਹੈ । ਗੋਬਿੰਦਪੁਰਾ ਹਸਪਤਾਲ ਨੂੰ ਚਾਲੂ ਕਰਵਾਉਣ ਸੰਘਰਸ਼ ਜਾਰੀ ਰੱਖਿਆ ਜਾਵੇਗਾ । ਇਸ ਮੌਕੇ ਮੇਜਰ ਸਿੰਘ ਗੋਬਿੰਦਪੁਰਾ, ਹਰਪਾਲ ਸਿੰਘ ਦਾਰਾ, ਸੁਖਮੰਦਰ ਕੌਰ, ਗੁਰਮੇਲ ਕੌਰ, ਮਹਿੰਦਰ ਕੌਰ, ਬਲਦੇਵ ਮੈਂਬਰ, ਮੈਂਬਰ ਰੂਪ ਸਿੰਘ ਵੀ ਹਾਜ਼ਰ ਸਨ। ਦੂਸਰੇ ਪਾਸੇ ਇਸ ਸੰਬੰਧੀ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਕਿਸੇ ਵੀ ਕੀਮਤ 'ਤੇ ਗੋਬਿੰਦਪੁਰਾ ਫੋਕਲ ਪੁਆਇੰਟ ਹਸਪਤਾਲ ਬੰਦ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਫੋਕਲ ਪੁਆਇੰਟ ਹਸਪਤਾਲ ਪੇਂਡੂ ਵਿਕਾਸ ਜ਼ਿਲ੍ਹਾ ਪ੍ਰੀਸ਼ਦ ਅਧੀਨ ਆਉਂਦਾ ਹੈ। ਇਸ ਸੰਬੰਧੀ ਸਿਹਤ ਮੰਤਰੀ ਨੂੰ ਤੁਰੰਤ ਸਟਾਫ ਭੇਜਣ ਦੀ ਮੰਗ ਕੀਤੀ ਜਾ ਰਹੀ ਹੈ।

ਲੋਕ ਸੇਵਾ ਸੁਸਾਇਟੀ ਵੱਲੋਂ ਹਰੀਸ਼ ਗੁਪਤਾ ਜੈਪੁਰ ਦਾ ਸਨਮਾਨ

ਜਗਰਾਉਂ (ਅਮਿਤ ਖੰਨਾ)-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਅੱਜ ਦਾਨੀ ਸੱਜਣ ਹਰੀਸ਼ ਗੁਪਤਾ ਜੈਪੁਰ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਸਰਪ੍ਰਸਤ ਰਾਜਿੰਦਰ ਜੈਨ, ਪ੍ਰਧਾਨ ਕੰਵਲ ਕੱਕੜ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਅੱਜ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਉਂ ਵਿਖੇ ਜਗਰਾਉਂ ਦੇ ਜੰਮਪਲ ਤੇ ਹਾਲ ਨਿਵਾਸੀ ਜੈਪੁਰ ਹਰੀਸ਼ ਗੁਪਤਾ ਦਾ ਸੁਸਾਇਟੀ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਕੰਵਲ ਕੱਕੜ ਨੇ ਕਿਹਾ ਕਿ ਹਰੀਸ਼ ਗੁਪਤਾ ਜਗਰਾਉਂ ਦਾ ਜਨਮ ਜਗਰਾਉਂ ਵਿਖੇ ਹੋਇਆ ਅਤੇ ਅੱਜਕੱਲ੍ਹ ਉਹ ਜੈਪੁਰ 'ਚ ਆਪਣਾ ਕਾਰੋਬਾਰ ਚਲਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਪਰਵਾਰ ਨੇ ਜੈਪੁਰ ਹੁੰਦੇ ਹੋਏ ਜਗਰਾਉਂ ਨਾਲ ਆਪਣਾ ਰਾਬਤਾ ਕਾਇਮ ਰੱਖਦਿਆਂ ਪਰਵਾਰ ਵੱਲੋਂ ਹਰੇਕ ਸਾਲ ਸੁਸਾਇਟੀ ਨੂੰ ਸਮਾਜ ਸੇਵੀ ਕੰਮਾਂ ਦੀ ਆਰਥਕ ਮਦਦ ਦਿੰਦੇ ਆ ਰਹੇ ਹਨ। ਇਸ ਮੌਕੇ ਹਰੀਸ਼ ਗੁਪਤਾ ਨੇ ਸੁਸਾਇਟੀ ਵੱਲੋਂ ਕੀਤੇ ਜਾ ਕੰਮਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਦਾਨੀ ਪਰਵਾਰਾਂ ਨੂੰ ਦਾਨ ਦੇਣ 'ਚ ਕੋਈ ਮੁਸ਼ਕਲ ਨਹੀਂ ਪਰ ਇਹ ਦਿਲੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦਾ ਦਿੱਤਾ ਦਾਨ ਜ਼ਰੂਰਤਮੰਦ ਲੋਕਾਂ ਤੱਕ ਪੁੱਜਦਾ ਹੋਵੇ। ਉਨ੍ਹਾਂ ਭਰੋਸਾ ਦਿੱਤਾ ਕਿ ਪਹਿਲਾਂ ਵਾਂਗ ਹੀ ਉਹ ਸੁਸਾਇਟੀ ਨੂੰ ਹਰ ਸੰਭਵ ਮਦਦ ਦਿੰਦੇ ਰਹਿਣਗੇ। ਇਸ ਮੌਕੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਸੀਨੀਅਰ ਵਾਈਸ ਪ੍ਰਧਾਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪੀ ਆਰ ਓ ਸੁਖਦੇਵ ਗਰਗ ਤੇ ਨੀਰਜ ਮਿੱਤਲ, ਰਾਜਿੰਦਰ ਜੈਨ ਕਾਕਾ, ਲਾਕੇਸ਼ ਟੰਡਨ, ਪ੍ਰਿੰਸੀਪਲ ਚਰਨਜੀਤ ਸਿੰਘ ਭੰਡਾਰੀ, ਅਨਿਲ ਮਲਹੋਤਰਾ, ਵਿਨੋਦ ਬਾਂਸਲ, ਆਰ ਕੇ ਗੋਇਲ, ਪ੍ਰਸ਼ੋਤਮ ਅਗਰਵਾਲ, ਮੁਕੇਸ਼ ਗੁਪਤਾ, ਡਾ. ਬੀ ਬੀ ਬਾਂਸਲ ਆਦਿ ਹਾਜ਼ਰ ਸਨ।

ਯਾਦਵਿੰਦਰਾ ਸਾਇੰਸਜ਼ ਵਿਭਾਗ ਨੇ ਕਰਵਾਏ ਵਿੱਦਿਅਕ ਮੁਕਾਬਲੇ

ਤਲਵੰਡੀ ਸਾਬੋ (ਜਗਦੀਪ ਗਿੱਲ) : ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਪੰਜਾਬ ਦਾ ਉਹ ਨਾਮਵਰ ਵਿੱਦਿਅਕ ਲੋਕ ਅਦਾਰਾ ਹੈ ਜੋ ਸਾਇੰਸ, ਇੰਜਨੀਅਰਿੰਗ, ਐਮ ਬੀ ਏ, ਕਾਮਰਸ, ਭਾਸ਼ਾਵਾਂ ਅਤੇ ਸਮਾਜਕ ਵਿਗਿਆਨ ਦੇ ਵੱਖ-ਵੱਖ ਕੋਰਸ ਬਹੁਤ ਹੀ ਵਾਜਬ ਫੀਸਾਂ 'ਤੇ ਕਰਵਾਉਂਦਾ ਆ ਰਿਹਾ ਹੈ। ਇਹ ਕੈਂਪਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਇੱਕ ਵੱਡਾ ਪ੍ਰਤੀਕ ਹੈ। ਇਸ ਕੈਂਪਸ ਦੇ ਪੰਜ ਵਿਭਾਗ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਕੋਈ ਨਾ ਕੋਈ ਪ੍ਰੋਗਰਾਮ ਕਰਵਾਉਂਦੇ ਰਹਿੰਦੇ ਹਨ। ਪਿਛਲੇ ਦਿਨੀਂ ਇਸੇ ਦੀ ਲਗਾਤਾਰਤਾ 'ਚ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ ਗਣਤੰਤਰ ਦਿਵਸ ਨੂੰ ਸਮਰਪਤ ਇੱਕ ਪ੍ਰੇਰਨਾਦਾਇਕ ਸਮਾਰੋਹ ਕਰਵਾਇਆ ਗਿਆ।

ਇਸ ਤਹਿਤ ਵਿਦਿਆਰਥੀਆਂ ਨੂੰ ਗਣਤੰਤਰ ਦਿਵਸ ਦੀ ਮਹੱਤਤਾ ਤੇ ਭਾਸ਼ਣ ਅਤੇ ਅਤੇ ਨਾਅਰਾ-ਲੇਖਣੀ ਮੁਕਾਬਲੇ ਕਰਵਾਏ ਗਏ। ਇਸ ਦੇ ਨਾਲ ਹੀ ਪੱਚੀ ਜਨਵਰੀ ਨੂੰ ਕੌਮੀ ਵੋਟਰ ਦਿਵਸ ਹੋਣ ਕਾਰਨ "ਪੇਂਡੂ ਵੋਟਰਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕਰਨਾ" ਦੇ ਵਿਸ਼ੇ 'ਤੇ ਵੀ ਨਾਅਰਾ-ਲੇਖਣੀ ਮੁਕਾਬਲੇ ਕਰਵਾਏ,ਜਿਸ 'ਚ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਉਪਰੰਤ ਨੋਡਲ ਅਫਸਰ ਡਾ. ਬਲਜਿੰਦਰ ਕੌਰ ਨੇ ਗਣਤੰਤਰ ਅਤੇ ਕੌਮੀ ਵੋਟਰ ਦਿਵਸ ਮਨਾਉਣ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਕੈਂਪਸ ਡਾਇਰੈਕਟਰ ਪ੍ਰੋਫੇਸਰ (ਡਾ.) ਜਸਬੀਰ ਸਿੰਘ ਹੁੰਦਲ ਦੀ ਸਰਪ੍ਰਸਤੀ 'ਚ ਕਰਵਾਏ ਇਸ ਪ੍ਰੋਗਰਾਮ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਭਾਰਤ ਦੇ ਸੰਵਿਧਾਨ ਦੇ ਸਰੂਪ ਅਤੇ ਉਦੇਸ਼ਾ ਪ੍ਰਤੀ ਜਾਗਰੂਕ ਕਰਨਾ ਸੀ। ਇਸ ਦੌਰਾਨ ਵਿਭਾਗ ਦੇ ਮੁਖੀ ਡਾ. ਅੰਜੂ ਸੈਣੀ ਨੇ ਵਿਦਿਆਰਥੀਆਂ ਨੂੰ ਵਿੱਦਿਅਕ ਪ੍ਰਾਪਤੀਆਂ ਦੇ ਨਾਲ-ਨਾਲ ਰਾਸ਼ਟਰ ਨਿਰਮਾਣ ਕਰਨ ਲਈ ਇਕ ਸੰਵੇਦਨਸ਼ੀਲ ਤੇ ਉਸਾਰੂ ਨਾਗਰਿਕ ਬਣਨ ਲਈ ਉਤਸ਼ਾਹਤ ਕੀਤਾ।

ਪ੍ਰੋਗਰਾਮ ਦੇ ਅਖੀਰ 'ਚ ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ । ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਦਿਵਿਆ ਤਨੇਜਾ, ਮੈਡਮ ਅਨੂਬਾਲਾ ਅਤੇ ਵਿਦਿਆਰਥੀਆਂ ਨੇ ਪ੍ਰੋਗਰਾਮ 'ਚ ਸ਼ਿਰਕਤ ਕੀਤੀ।

ਕਾਤਰਾਂ

ਪੰਜ ਸਾਲਾ ਬੱਚੇ ਗੁਰਨੂਰ ਦੀ ਛੱਤ ਤੋਂ ਡਿੱਗ ਕੇ ਹੋਈ ਮੌਤ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ) ਪਿੰਡ ਪੰਡੋਰੀ ਨਾਲ ਸਬੰਧਤ ਇਕ ਪੰਜ ਸਾਲਾ ਬੱਚੇ ਦੀ ਘਰ ਦੀ ਛੱਤ ਉਪਰੋਂ ਡਿੱਗਣ ਨਾਲ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਤੋਂ ਬਾਅਦ ਫਰੀਦਕੋਟ ਦੇ ਹਸਪਤਾਲ ਵਿਖੇ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ। ਡਾਕਟਰ ਹਰਬੰਸ ਸਿੰਘ ਗੁਰਮਾਂ ਨੇ ਦੱਸਿਆ ਕਿ ਪੰਜ ਸਾਲਾ ਬੱਚਾ ਗੁਰਨੂਰ ਸਿੰਘ ਹੈਰੀ ਪੁੱਤਰ ਪਰਗਟ ਸਿੰਘ ਵਾਸੀ ਪੰਡੋਰੀ ਜੋ ਆਪਣੀ ਮਾਂ ਨਾਲ ਨਾਨਕੇ ਪਿੰਡ ਸੰਘੇੜਾ ਵਿਖੇ ਮਿਲਣ ਗਿਆ ਹੋਇਆ ਸੀ। ਮਕਾਨ ਦੀ ਛੱਤ ਉਪਰੋਂ ਖੇਡਦੇ ਸਮੇਂ ਹੇਠਾਂ ਡਿੱਗਣ 'ਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਜਾਣ ਤੋਂ ਬਾਅਦ ਸਿਵਲ ਹਸਪਤਾਲ ਬਰਨਾਲਾ ਵਿਖੇ ਭਰਤੀ ਕਰਾਇਆ ਗਿਆ, ਜਿਥੇ ਡਾਕਟਰਾਂ ਨੇ ਗੰਭੀਰ ਹਾਲਤ ਨੂੰ ਦੇਖਦਿਆਂ ਬੱਚੇ ਨੂੰ ਫ਼ਰੀਦਕੋਟ ਹਸਪਤਾਲ ਲਈ ਰੈਫਰ ਕਰ ਦਿੱਤਾ, ਜਿੱਥੇ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆ ਦਮ ਤੋੜ ਗਿਆ। ਇਸ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਕਿਸਾਨ ਆਗੂ ਰਾਜਪਾਲ ਸਿੰਘ ਬੋਪਾਰਾਏ, ਜਗਰੂਪ ਸਿੰਘ ਖੁਰਦ, ਜਗਦੇਵ ਸਿੰਘ ਪੰਡੋਰੀ, ਬਲਜੀਤ ਸਿੰਘ ਸਿੱਧੂ ਨੇ ਇਸ ਦੁਖਦਾਈ ਘਟਨਾ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੀੜਤ ਪਰਵਾਰ ਨੂੰ ਮਿਲ ਕੇ ਦੁੱਖ ਸਾਂਝਾ ਕੀਤਾ ਹੈ।

ਸਫਾਈ ਸੇਵਕ ਯੂਨੀਅਨ ਵੱਲੋਂ ਨਵੇਂ ਪ੍ਰਧਾਨ ਅਤੇ ਸੀਨੀ. ਮੀਤ ਪ੍ਰਧਾਨ ਦੀ ਚੋਣ ਦਾ ਸਵਾਗਤ

ਮਾਨਸਾ (ਆਤਮਾ ਸਿੰਘ ਪਮਾਰ) : ਸਫਾਈ ਸੇਵਕ ਯੂਨੀਅਨ ਵੱਲੋਂ ਦਫਤਰ ਨਗਰ ਕੌਂਸਲ, ਮਾਨਸਾ ਵਿਖੇ ਨਵੇਂ ਚੁਣੇ ਗਏ ਪ੍ਰਧਾਨ ਵਿਜੈ ਕੁਮਾਰ, ਸੀਨੀਅਰ ਮੀਤ ਸੁਨੀਲ ਕੁਮਾਰ ਨੀਨੂ ਅਤੇ ਮੀਤ ਪ੍ਰਧਾਨ ਕ੍ਰਿਸ਼ਨ ਕੁਮਾਰ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਚਰਨਜੀਤ ਸਿੰਘ ਅੱਕਾਂਵਾਲੀ, ਇੰਚਾਰਜ ਗੁਰਪ੍ਰੀਤ ਸਿੰਘ ਭੁੱਚਰ ਅਤੇ ਸ਼ਹਿਰੀ ਪ੍ਰਧਾਨ ਕਮਲ ਗੋਇਲ ਦਾ ਨਗਰ ਕੌਂਸਲ ਦੇ ਸਮੂਹ ਸਫਾਈ ਸੇਵਕ ਯੂਨੀਅਨ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੀਨੀਅਰ ਮੀਤ ਪ੍ਰਧਾਨ ਸੁਨੀਲ ਨੀਨੂ ਨੇ ਯੂਨੀਅਨ ਨੂੰ ਵਿਸ਼ਵਾਸ ਦਿਵਾਇਆ ਕਿ ਜੋ ਵੀ ਯੂਨੀਅਨ ਦੇ ਰਹਿੰਦੇ ਕੰਮ ਹਨ ਉਹ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ।

ਪੰਡੋਰੀ ਨੇ ਨੌਜਵਾਨ ਆਗੂ ਜਗਮੋਹਣ ਸ਼ਾਹ ਦੀ ਸਿਹਤ ਦਾ ਹਾਲ ਚਾਲ ਪੁੱਛਿਆ

ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ,ਪ੍ਰਦੀਪ ਲੋਹਗੜ੍ਹ) : ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਹਲਕੇ ਦੇ ਪਿੰਡ ਰਾਇਸਰ ਵਿਖੇ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਸੁਸਾਇਟੀ ਰਜਿ: ਰਾਇਸਰ ਦੇ ਪ੍ਰਧਾਨ ਜਗਮੋਹਣ ਸ਼ਾਹ ਰਾਇਸਰ ਜੋ ਲੱਤ 'ਤੇ ਸੱਟ ਲੱਗਣ ਕਾਰਨ ਤਕਰੀਬਨ ਤਿੰਨ ਮਹੀਨੇ ਤੋਂ ਬੈਡ ਰੈਸਟ 'ਤੇ ਹਨ, ਉਨ੍ਹਾਂ ਦੀ ਸਿਹਤ ਦਾ ਹਾਲ ਚਾਲ ਪੁੱਛਿਆ। ਇਸ ਮੌਕੇ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੰਦਿਆਂ ਵਿਧਾਇਕ ਪੰਡੋਰੀ ਨੇ ਕਿਹਾ ਕਿ ਅਰਦਾਸ ਕਰਦੇ ਹਾਂ ਕਿ ਨੌਜਵਾਨ ਆਗੂ ਜਗਮੋਹਣ ਸ਼ਾਹ ਜਲਦੀ ਸਿਹਤਯਾਬ ਹੋ ਕੇ ਲੋਕ ਭਲਾਈ ਦੇ ਕਾਰਜਾਂ 'ਚ ਪਹਿਲਾਂ ਨਾਲੋਂ ਵਧੇਰੇ ਯੋਗਦਾਨ ਪਾਉਣ। ਇਸ ਮੌਕੇ ਉਨ੍ਹਾਂ ਨਾਲ ਬਿੰਦਰ ਸਿੰਘ ਖਾਲਸਾ ਨਿੱਜੀ ਸਕੱਤਰ, ਗੁਰਦੀਸ਼ ਸਿੰਘ ਗਿੱਲ, ਗੁਰਤੇਜ ਸਿੰਘ ਢਿੱਲੋਂ, ਮਨਜੀਤ ਸਿੰਘ ਭੱਠਲ, ਜਗਦੇਵ ਸਿੰਘ ਸੈਟੀ, ਅਵਤਾਰ ਸਿੰਘ ਰਾਇਸਰ, ਦਰਸ਼ਨ ਸਿੰਘ ਪੰਡੋਰੀ ਮੌਜੂਦ ਸਨ । ਪ੍ਰਧਾਨ ਜਗਮੋਹਣ ਸ਼ਾਹ ਦੇ ਪਿਤਾ ਗੁਰਮੇਲ ਸ਼ਾਹ ਨੇ ਘਰ ਪਹੁੰਚਣ 'ਤੇ ਵਿਧਾਇਕ ਪੰਡੋਰੀ ਤੇ ਸਾਥੀਆਂ ਦਾ ਧੰਨਵਾਦ ਕੀਤਾ ।

ਡੀ ਟੀ ਐੱਫ ਵਜ਼ੀਫਾ ਪ੍ਰੀਖਿਆ ਸੰਪੰਨ

ਲੌਂਗੋਵਾਲ (ਪ੍ਰਦੀਪ ਸੱਪਲ ਕੁਲਦੀਪ ਅਤਰੀ) : ਅਧਿਆਪਕਾਂ ਦੀ ਸਿਰਮੌਰ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੀ ਜ਼ਿਲ੍ਹਾ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਦੇ ਮਨਾਂ ਵਿੱਚ ਗੌਰਵਮਈ ਵਿਰਸੇ ਪ੍ਰਤੀ ਮਾਣ ਪੈਦਾ ਕਰਨ ਹਿੱਤ , ਨਕਲ ਰਹਿਤ ਪ੍ਰੀਖਿਆਵਾਂ ਦਾ ਰੁਝਾਨ ਪੈਦਾ ਕਰਨ ਅਤੇ ਪ੍ਰੀਖਿਆਵਾਂ ਦਾ ਡਰ ਖਤਮ ਕਰਨ ਹਿੱਤ ਮਹਾਨ ਸਮਾਜ ਸੁਧਾਰਕ ਅਤੇ ਔਰਤਾਂ ਦੀ ਸਿੱਖਿਆ ਨੂੰ ਸਮਰਪਤ ਸਵਿਤਰੀ ਬਾਈ ਫੂਲੇ ਅਤੇ ਫਾਤਿਮਾ ਬੇਗ ਨੂੰ ਸਮਰਪਤ ਡੀ ਟੀ ਐੱਫ ਪ੍ਰੀਖਿਆ ਚੀਮਾਂ ਬਲਾਕ ਦੇ ਵੱਖ ਵੱਖ ਸਕੂਲਾਂ ਵਿੱਚ ਲਈ ਗਈ। ਇਸ ਪ੍ਰੀਖਿਆ ਵਿੱਚ ਬਲਾਕ ਚੀਮਾਂ ਵਿੱਚ ਬੱਚਿਆਂ ਦੀ ਸਹੂਲਤ ਲਈ ਮੁੱਖ ਪ੍ਰੀਖਿਆ ਸੈਂਟਰ ਸ਼ਹੀਦ ਭਾਈ ਮਤੀ ਦਾਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਲੌਂਗੋਵਾਲ, ਸ ਸ ਸ ਸ ਧਰਮਗੜ੍ਹ, ਸ ਅ ਸ ਰੱਤੋਕੇ ਸੈਂਟਰ ਬਣਾਏ ਗਏ ਅਤੇ ਬਾਕੀ ਸਬ ਸੈਂਟਰ ਸ ਪ੍ਰ ਸ ਬਹਾਦਰਪੁਰ, ਸ ਪ ਸ ਸ਼ੇਰੋਂ ਬਣਾਏ ਗਏ ਸਨ। ਸ ਸ ਸ ਸ ਲੌਂਗੋਵਾਲ ਵਿਖੇ ਪਰਵਿੰਦਰ ਉਭਾਵਾਲ, ਜੁਝਾਰ ਲੌਂਗੋਵਾਲ, ਜੋਰਾ ਸਿੰਘ ਵਾਲੀਆ, ਜਗਸੀਰ ਸਿੰਘ ਝਾੜੋਂ, ਗੁਰਵਿੰਦਰ ਸਿੰਘ, ਗੁਰਮੀਤ ਖਾਨ, ਪ੍ਰੀਤਪਾਲ ਸ਼ੇਰੋਂ, ਮੱਖਣ ਸ਼ੇਰੋਂ, ਦਵਿੰਦਰ ਸਿੰਘ ਮਾਨ, ਜੁਗਰਾਜ ਸਿੰਘ, ਮੈਡਮ ਰੇਨੂੰ ਬਾਲਾ, ਕਿਰਪਾਲ ਸਿੰਘ, ਮਿੱਠੂ ਸਿੰਘ, ਰਾਜ ਕੁਮਾਰ ਹਾਜ਼ਰ ਸਨ । ਸ਼ੇਰੋਂ ਵਿਖੇ ਜਸਵੀਰ ਨਮੋਲ, ਮੇਜਰ ਸਿੰਘ ਨੇ ਡਿਊਟੀ ਨਿਭਾਈ । ਧਰਮਗੜ੍ਹ ਵਿਖੇ ਬਲਜੀਤ ਨਮੋਲ, ਜਗਵਿੰਦਰ ਨਮੋਲ ਨੇ ਡਿਊਟੀ ਦਿੱਤੀ । ਰੱਤੋਕੇ ਵਿਖੇ ਗਗਨਦੀਪ ਸਿੰਘ ਭੰਗੂ, ਸੁਰਿੰਦਰ ਸਿੰਘ, ਜਗਤਾਰ ਸਿੰਘ, ਚੰਦਰ ਸ਼ੇਖਰ ਹਾਜ਼ਰ ਸਨ । ਬਹਾਦਰਪੁਰ ਵਿਖੇ ਸਤਨਾਮ ਉਭਾਵਾਲ, ਮੈਡਮ ਮਨੀਸ਼ਾ ਰਾਣੀ, ਹਰਪ੍ਰੀਤ ਸਿੰਘ ਬਹਾਦਰਪੁਰ ਹਾਜ਼ਰ ਸਨ ।

ਪੈਨਸ਼ਨਰਜ਼ ਮੇਲਾ ਰੂਪ ਸਿੰਘ ਰੂਪਾ ਨੂੰ ਸਮਰਪਤ ਹੋਵੇਗਾ, ਮੀਟਿੰਗ ਦਾ ਫੈਸਲਾ

ਲੁਧਿਆਣਾ (ਐਮ ਐਸ ਭਾਟੀਆ, ਰੈਕਟਰ ਕਥੂਰੀਆ) : ਪੀ ਏ ਯੂ ਪੈਨਸ਼ਨਰਜ਼ ਅਤੇ ਰਿਟਾਇਰੀਜ਼ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਡੀ ਪੀ ਮੌੜ ਦੀ ਪ੍ਰਧਾਨਗੀ ਹੇਠ ਹੋਈ। ਜਨਰਲ ਸਕੱਤਰ ਜੇ ਐਲ ਨਾਰੰਗ ਦੇ ਸੁਝਾਅ ਅਤੇ ਸਰਬਸੰਮਤੀ ਨਾਲ ਫੈਸਲਾ ਹੋਇਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪੈਨਸ਼ਨਰਜ਼ ਮੇਲਾ ਹੁੰਮਹੁਮਾ ਕੇ ਲਾਇਆ ਜਾਵੇਗਾ। ਮੇਲਾ ਸਾਬਕਾ ਪ੍ਰਧਾਨ ਰੂਪ ਸਿੰਘ ਰੂਪਾ ਨੂੰ ਸਮਰਪਤ ਕੀਤਾ ਜਾਵੇਗਾ। ਯਾਦ ਰਹੇ ਰੂਪ ਸਿੰਘ ਰੂਪਾ ਯੂਨੀਵਰਸਟੀ ਮੁਲਾਜ਼ਮਾਂ ਨੂੰ ਪੈਨਸ਼ਨ ਦਾ ਹੱਕ ਦਿਵਾਉਣ ਵਾਲਿਆਂ ਦੇ ਮੋਢੀ ਆਗੂ ਵਜੋਂ ਜਾਣੇ ਜਾਂਦੇ ਰਹੇ ਹਨ ਤੇ ਪਿਛਲੇ ਸਾਲ 25 ਦਸੰਬਰ ਨੂੰ ਉਹ ਸਦੀਵੀ ਵਿਛੋੜਾ ਦੇ ਗਏ ਸਨ। ਪੈਨਸ਼ਨਰਜ਼ ਅਤੇ ਮੁਲਾਜ਼ਮਾਂ ਦਾ ਮੇਲਾ ਵੀ ਉਨ੍ਹਾ ਦੀ ਪਹਿਲ ਕਦਮੀ 'ਤੇ ਹੀ ਲਗਾਉਣਾ ਸ਼ੁਰੂ ਹੋਇਆ ਸੀ। ਅੱਜ ਦੀ ਮੀਟਿੰਗ ਵਿੱਚ ਇੱਕ ਮੇਲਾ ਕਮੇਟੀ ਬਣਾਈ ਗਈ ਜਿਸ ਦੇ ਕਨਵੀਨਰ ਚਰਨ ਸਿੰਘ ਗੁਰਮ ਨੂੰ ਬਣਾਇਆ ਗਿਆ। ਮੈਂਬਰਾਂ ਦੀਆਂ ਪ੍ਰਬੰਧਕੀ ਡਿਊਟੀਆਂ ਲਗਾਈਆਂ ਗਈਆਂ। ਤਿਆਰੀ ਵਜੋਂ ਅੱਠ ਫਰਵਰੀ ਨੂੰ ਜਨਰਲ ਬਾਡੀ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਵਿੱਚ ਡੀ ਪੀ ਮੌੜ ਨੇ ਉਪ ਕੁਲਪਤੀ ਪੀ ਏ ਯੂ ਨਾਲ ਹੋਈ ਸੀਨੀਅਰ ਜੂਨੀਅਰ ਦੇ ਕੇਸਾਂ ਸੰਬੰਧੀ ਰਿਪੋਰਟਿੰਗ ਕੀਤੀ। ਉਨ੍ਹਾ ਜਨਰਲ ਸਕੱਤਰ ਦੇ ਸੁਝਾਅ ਨਾਲ ਸਹਿਮਤ ਹੁੰਦਿਆਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਮੁਲਾਜ਼ਮਾਂ ਦੇ ਮਸਲਿਆਂ ਨੂੰ ਪਾੜੋ ਦੇ ਰਾਜ ਕਰੋ ਦੀ ਨੀਤੀ 'ਤੇ ਆ ਗਈ ਹੈ । ਮਿਸਾਲ ਵਜੋਂ ਗੁਰੂ ਅੰਗਦ ਦੇਵ ਯੂਨੀਵਰਸਟੀ ਦੇ ਮੁਲਾਜ਼ਮਾਂ ਦੇ ਬਣਦੇ ਨਵੇਂ ਸਕੇਲ ਬਕਾਇਦਾ ਬੇਰਹਿਮ ਤਰੀਕੇ ਨਾਲ ਲਟਕਾਏ ਜਾ ਰਹੇ ਹਨ। ਪੁਰਾਣੀ ਪੈਨਸ਼ਨ ਸਕੀਮ ਨੂੰ ਮੰਨ ਕੇ ਬੇਵਜ੍ਹਾ ਲਟਕਾਇਆ ਜਾ ਰਿਹਾ ਹੈ।

ਸੋ ਇਹ ਸਮੇਂ ਦੀ ਅਣਸਰਦੀ ਲੋੜ ਹੈ ਕਿ ਮਲਾਜ਼ਮ ਵੱਡੇ ਸਾਂਝੇ ਫਰੰਟ ਬਣਾ ਕੇ ਸੰਘਰਸ਼ ਕਰਨ। ਇਸੇ ਰੋਸ਼ਨੀ ਵਿੱਚ ਸਮੁੱਚੀ ਮੀਟਿੰਗ ਨੇ ਸਮੂਹ ਮਲਾਜ਼ਮ ਵਰਗਾਂ ਨੂੰ ਏਕੇ ਦਾ ਸੱਦਾ ਦਿੱਤਾ। ਮੀਟਿੰਗ ਵਿੱਚ ਪੀ ਏ ਯੂ ਇੰਪਲਾਈਜ਼ ਯੂਨੀਅਨ ਵੱਲੋਂ ਪ੍ਰਧਾਨ ਬਲਦੇਵ ਸਿੰਘ ਵਾਲੀਆ, ਜਨਰਲ ਸਕੱਤਰ ਮਨਮੋਹਨ ਸਿੰਘ ਤੋਂ ਇਲਾਵਾ ਗਡਵਾਸੂ ਇੰਪਲਾਈਜ਼ ਯੂਨੀਅਨ ਦੇ ਦੀਦਾਰ ਸਿੰਘ ਅਤੇ ਪੈਨਸ਼ਨਰਜ਼ ਦੇ ਪ੍ਰਧਾਨ ਸੱਭਰਵਾਲ ਸਮੇਤ ਜਨਰਲ ਸਕੱਤਰ ਰਾਜ ਪਾਲ ਵਰਮਾ ਹਾਜ਼ਰ ਹੋਏ। ਅੱਜ ਦੀ ਮੀਟਿੰਗ 'ਚ ਹੋਰਨਾ ਤੋਂ ਇਲਾਵਾ ਡਾ. ਗੁਲਜਾਰ ਸਿੰਘ ਪੰਧੇਰ, ਮੈਡਮ ਸਪਤਕਲਾ, ਅਵਿਨਾਸ਼ ਅਜੀਜ, ਸਤਨਾਮ ਸਿੰਘ ਕਾ. ਜੁਗਿੰਦਰ ਰਾਮ, ਜੇ ਸੀ ਬੁੱਧੀਰਾਜਾ, ਦਰਸ਼ਨ ਸਿੰਘ, ਇਕਬਾਲ ਸਿੰਘ, ਰਮੇਸ਼ ਮਸੰਦ, ਭਰਭੂਰ ਸਿੰਘ, ਜੈ ਪਾਲ, ਰਾਮ ਸਰਨ ਅਰੋੜਾ, ਗੁਲਸ਼ਨ ਰਾਇ ਸ਼ਾਮਲ ਹੋਏ।

ਡਾ. ਪਰਮਜੀਤ ਢੀਂਗਰਾ ਦੀ ਪੁਸਤਕ 'ਗੁਲਾਮੀ ਦੀ ਦਾਸਤਾਨ' ਲੋਕ ਅਰਪਣ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ ਚਾਵਲਾ) : ਅਮਰੀਕਾ ਤੇ ਹੋਰ ਮੁਲਕਾਂ 'ਚ ਗੁਲਾਮੀ ਪ੍ਰਥਾ ਦੌਰਾਨ ਸਦੀਆਂ ਤੱਕ ਮਨੁੱਖਾਂ 'ਤੇ ਹੋਏ ਗੈਰ ਮਨੁੱਖੀ ਤਸ਼ੱਦਦ ਦੇ ਚਸ਼ਮਦੀਦ ਗਵਾਹ ਵਜੋਂ ਵਿਚਰਨ ਵਾਲੇ ਲੇਖਕਾਂ ਬਾਰੇ ਡਾ. ਪਰਮਜੀਤ ਸਿੰਘ ਢੀਂਗਰਾ ਵੱਲੋਂ ਲਿਖੀ ਪੁਸਤਕ 'ਗੁਲਾਮੀ ਦੀ ਦਾਸਤਾਨ' ਸਾਹਿਤਕਾਰਾਂ ਵੱਲੋਂ ਲੋਕ-ਅਰਪਣ ਕੀਤੀ ਗਈ। ਇਸ ਮੌਕੇ ਸ਼ਾਇਰਾ ਭੁਪਿੰਦਰ ਕੌਰ ਪ੍ਰੀਤ, ਰਣਜੀਤ ਸਿੰਘ ਥਾਂਦੇਵਾਲਾ, ਕਹਾਣੀਕਾਰ ਗੁਰਸੇਵਕ ਸਿੰਘ ਪ੍ਰੀਤ, ਪ੍ਰੋ. ਗੁਰਪ੍ਰੀਤ ਸਿੰਘ ਸੰਗਰਾਣਾ, ਮਨਿੰਦਰ ਸਿੰਘ, ਗੁਰਬਾਜ਼ ਆਸਟ੍ਰੇਲੀਆ ਵੀ ਮੌਜੂਦ ਸਨ। ਪੁਸਤਕ ਬਾਰੇ ਆਪਣੇ ਤਜਰਬੇ ਸਾਂਝੇ ਕਰਦਿਆਂ ਡਾ. ਢੀਂਗਰਾ ਨੇ ਦੱਸਿਆ ਕਿ ਗੁਲਾਮ ਪ੍ਰਥਾ ਖਤਮ ਹੋਣ 'ਤੇ ਜਦੋਂ ਗੁਲਾਮਾਂ ਨੂੰ ਅਜ਼ਾਦ ਕਰ ਦਿੱਤਾ ਗਿਆ ਤਾਂ ਉਨ੍ਹਾਂ ਕੁਝ ਸਮਾਂ ਤਾਂ ਖੁਸ਼ੀ ਮਨਾਈ ਪਰ ਉਸ ਤੋਂ ਬਾਅਦ ਨਾ ਉਨ੍ਹਾਂ ਕੋਲ ਰੁਜ਼ਗਾਰ ਸੀ ਅਤੇ ਨਾ ਹੀ ਕੋਈ ਟਿਕਾਣਾ।

ਇਸ ਲਈ ਇਹ ਅਜ਼ਾਦੀ ਉਨ੍ਹਾਂ ਲਈ ਹੋਰ ਵੀ ਵੱਡੀ ਸਮੱਸਿਆ ਬਣ ਗਈ। ਇਨ੍ਹਾਂ ਵਿੱਚੋਂ ਕੁੱਝ ਇੱਕ ਨੇ ਆਪਣੇ ਅਨੁਭਵ ਤੇ ਅਹਿਸਾਸ ਸਾਂਝੇ ਕਰਨ ਲਈ ਸਾਹਿਤ ਦਾ ਰਾਹ ਚੁਣਿਆ। ਇਸ ਲਈ ਉਨ੍ਹਾਂ ਦੇ ਬੋਲਾਂ ਨੂੰ ਸੁਹਿਰਦ ਲੋਕਾਂ ਨੇ ਸ਼ਬਦਾਂ ਦਾ ਰੂਪ ਦਿੱਤਾ ਤੇ ਇਹ ਲਿਖਤਾਂ ਜਲਦੀ ਹੀ ਸਾਹਿਤ ਵਿੱਚ ਅਹਿਮ ਬਣ ਗਈਆਂ। ਕਈ ਲੇਖਕਾਂ ਨੂੰ ਵੱਡੇ ਇਨਾਮ - ਸਨਮਾਨ ਵੀ ਮਿਲੇ। ਇਸ ਪੁਸਤਕ ਵਿੱਚ ਦਰਜਨ ਭਰ ਲੇਖਕਾਂ ਦੇ ਵੇਰਵੇ ਤੇ ਰਚਨਾਵਾਂ ਸ਼ਾਮਲ ਹਨ। ਸਾਹਿਤਕ ਸੱਥ ਵੱਲੋਂ ਡਾ. ਢੀਂਗਰਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।

ਮਿਸ਼ਨ ਆਬਾਦ 30 ਤਹਿਤ ਪਿੰਡ ਮੌਜਮ ਤੇ ਮੁਹਾਰ ਖੀਵਾ 'ਚ ਕੈਂਪ ਆਯੋਜਤ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਜ਼ਿਲ੍ਹੇ ਦੇ ਸਰਹੱਦੀ ਪਿੰਡਾਂ ਦੇ ਸਰਵਪੱਖੀ ਵਿਕਾਸ ਦੇ ਉਦੇਸ਼ ਨਾਲ ਸ਼ੁਰੂ ਕੀਤੇ ਮਿਸ਼ਨ ਆਬਾਦ 30 ਤਹਿਤ ਜ਼ਿਲ੍ਹੇ ਦੇ ਪਿੰਡ ਮੌਜਮ ਅਤੇ ਮੁਹਾਰ ਖੀਵਾ ਵਿਖੇ ਲੋਕ ਸੁਵਿਧਾ ਕੈਂਪ ਲਾਏ ਗਏ। ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਆਈਏਐਸ ਤੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ. ਮਨਦੀਪ ਕੌਰ ਨੇ ਵਿਸ਼ੇਸ਼ ਤੌਰ 'ਤੇ ਪਿੰਡ ਮੌਜਮ ਵਿਖੇ ਪਹੁੰਚ ਕੇ ਇਸ ਕੈਂਪ ਦਾ ਜਾਇਜ਼ਾ ਲਿਆ ਤੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਉਨ੍ਹਾਂ ਨਾਲ ਐਸਪੀ ਸ੍ਰੀ ਮੋਹਨ ਲਾਲ, ਡੀਐਸਪੀ ਸ੍ਰੀ ਸੁਬੇਗ ਸਿੰਘ, ਬੀਐਸਐਫ ਦੇ ਅਧਿਕਾਰੀ ਸ੍ਰੀ ਲਵ ਕੁਮਾਰ ਵੀ ਹਾਜ਼ਰ ਸਨ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਲੋਕਾਂ ਵਿਚਕਾਰ ਬੈਠ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ 'ਤੇ ਹੀ ਹਾਜ਼ਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਕਰਨ ਦੀਆਂ ਹਦਾਇਤਾਂ ਕੀਤੀਆਂ। ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਦਾ ਉਦੇਸ਼ ਹੈ ਕਿ ਲੋਕਾਂ ਨੂੰ ਪਿੰਡਾਂ ਵਿੱਚ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਹੀ ਸਰਕਾਰੀ ਸੇਵਾਵਾਂ ਮਿਲਣ ਤੇ ਲੋਕਾਂ ਨੂੰ ਸਰਕਾਰੀ ਕੰਮਕਾਜ ਲਈ ਸ਼ਹਿਰ ਵਿੱਚ ਸਥਿਤ ਦਫ਼ਤਰਾਂ ਤੱਕ ਨਾ ਆਉਣਾ ਪਵੇ। ਇਸ ਮੌਕੇ ਪਿੰਡ ਦੇ ਲੋਕਾਂ ਨੇ ਵੀ ਉਤਸ਼ਾਹ ਨਾਲ ਕੈਂਪ ਵਿੱਚ ਭਾਗ ਲਿਆ ਅਤੇ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਆਪਣੇ ਕੰਮ ਕਰਾਏ। ਵੱਖ-ਵੱਖ ਵਿਭਾਗਾਂ ਵੱਲੋਂ ਇੱਥੇ ਆਪਣੇ ਸਟਾਲ ਲਾਏ ਗਏ ਸਨ। ਸੇਵਾ ਕੇਂਦਰ ਵੱਲੋਂ ਵੀ ਇੱਥੇ ਆਪਣੀਆਂ ਆਨਲਾਈਨ ਸੇਵਾਵਾਂ ਦੇਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਬੀਐਸਐਫ ਤੇ ਪੁਲਿਸ ਵਿਭਾਗ ਵੱਲੋਂ ਵੀ ਪਿੰਡ ਵਾਸੀਆਂ ਨਾਲ ਸੰਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਨਸ਼ੇ ਤੋਂ ਦੂਰ ਰਹਿਣ ਅਤੇ ਨਸ਼ੇ ਦੀ ਤਸਕਰੀ ਕਰਨ ਵਾਲਿਆਂ ਦੀ ਸੂਚਨਾ ਦੇਣ ਲਈ ਪ੍ਰੇਰਤ ਕੀਤਾ ਗਿਆ। ਇਸ ਮੌਕੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਕੰਵਲਜੀਤ ਸਿੰਘ, ਸੇਵਾ ਕੇਂਦਰ ਦੇ ਜ਼ਿਲ੍ਹਾ ਇੰਜਾਰਜ ਸ੍ਰੀ ਗਗਨਦੀਪ ਸਿੰਘ ਵੀ ਹਾਜ਼ਰ ਸਨ।

ਐੱਮ ਐਂਡ ਐੱਮ ਸਕੂਲ 'ਚ ਐਮਪੈਥੀ ਬਿਲਡਿੰਗ 'ਤੇ ਸੈਮੀਨਾਰ

ਸੰਗਰੂਰ (ਪ੍ਰਵੀਨ) : ਅੱਜ ਕੱਲ੍ਹ ਦੇ ਬੱਚਿਆਂ 'ਚ ਸੁਣਨ ਦੀ ਸਮਰੱਥਾ 'ਚ ਘਾਟ ਅਤੇ ਇੱਕ ਦੂਜੇ 'ਤੇ ਸਰੀਰਕ ਅਤੇ ਮਾਨਸਿਕ ਤਸ਼ੱਦਦ ਦੇ ਹਾਲਾਤ ਨੂੰ ਦੇਖਦੇ ਹੋਏ ਐਮ ਐਂਡ ਐਮ ਪਬਲਿਕ ਸਕੂਲ ਸੰਗਰੂਰ 'ਚ ਐਫ ਡੀ ਆਰ ਕੰਪਨੀ ਵੱਲੋਂ ਐਮਪੈਥੀ ਬਿਲਡਿੰਗ 'ਤੇ ਸੈਮੀਨਾਰ ਕਰਵਾਇਆ ਗਿਆ। ਕੰਪਨੀ ਦੇ ਲੀਗਲ ਸਲਾਹਕਾਰ ਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਲੜਾਈ ਝਗੜੇ, ਇੱਕ ਦੂਜੇ ਤੇ ਸਰੀਰਕ ਅਤੇ ਮਾਨਸਿਕ ਤਸ਼ੱਦਦ ਕਰਨ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ।

ਬੱਚਿਆਂ ਵਿੱਚ ਸੁਣਨ ਦੀ ਕੌਸ਼ਲਤਾ ਅਤੇ ਧਿਆਨ ਕੇਂਦਰਿਤ ਕਰਨ ਦੀ ਘਾਟ ਨੂੰ ਦੂਰ ਕਰਨ ਦੇ ਨੁਕਤੇ ਦੱਸੇ ਗਏ। ਦੂਜੇ ਲੋਕਾਂ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਨੂੰ ਸਮਝਣ, ਜਾਣੂ ਹੋਣ ਅਤੇ ਸਹਿ-ਅਨੁਭਵ ਕਰਨ ਦੀ ਯੋਗਤਾ ਬਾਰੇ ਦੱਸਿਆ ਗਿਆ। ਉਨ੍ਹਾ ਨੇ ਵਿਦਿਆਰਥੀਆਂ ਨੂੰ 4 ਏ ਬਾਰੇ ਦੱਸਿਆ। ਪੁਸ਼ਟੀ ਕਰੋ, ਸਵੀਕਾਰ ਕਰੋ, ਪ੍ਰਸ਼ੰਸਾ ਕਰੋ ਅਤੇ ਭਰੋਸਾ ਦਿਉ। ਸਕੂਲ ਦੇ ਚੇਅਰਮੈਨ ਗੁਰਪ੍ਰੀਤ ਸਿੰਘ ਸੇਠੀ ਨੇ ਦੱਸਿਆ ਕਿ ਅਜਿਹੇ ਸੈਮੀਨਾਰ ਅੱਜ ਦੇ ਸਮੇਂ ਦੀ ਮੁੱਖ ਲੋੜ ਹਨ, ਜਿਨ੍ਹਾਂ ਦੁਆਰਾ ਬੱਚਿਆਂ ਨੂੰ ਆਪਣੇ ਵਿਚਾਰਾਂ ਅਤੇ ਹਾਲਾਤ ਨੂੰ ਦੇਖਣ ਸਮਝਣ ਦੇ ਯੋਗ ਬਣਾਇਆ ਜਾ ਸਕਦਾ ਹੈ। ਸਾਨੂੰ ਦੂਸਰਿਆਂ ਨਾਲ ਓਹੀ ਸਲੂਕ ਕਰਨਾ ਚਾਹੀਦਾ ਹੈ ਜਿਹੜਾ ਅਸੀਂ ਆਪਣੇ ਆਪ ਨਾਲ ਚਾਹੁੰਦੇ ਹਾਂ। ਸਕੂਲ ਪ੍ਰਿੰਸੀਪਲ ਰਮਨਦੀਪ ਕੌਰ ਨੇ ਆਏ ਹੋਏ ਰਿਸੋਰਸ ਪ੍ਰਸਨ ਦਾ ਵਡਮੁੱਲੀ ਜਾਣਕਾਰੀ ਦੇਣ ਲਈ ਧੰਨਵਾਦ ਕੀਤਾ।

ਅਕਾਲੀ ਸਰਕਾਰ ਸਮੇਂ ਬਣੇ ਸੇਵਾ ਕੇਂਦਰਾਂ 'ਚ ਮੁਹੱਲਾ ਕਲੀਨਿਕ ਖੋਲ੍ਹ ਕੇ ਮਾਨ ਸਰਕਾਰ ਨੇ ਕੀਤਾ ਧੋਖਾ : ਜਗਦੀਪ ਚੀਮਾ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਪਹਿਲਾਂ ਤੋਂ ਹੀ ਚੱਲ ਰਹੇ ਸਿਵਲ ਹਸਪਤਾਲਾਂ, ਡਿਸਪੈਂਸਰੀਆਂ ਅਤੇ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਮਿੰਨੀ ਹੈਲਥ ਸੈਂਟਰਾਂ ਨੂੰ ਅਪਗ੍ਰੇਡ ਕਰਕੇ ਸਹੂਲਤਾਂ ਨਾਲ ਲੈਸ ਕਰਨ ਦੀ ਬਜਾਏ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਨ੍ਹਾਂ ਨੂੰ ਬੰਦ ਕਰਕੇ ਪੰਜਾਬ ਦੇ ਲੋਕਾਂ ਨੂੰ ਨਵੀਂ ਦੁਬਿਧਾ 'ਚ ਪਾਇਆ ਜਾ ਰਿਹਾ ਹੈ। ਇਹ ਵਿਚਾਰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਕਾਲੀ ਸਰਕਾਰ ਸਮੇਂ ਰਾਈਟ ਟੂ ਸਰਵਿਸਜ਼ ਕਮਿਸ਼ਨ ਦੇ ਕਾਰਜਕਾਰੀ ਚੀਫ ਕਮਿਸ਼ਨਰ ਰਹੇ ਅਤੇ ਅਕਾਲੀ ਦਲ ਦੇ ਮੌਜੂਦਾ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਚੀਮਾ ਨੇ ਪ੍ਰਗਟ ਕੀਤੇ।

ਜਥੇਦਾਰ ਜਗਦੀਪ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਭਰ 'ਚ ਅਤੇ ਖਾਸਕਰ ਪਿੰਡਾਂ 'ਚ ਰਹਿੰਦੇ ਲੋਕਾਂ ਨੂੰ 351 ਦੇ ਕਰੀਬ ਸੇਵਾਵਾਂ ਪ੍ਰਦਾਨ ਕਰਵਾਉਣ ਲਈ ਅਕਾਲੀ ਸਰਕਾਰ ਵੱਲੋਂ 2000 ਦੇ ਲਗਭਗ ਸੇਵਾ ਕੇਂਦਰ ਖੋਲ੍ਹੇ ਗਏ ਸਨ ਜੋ ਕਿ ਬੰਦ ਕਰ ਦਿੱਤੇ ਗਏ ਤੇ ਇਨਾਂ ਸੇਵਾ ਕੇਂਦਰਾਂ ਦੀ ਇਮਾਰਤਾਂ 'ਤੇ ਦੁਬਾਰਾ ਰੰਗ ਰੋਗਨ ਕਰਕੇ ਉਨ੍ਹਾਂ ਨੂੰ ਮੁਹੱਲਾ ਕਲੀਨਿਕਾਂ ਦਾ ਨਾਂਅ ਦੇ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਕਿ ਸਰਾਸਰ ਧੋਖਾ ਹੈ। ਉਨ੍ਹਾ ਕਿਹਾ ਕਿ ਸਰਕਾਰੀ ਹਸਪਤਾਲਾਂ 'ਚ ਡਾਕਟਰ ਅਤੇ ਸਟਾਫ ਪੂਰਾ ਕਰਨ ਦੀ ਬਜਾਏ ਉੱਥੇ ਤਾਇਨਾਤ ਡਾਕਟਰਾਂ ਨੂੰ ਜਬਰੀ ਮੁੱਹਲਾ ਕਲੀਨਿਕਾਂ 'ਚ ਭੇਜਿਆ ਜਾ ਰਿਹਾ ਹੈ, ਜਿਸ ਕਾਰਨ ਡਾਕਟਰ ਭਾਈਚਾਰੇ 'ਚ ਵੀ ਰੋਸ ਪਾਇਆ ਜਾ ਰਿਹਾ ਹੈ। ਜਥੇਦਾਰ ਚੀਮਾ ਨੇ ਕਿਹਾ ਕਿ ਆਪ ਵਿਧਾਇਕਾਂ ਵੱਲੋਂ ਉਨ੍ਹਾਂ ਦੇ ਵਰਕਰਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ।

ਸਿਹਤ ਵਿਭਾਗ ਨੇ ਮਨਾਇਆ ਕੁਸ਼ਟ ਰੋਗ ਨਿਵਾਰਨ ਦਿਵਸ

ਬਰਨਾਲਾ, (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ) : ਸਿਵਲ ਸਰਜਨ ਬਰਨਾਲਾ ਡਾ. ਜਸਬੀਰ ਸਿੰਘ ਔਲਖ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 'ਸਪਰਸ਼ ਕੁਸ਼ਟ ਰੋਗ ਜਾਗਰੂਕਤਾ ਮੁਹਿੰਮ' ਤਹਿਤ ਕੁਸ਼ਟ ਰੋਗ ਨਿਵਾਰਨ ਦਿਵਸ ਜ਼ਿਲ੍ਹੇ ਭਰ 'ਚ ਮਨਾਇਆ ਗਿਆ। ਸੀਨੀਅਰ ਮੈਡੀਕਲ ਅਫਸਰ ਡਾ. ਤਪਿੰਦਰਜੋਤ ਕੌਸ਼ਲ ਨੇ ਦੱਸਿਆ ਕਿ ਜ਼ਿਲ੍ਹਾ ਹਸਪਤਾਲਾਂ 'ਚ ਇਸ ਦੀ ਜਾਂਚ ਅਤੇ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਜ਼ਿਲ੍ਹਾ ਲੈਪਰੋਸੀ ਅਫਸਰ ਡਾ. (ਮੇਜ.) ਕਾਕੁਲ ਨੇ ਦੱਸਿਆ ਕਿ ਚਮੜੀ 'ਤੇ ਹਲਕੇ ਲਾਲ, ਚਿੱਟੇ ਜਾਂ ਤਾਂਬੇ ਰੰਗ ਦੇ ਦਾਗ ਹੋਣ, ਦਾਗ ਵਾਲੀ ਜਗ੍ਹਾ ਤੋਂ ਵਾਲ ਝੜ ਜਾਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਉਣਾ ਚਾਹੀਦਾ ਹੈ। ਕੁਸ਼ਟ ਰੋਗ ਹੋਰ ਸਧਾਰਨ ਰੋਗਾਂ ਵਾਂਗ ਪੂਰੀ ਤਰਾਂ ਇਲਾਜ ਯੋਗ ਹੈ। ਇਸ ਦਾ ਸਮੇਂ ਸਿਰ ਪਤਾ ਲੱਗਣ 'ਤੇ ਪੂਰਾ ਇਲਾਜ ਕਰਵਾਉਣਾ ਚਾਹੀਦਾ ਹੈ। ਸਮੇਂ ਸਿਰ ਇਲਾਜ ਕਰਵਾਉਣ ਨਾਲ ਅਪੰਗਤਾ ਤੋਂ ਬਚਿਆ ਜਾ ਸਕਦਾ ਹੈ। ਇਸ ਮੌਕੇ ਸੁਰਿੰਦਰ ਸਿੰਘ ਵਿਰਕ ਨਾਨ ਮੈਡੀਕਲ ਸੁਪਰਵਾਈਜ਼ਰ ਵੱਲੋਂ ਆਪਣੀ ਟੀਮ ਸਮੇਤ ਕੁਸ਼ਟ ਆਸ਼ਰਮ 'ਚ ਦਵਾਈਆਂ , ਪੱਟੀਆਂ ਤੇ ਰਿਫਰੈਸ਼ਮੈਂਟ ਵੰਡੀ ਗਈ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫਸਰ ਕੁਲਦੀਪ ਸਿੰਘ ਮਾਨ ਅਤੇ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ ਬਾਗੀ ਨੇ ਦੱਸਿਆ ਕਿ ਕਿਸੇ ਨੂੰ ਵੀ ਸਿਹਤ ਸਮੱਸਿਆ ਹੋਵੇ ਤਾਂ ਸਿਵਲ ਹਸਪਤਾਲ ਬਰਨਾਲਾ 'ਚ ਮੁਫਤ ਸਿਹਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।

ਐੱਸ ਡੀ ਐੱਮ ਵੱਲੋਂ ਸਟੇਟ ਪੱਧਰੀ ਖੇਡਾਂ ਦੇ ਜੇਤੂਆਂ ਦਾ ਸਨਮਾਨ

ਦੋਰਾਹਾ, (ਹਰਮਿੰਦਰ ਸੇਠ)-ਆਨੰਦਪੁਰ ਸਾਹਿਬ ਦੀ ਧਰਤੀ 'ਤੇ ਦਸੰਬਰ 2022 ਵਿੱਚ ਹੋਈਆਂ ਰਾਜ ਪੱਧਰੀ ਪ੍ਰਾਇਮਰੀ ਖੇਡਾਂ ਵਿੱਚ ਲੁਧਿਆਣਾ ਜ਼ਿਲ੍ਹਾ ਦੀ ਸਰਕਲ ਸਟਾਇਲ ਕਬੱਡੀ ਟੀਮ ਨੇ ਕੋਚ ਰਵਿੰਦਰ ਸਿੰਘ ਦੋਰਾਹਾ, ਟੀਮ ਮੈਨੇਜਰ ਬਲਵਿੰਦਰ ਸਿੰਘ, ਸਹਾਇਕ ਟੀਮ ਮੈਂਬਰ ਸੁਖਵੰਤ ਸਿੰਘ, ਸ੍ਰੀ ਦੇਵੀ ਦਿਆਲ, ਸੁਖਵਿੰਦਰ ਸਿੰਘ ਘੋਲਾ ਤੇ ਬੀ.ਐਸ.ਓ. ਮੈਡਮ ਸਰਬਜੀਤ ਕੌਰ ਦੀ ਰਹਿਨੁਮਾਈ ਹੇਠ ਭਾਗ ਲੈਂਦੇ ਹੋਏ ਦੂਸਰਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਲੁਧਿਆਣਾ ਜ਼ਿਲ੍ਹਾ ਦੀ ਝੋਲੀ ਪਾਇਆ। ਇਸ ਵੱਡੀ ਪ੍ਰਾਪਤੀ ਦੇ ਮੱਦੇਨਜ਼ਰ ਗਣਤੰਤਰ ਦਿਵਸ ਮੌਕੇ ਐੱਸ. ਡੀ. ਐੱਮ. ਪਾਇਲ ਮੈਡਮ ਜਸਲੀਨ ਕੌਰ ਭੁੱਲਰ ਵੱਲੋਂ ਬਲਾਕ ਦੋਰਾਹਾ ਦੇ ਸਟੇਟ ਪੱਧਰੀ ਟੀਮ ਦਾ ਹਿੱਸਾ ਰਹੇ ਸ: ਪ੍ਰਾ: ਸਕੂਲ ਦੋਰਾਹਾ, ਰਾਜਗੜ੍ਹ, ਰਾਮਪੁਰ ਤੇ ਬੇਗੋਵਾਲ ਦੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ, ਜਿਸ ਦੇ ਨਾਮ ਕ੍ਰਮਵਾਰ ਪ੍ਰੀਤਮ ਕੁਮਾਰ, ਜਸਪ੍ਰੀਤ ਸਿੰਘ, ਮੁਹੰਮਦ ਹਨੀਫ, ਜਗਜੀਤ ਸਿੰਘ, ਸਮੀਰ ਹਨ। ਇਸ ਮੌਕੇ ਉਪਰੋਕਤ ਸਕੂਲਾਂ ਦਾ ਪੂਰਾ ਸਟਾਫ ਵੀ ਮੌਜੂਦ ਸੀ।

ਆਫਤ ਪ੍ਰਬੰਧਨ, ਨਸ਼ਾ ਮੁਕਤੀ ਅਤੇ ਫਾਇਰ ਸੇਫਟੀ ਸਿਖਲਾਈ ਸੰਬੰਧੀ ਸੈਮੀਨਾਰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਡੀ ਏ ਵੀ ਪਬਲਿਕ ਸਕੂਲ ਪਾਤੜਾਂ 'ਚ ਵਿਦਿਆਰਥੀਆਂ ਨੂੰ ਮੁਢਲੀ ਡਾਕਟਰੀ ਸਹਾਇਤਾ, ਆਫਤ ਪ੍ਰਬੰਧਨ, ਨਸ਼ਾ ਮੁਕਤੀ, ਬੁਨਿਆਦੀ ਜੀਵਨ ਸਹਾਇਤਾ ਅਤੇ ਸੀ ਪੀ ਆਰ ਸੰਬੰਧੀ ਸਿਖਲਾਈ ਦੇਣ ਲਈ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ ।

ਸਕੂਲ ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਲਈ ਜ਼ਿਲ੍ਹਾ ਸਿਖਲਾਈ ਮਾਹਰ ਕਾਕਾ ਰਾਮ ਵਰਮਾ ਸੇਵਾਮੁਕਤ ਰੈੱਡ ਕਰਾਸ ਸੁਸਾਇਟੀ ਪਟਿਆਲਾ ਅਤੇ ਪਰਵਿੰਦਰ ਕੌਰ ਵਰਮਾ ਕੌਂਸਲਰ ਨਸ਼ਾ ਛੁਡਾਊ ਸੈਂਟਰ ਸਕੇਤ ਹਸਪਤਾਲ ਅਤੇ ਰੈੱਡ ਕਰਾਸ ਸੁਸਾਇਟੀ ਪਟਿਆਲਾ ਵਿਸ਼ੇਸ਼ ਰੂਪ 'ਚ ਪਹੁੰਚੇ । ਸੈਮੀਨਾਰ ਦੌਰਾਨ ਸਿਖਲਾਈ ਮਾਹਰਾਂ ਨੇ ਆਪੋ-ਆਪਣੇ ਤਰੀਕੇ ਨਾਲ ਸਕੂਲ ਦੇ ਤੀਸਰੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਵਿਹਾਰਕ ਸਿਖਲਾਈ ਦਿੱਤੀ । ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਦੇ ਨਾਲ-ਨਾਲ ਪਾਤੜਾਂ ਇਲਾਕੇ ਦੇ ਤਿੰਨ ਹੋਰ ਸਕੂਲਾਂ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਪਾਤੜਾਂ , ਸੇਂਟ ਜੇਵੀਅਰ ਸਕੂਲ ਘੱਗਾ ਅਤੇ ਸਪਾਰਕਲਿੰਗ ਕਿਡਜ਼ ਸਕੂਲ ਪਾਤੜਾਂ ਦੇ ਚੋਣਵੇਂ ਵਿਦਿਆਰਥੀਆਂ ਨੇ ਵੀ ਇਸ ਸਿਖਲਾਈ ਪ੍ਰੋਗਰਾਮ 'ਚ ਭਾਗ ਲਿਆ । ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਰੈੱਡ ਕਰਾਸ ਸੋਸਾਇਟੀ ਦੇ ਸਰਟੀਫਿਕੇਟ ਵੀ ਦਿੱਤੇ ਗਏ । ਅੰਤ 'ਚ ਸਕੂਲ ਪ੍ਰਿੰਸੀਪਲ ਮੀਨਾ ਥਾਪਰ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਦਿੱਤੀ ਗਈ ਵਡਮੁੱਲੀ ਜਾਣਕਾਰੀ ਅਤੇ ਸਿਖਲਾਈ ਨੂੰ ਜ਼ਰੂਰਤ ਪੈਣ 'ਤੇ ਜੀਵਨ ਵਿੱਚ ਵਿਵਹਾਰਕ ਰੂਪ ਵਿੱਚ ਵਰਤਣ ਲਈ ਪ੍ਰੇਰਨਾ ਦਿੱਤੀ ।

ਬਲਵੀਰ ਪਾਂਧੀ ਨੇ ਖੂਨਦਾਨ ਕਰਕੇ ਮਨਾਇਆ ਜਨਮ ਦਿਨ

ਮੋਗਾ (ਅਮਰਜੀਤ ਬੱਬਰੀ)-ਆਮ ਆਦਮੀ ਪਾਰਟੀ ਦੇ ਪੁਰਾਣੇ ਵਲੰਟੀਅਰ ਤੇ ਸਮਾਜ ਸੇਵੀ ਬਲਵੀਰ ਸਿੰਘ ਪਾਂਧੀ ਨੇ ਇੱਕ ਵਾਰ ਫਿਰ ਆਪਣੇ ਜਨਮ ਮੌਕੇ ਖੂਨਦਾਨ ਕਰਕੇ ਸਭ ਨੂੰ ਆਪਣੇ ਖੁਸ਼ੀਆਂ ਦੇ ਤਿਉਹਾਰ ਖੂਨਦਾਨ ਕਰਕੇ ਮਨਾਉਣ ਦਾ ਸੁਨੇਹਾ ਦਿੱਤਾ ਹੈ।

ਬਲੱਡ ਬੈਂਕ ਸਿਵਲ ਹਸਪਤਾਲ ਵਿਖੇ ਪਹੁੰਚ ਕੇ ਉਨ੍ਹਾਂ ਜਨਮ ਦਿਨ ਦੀ ਖੁਸ਼ੀ ਵਿੱਚ ਖੂਨਦਾਨ ਕਰਨ ਉਪਰੰਤ ਉਨ੍ਹਾਂ ਦੱਸਿਆ ਕਿ ਮੈਂ ਅੱਜ 40ਵੀਂ ਵਾਰ ਖੂਨਦਾਨ ਕੀਤਾ ਹੈ ਤੇ ਮੈਂ ਹਰ ਤਿੰਨ ਮਹੀਨਿਆਂ ਬਾਅਦ ਖੂਨਦਾਨ ਕਰ ਰਿਹਾ ਹਾਂ, ਇਸ ਨਾਲ ਮੇਰੇ ਸਰੀਰ ਵਿੱਚ ਕੋਈ ਕਮਜ਼ੋਰੀ ਨਹੀਂ ਆਈ, ਸਗੋਂ ਸਰੀਰ ਪੂਰੀ ਤਰ੍ਹਾਂ ਚੁਸਤ ਤੇ ਤੰਦਰੁਸਤ ਹੈ। ਉਨ੍ਹਾਂ ਸਭ ਨੂੰ ਖੁਸ਼ੀਆਂ ਦੇ ਮੌਕੇ ਖੂਨਦਾਨ ਕਰਕੇ ਮਨਾਉਣ ਲਈ ਪ੍ਰੇਰਤ ਕੀਤਾ। ਇਸ ਮੌਕੇ ਸਮਾਜ ਸੇਵੀ ਮਹਿੰਦਰ ਪਾਲ ਲੂੰਬਾ ਤੇ 'ਆਪ' ਦੀ ਮਹਿਲਾ ਵਿੰਗ ਪ੍ਰਧਾਨ ਸ੍ਰੀਮਤੀ ਕਮਲਜੀਤ ਕੌਰ ਤੇ ਮਨਦੀਪ ਸਿੰਘ ਨੇ ਉਨ੍ਹਾਂ ਨੂੰ ਜਨਮ ਦਿਨ ਦੀ ਵਧਾਈ ਦਿੰਦਿਆਂ ਵਿਲੱਖਣ ਤਰੀਕੇ ਨਾਲ ਜਨਮ ਦਿਨ ਮਨਾਉਣ ਲਈ ਉਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ। ਕਮਲਜੀਤ ਕੌਰ ਨੇ ਕਿਹਾ ਪਾਂਧੀ ਵਰਗੇ ਇਨਸਾਨ ਸਾਡੇ ਸਮਾਜ ਦੀ ਧਰੋਹਰ ਹਨ ਤੇ ਸਾਨੂੰ ਉਨ੍ਹਾਂ ਤੋਂ ਸਿੱਖਿਆ ਲੈਣ ਦੀ ਜ਼ਰੂਰਤ ਹੈ।

ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦਾ ਮੈਡੀਕਲ ਚੈੱਕਅਪ ਕੈਂਪ

ਬਰਨਾਲਾ, (ਰਜਿੰਦਰ ਬਰਾੜ, ਰਾਕੇਸ਼ ਨੀਟਾ)-ਜ਼ਿਲ੍ਹਾ ਸਿੱਖਿਆ ਅਫ਼ਸਰ (ਐ ਸਿੱ) ਬਰਨਾਲਾ ਸਰਬਜੀਤ ਸਿੰਘ ਤੂਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ ਸਿੱ) ਮੈਡਮ ਵਸੁੰਧਰਾ ਕਪਿਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਤਹਿਤ ਬਲਾਕ ਬਰਨਾਲਾ ਅਤੇ ਮਹਿਲ ਕਲਾਂ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਮੈਡੀਕਲ ਨਿਰੀਖਣ ਕੈਂਪ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਰਨਾਲਾ ਇਰਵਿੰਦਰ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਹਿਲ ਕਲਾਂ ਗੁਰਦੀਪ ਸਿੰਘ ਦੀ ਨਿਗਰਾਨੀ ਹੇਠ ਸਰਕਾਰੀ ਪ੍ਰਾਇਮਰੀ ਸਕੂਲ ਸੰਧੂ ਪੱਤੀ ਬਰਨਾਲਾ ਵਿਖੇ ਲਗਾਇਆ ਗਿਆ।

ਇਸ ਕੈਂਪ 'ਚ ਬਲਾਕ ਬਰਨਾਲਾ ਅਤੇ ਮਹਿਲ ਕਲਾਂ ਦੇ ਬਾਰ੍ਹਵੀਂ ਜਮਾਤ ਤੱਕ ਦੇ ਲੋੜਵੰਦ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੇ ਭਾਗ ਲਿਆ। ਜ਼ਿਲ੍ਹਾ ਸਿੱਖਿਆ ਅਫ਼ਸਰ (ਐ ਸਿੱ) ਸਰਬਜੀਤ ਸਿੰਘ ਤੂਰ ਵੱਲੋਂ ਕੈਂਪ 'ਚ ਆਏ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਤੋਂ ਜਾਣੂ ਕਰਵਾਇਆ ਗਿਆ।

ਕੈਂਪ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਆਈ ਈ ਡੀ ਭੁਪਿੰਦਰ ਸਿੰਘ ਡੀ ਐਸ ਈ ਟੀ ਨੇ ਦੱਸਿਆ ਕਿ ਇਸ ਕੈਂਪ ਵਿੱਚ ਲਗਭਗ 56 ਵਿਦਿਆਰਥੀਆਂ ਦਾ ਨਿਰੀਖਣ ਕੀਤਾ ਗਿਆ। ਕੈਂਪ ਦੌਰਾਨ ਡਾਕਟਰਾਂ ਦੇ ਸੁਝਾਅ ਅਨੁਸਾਰ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਟਰਾਈ ਸਾਈਕਲ, ਵੀਲ੍ਹ ਚੇਅਰ, ਰੋਲੇਟਰ, ਕੈਲੀਬਰ ਐਫ ਓ, ਕੇ ਐੱਫ ਓ, ਐੱਮ ਆਰ ਕਿੱਟ ਅਤੇ ਹੋਰ ਸਹਾਇਕ ਉਪਕਰਨ ਸਮਾਨ ਵੰਡ ਕੈਂਪ ਵਿੱਚ ਮੁਹੱਈਆ ਕਰਵਾਇਆ ਜਾਵੇਗਾ।

ਜ਼ਿਲ੍ਹੇ ਅਤੇ ਐਲਿਮਕੋ ਤੋਂ ਆਈ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਇਨ੍ਹਾਂ ਬੱਚਿਆਂ ਦਾ ਚੈੱਕਅਪ ਕੀਤਾ ਗਿਆ। ਕੈਂਪ 'ਚ ਬਲਾਕਾਂ ਦੇ ਆਈ ਈ ਡੀ ਨੋਡਲ ਅਫਸਰ ਜਸਵੀਰ ਸਿੰਘ ਅਤੇ ਜਸਵੰਤ ਸਿੰਘ, ਸਮੂਹ ਅਧਿਆਪਕ ਆਈ ਈ ਆਰ ਟੀ ਅਤੇ ਆਈ ਈ ਵੀ ਨੇ ਵੀ ਭਾਗ ਲਿਆ ।

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

Gem ਬਿਡ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਤਾਲਮੇਲ, ਉੱਤਰ ਰੇਲਵੇ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ ਨਿਵਿਦਾਵਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਾਰਕ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

ਟੈਂਡਰ ਸੰਖਿਆ	ਕੰਮ ਦਾ ਵੇਰਵਾ	ਅੰਦਾਜਨ ਲਾਗਤ (ਰੁ.)	ਬਿਆਨਾ ਰਾਸ਼ੀ (ਰੁ)	ਕੰਮ ਦਾ ਸਮਾਂ	ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ	ਵੈਬਸਾਈਟ
GEM/2023/B/3011592	ਸਰਵਿਸਜ ਦੇ ਲਈ ਕਸਟਮ ਬਿਡ- ਅਨੁਰਖਸ਼ਣ ਪ੍ਰੋਗਰਾਮ ਦੇ ਅਨੁਸਾਰ ਡੀਜ਼ਲ ਇੰਜਣ ਦਾ ਟ੍ਰਿਪ ਰਖਰਖਾਅ (ਏ ਚੈਕ)। ਸਰਵਿਸਜ ਦੇ ਲਈ ਕਸਟਮ ਬਿਡ:- ਅਸਕਾਟਿੰਗ ਅਤੇ ਆਨ ਬੋਰਡ ਪਾਵਰ ਕਾਰ ਜਾਂ LSLRD ਵਿਚ ਸੰਚਾਲਨ ਅਤੇ ਇਕ ਸੰਖਿਆ ਕੁਸ਼ਲ ਕਰਮਚਾਰੀ ਪ੍ਰਤੀ ਪਾਵਰ ਕਾਰ ਜਾਂ LSLRD ਦੇ ਨਾਲ ਡਿਸਟੀਨੇਸ਼ਨ ਸਟੇਸ਼ਨ ਤੋਂ ਸ਼ੁਰੂ ਹੋਣ ਵਾਲੀ ਟ੍ਰੇਨ ਅਤੇ ਵਾਪਸ ਸ਼ੁਰੂਆਤੀ ਸਟੇਸ਼ਨ ਤਕ ਲਈ (ਖੇਤਰ ਬੀ-ਅੰਮ੍ਰਿਤਸਰ ਅਤੇ ਜੰਮੂਤਵੀ)। ਸਰਵਿਸਜ ਦੇ ਲਈ ਕਸਟਮ ਬਿਡ:- ਅਸਕਾਟਿੰਗ ਅਤੇ ਆਨ ਬੋਰਡ ਪਾਵਰ ਕਾਰ ਜਾਂ LSLRD ਵਿਚ ਸੰਚਾਲਨ ਅਤੇ ਇਕ ਸੰਖਿਆ ਕੁਸ਼ਲ ਕਰਮਚਾਰੀ ਪ੍ਰਤੀ ਪਾਵਰ ਕਾਰ ਜਾਂ LSLRD ਦੇ ਨਾਲ ਡਿਸਟੀਨੇਸ਼ਨ ਸਟੇਸ਼ਨ ਤੋਂ ਸ਼ੁਰੂ ਹੋਣ ਵਾਲੀ ਟ੍ਰੇਨ ਅਤੇ ਵਾਪਸ ਸ਼ੁਰੂਆਤੀ ਸਟੇਸ਼ਨ ਤਕ ਲਈ (ਖੇਤਰ ਸੀ-ਕਟਰਾ ਅਤੇ ਫਿਰੋਜ਼ਪੁਰ)।	3,55,28,989.30	7,10,580/-	12 ਮਹੀਨੇ	22.02.2023 17.30 ਵਜੇ ਦੇ ਬਾਅਦ	www.gem.gov.in

ਨੰ.: 251 ਬਿਜਲੀ-ਟੈਂਡਰ ਨੋਟਿਸ ਨੰ. 25/ਬਿਜਲੀ-2022-23 ਮਿਤੀ : 01.02.2023 347/23

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

2-Feb-PAGE-8.qxd 2/1/2023 10:33 PM Page 1

ਦਫਤਰੀ ਕਾਮੇ 6 ਨੂੰ ਸਮੂਹਿਕ ਛੁੱਟੀ ਲੈ ਕੇ ਮੋਹਾਲੀ ਵਿਖੇ ਕਰਨਗੇ ਰੋਸ ਪ੍ਰਦਰਸ਼ਨ

ਜਲੰਧਰ (ਰਾਜੇਸ਼ ਥਾਪਾ)

ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਹੱਕੀ ਮੰਗਾਂ ਦਾ ਹੱਲ ਹੋਣ ਦੀ ਆਸ ਲਾਈ ਬੈਠੇ ਕੱਚੇ ਦਫਤਰੀ ਕਾਮਿਆ ਦੀ ਆਸ ਪਹਿਲੇ 10 ਮਹੀਨਿਆਂ ਵਿਚ ਹੀ ਟੁੱਟਦੀ ਨਜ਼ਰ ਆ ਰਹੀ ਹੈ ਕਿਉਂਕਿ ਆਪ ਆਦਮੀ ਪਾਰਟੀ ਤੋਂ ਕੱਚੇ ਮੁਲਾਜ਼ਮਾਂ ਨੂੰ ਬਹੁਤ ਉਮੀਦਾਂ ਸੀ ਪਰ ਮੁਲਾਜ਼ਮਾਂ ਨੂੰ 10 ਮਹੀਨਿਆਂ ਦੌਰਾਨ ਹੀ ਇਹ ਲੱਗਣ ਲੱਗ ਗਿਆ ਹੈ ਕਿ ਇਹ ਪਾਰਟੀ ਵੀ ਦੂਜੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਵਾਂਗ ਕੱਚੇ ਮੁਲਾਜ਼ਮਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਮੁੱਖ ਮੰਤਰੀ ਪੰਜਾਬ ਵੱਲੋਂ 5 ਸਤੰਬਰ ਨੂੰ ਐਲਾਨ ਕੀਤਾ ਅਤੇ 7 ਅਕਤੂਬਰ ਨੂੰ ਨੋਟੀਫਿਕੇਸ਼ਨ ਜ਼ਾਰੀ ਹੋ ਗਿਆ ਸੀ ਪਰ 5 ਮਹੀਨੇ ਬੀਤਣ 'ਤੇ ਦਫਤਰੀ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਦੇ ਆਰਡਰ ਨਹੀਂ ਮਿਲੇ। ਜਾਣਕਾਰੀ ਦਿੰਦੇ ਹੋਏ ਮੁਲਾਜ਼ਮ ਆਗੂ ਸ਼ੋਭਿਤ ਭਗਤ, ਮੋਹਿਤ ਸ਼ਰਮਾ, ਵਿਸ਼ਾਲ ਮਹਾਜਨ, ਗਗਨ ਸਿਆਲ, ਰਾਜੀਵ ਸ਼ਰਮਾ, ਸੁਖਰਾਜ, ਗਗਨਦੀਪ ਸ਼ਰਮਾ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਤਨਖਾਹ ਅਨਾਮਲੀ ਚੱਲ ਰਹੀ ਹੈ ਇਕ ਹੀ ਦਫਤਰ ਵਿਚ ਇਕ ਹੀ ਕਾਡਰ ਦੇ ਮੁਲਾਜ਼ਮ ਨੂੰ ਵੱਖਰੀ ਵੱਖਰੀ ਤਨਖਾਹ ਮਿਲ ਰਹੀ ਹੈ, ਜਿਸ ਸਬੰਧੀ ਸਮੇਂ ਸਮੇਂ ਤੇ ਸਰਕਾਰ ਨਾਲ ਮੀਟਿੰਗਾਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ 15 ਜੂਨ 2022 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਵਿਭਾਗੀ ਅਧਿਕਾਰੀਆ ਦੀ ਮੌਜੂਦਗੀ ਵਿਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੀਟਿੰਗ ਹੋਈ ਜਿਸ ਵਿਚ ਉਨ੍ਹਾਂ ਵੱਲੋਂ ਤਨਖਾਹ ਅਨਾਮਲੀ ਨੂੰ ਦੂਰ ਕਰਕੇ ਤੁਰੰਤ ਤਨਖਾਹਾਂ ਦਾ ਫੰਡ ਜ਼ਾਰੀ ਕਰਨ ਦੇ ਆਦੇਸ਼ ਦਿੱਤੇ ਪਰ ਸਿੱਖਿਆ ਮੰਤਰੀ ਦੇ ਆਦੇਸ਼ ਹਵਾ ਹਵਾਈ ਹੋ ਗਏ। ਇਸ ਉਪਰੰਤ ਨਵੇਂ ਬਣੇ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਸਮੇਂ ਸਮੇਂ ਤੇ ਵੱਖ ਵੱਖ ਮੀਟਿੰਗ ਹੋਈਆਂ ਜਿਸ ਵਿਚ ਉਨ੍ਹਾਂ ਵੱਲੋਂ ਦਫਤਰੀ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਸਬੰਧੀ ਸਹਿਮਤੀ ਦਿੱਤੀ ਪਰ ਨਵੀ ਸਰਕਾਰ ਦੇ 10 ਮਹੀਨਿਆ ਦੌਰਾਨ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਹੀ ਦੂਰ ਨਹੀਂ ਹੋ ਰਹੀ ਜਿਸ ਕਰਕੇ ਮੁਲਾਜ਼ਮ ਵਰਗ 'ਚ ਨਿਰਾਸ਼ਾ ਪਾਈ ਜਾ ਰਹੀ ਹੈ। ਆਗੂਆਂ ਨੇ ਦੱਸਿਆ ਕਿ ਇਕ ਹੀ ਦਫਤਰ ਵਿਚ ਇਕ ਕਾਡਰ ਦੇ ਕੰਮ ਕਰ ਰਹੇ 2 ਮੁਲਾਜ਼ਮਾਂ ਦੀ ਤਨਖਾਹ ਦਾ ਪਾੜਾ 5000 ਰੁਪਏ ਪ੍ਰਤੀ ਮਹੀਨਾ ਹੈ। ਆਗੂਆਂ ਨੇ ਐਲਾਨ ਕੀਤਾ ਕਿ ਆਪਣੀਆਂ ਹੱਕੀ ਅਤੇ ਜ਼ਾਇਜ਼ ਮੰਗਾਂ ਦੀ ਪੂਰਤੀ ਕਰਵਾਉਣ ਲਈ ਸਿੱਖਿਆ ਵਿਭਾਗ ਦੇ ਸਮੂਹ ਕੱਚੇ ਦਫਤਰੀ ਮੁਲਾਜ਼ਮ 6 ਫਰਵਰੀ ਨੂੰ ਸਮੂਹਿਕ ਛੁੱਟੀ ਲੈ ਕੇ ਮੋਹਾਲੀ ਡੀ ਜੀ ਐਸ ਈ ਦਫਤਰ ਦੇ ਬਾਹਰ ਰੋਸ ਜਾਹਰ ਕਰਨਗੇ।

ਲਵਲੀ ਗਰੁੱਪ ਦੇ ਚੇਅਰਮੈਨ ਮਿੱਤਲ ਨੇ ਬਜਟ-2023 ਨੂੰ ਭਾਰਤੀ ਅਰਥ ਵਿਵਸਥਾ ਲਈ ਬੂਸਟਰ ਦੱਸਿਆ

ਜਲੰਧਰ (ਸ਼ੈਲੀ ਐਲਬਰਟ)

ਬਜਟ-2023-24 ਦੀ ਸ਼ਲਾਘਾ ਕਰਦਿਆਂ ਲਵਲੀ ਗਰੁੱਪ ਦੇ ਚੇਅਰਮੈਨ ਰਮੇਸ਼ ਮਿੱਤਲ ਨੇ ਇਸ ਨੂੰ ਦੇਸ਼ ਦੇ ਹੋਰ ਆਰਥਿਕ ਵਿਕਾਸ ਲਈ ਢੁਕਵਾਂ ਦੱਸਿਆ। ਉਨਾਂ ਸਾਂਝਾ ਕੀਤਾ ਕਿ ਇਸ ਤੋਂ ਸਮਾਜ ਦੇ ਹਰੇਕ ਵਰਗ ਲਈ ਇੱਕ ਸਨਮਾਨਜਨਕ ਜੀਵਨ ਪ੍ਰਦਾਨ ਕਰਨਾ ਨਿਸ਼ਚਿਤ ਹੈ ਕਿਉਂਕਿ ਇਸ ਦਾ ਉਦੇਸ਼ ਆਮ ਲੋਕਾਂ ਲਈ ਵਿਸ਼ਵਵਿਆਪੀ ਚੁਣੌਤੀਆਂ ਅਤੇ ਤਬਦੀਲੀਆਂ ਦਾ ਦਲੇਰੀ ਨਾਲ ਸਾਹਮਣਾ ਕਰਨਾ ਹੈ। ਇੱਥੇ ਸਾਰੇ ਯਤਨ ਦੇਸ਼ ਨੂੰ ਟੈਕਨਾਲੋਜੀ ਸੰਚਾਲਿਤ ਅਤੇ ਆਟੋਮੇਸ਼ਨ ਮੁਖੀ ਬਣਾਉਣ ਲਈ ਹਨ। ਇੱਥੋਂ ਤੱਕ ਕਿ ਮੇਰੀ ਉਮਰ ਦੇ ਲੋਕ ਵੀ ਇੱਕ ਉਦੇਸ ਵਾਲੀ ਡਿਜੀਟਲ ਲਾਇਬ੍ਰੇਰੀ ਰਾਹੀਂ ਆਧੁਨਿਕ ਰੁਝਾਨਾਂ ਅਤੇ ਤਕਨਾਲੋਜੀਆਂ ਦਾ ਲਾਭ ਲੈਣ ਦੇ ਯੋਗ ਹੋਣਗੇ। ਐਲਾਨਿਆ ਬਜਟ ਮਜਬੂਤ ਹੈ ਕਿਉਂਕਿ ਇਹ ਬੁਨਿਆਦੀ ਢਾਂਚੇ, ਨਿਵੇਸ਼, ਸੰਭਾਵਨਾਵਾਂ, ਯੁਵਾ ਸ਼ਕਤੀ, ਵਿੱਤ ਅਤੇ ਹੋਰ ਬਹੁਤ ਕੁਝ ਵਿੱਚ ਸਮਾਵੇਸ਼ੀ ਵਿਕਾਸ ਨੂੰ ਕਵਰ ਕਰਦਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਨੌਜਵਾਨ ਉੱਦਮੀਆਂ ਦੁਆਰਾ ਖੇਤੀ ਸਟਾਰਟ ਅਪਸ ਨੂੰ ਉਤਸ਼ਾਹਿਤ ਕਰਨ ਲਈ ਇੱਕ ਐਗਰੀਕਲਚਰ ਐਕਸਲੇਟਰ ਫੰਡ ਸਥਾਪਤ ਕਰਨ ਲਈ ਪੂੰਜੀ ਖਰਚ ਲਈ ਖਰਚੇ ਨੂੰ 33% ਵਧਾ ਕੇ 10 ਟ੍ਰਿਲੀਅਨ ਰੁਪਏ ਕੀਤਾ ਗਿਆ ਹੈ। ਰੁਜ਼ਗਾਰ ਸਿਰਜਣ 'ਤੇ ਵੀ ਫੋਕਸ ਹੈ। ਨਾਲ ਹੀ ਕਿਫਾਇਤੀ ਮਕਾਨਾਂ ਲਈ ਬਜਟ ਦੀ ਵੰਡ ਵਧਾ ਕੇ 790 ਅਰਬ ਰੁਪਏ ਕਰ ਦਿੱਤੀ ਗਈ ਹੈ। ਕੋਵਿਡ-19 ਵਰਗੀਆਂ ਸਥਿਤੀਆਂ ਨੂੰ ਰੋਕਣ ਲਈ ਸਿਹਤ ਮੋਰਚਿਆਂ ਨੂੰ ਮਾਪਣਾ, ਨਵੇਂ ਨਰਸਿੰਗ ਕਾਲਜ ਅਤੇ ਵਿਸਤ੍ਰਿਤ ਮੈਡੀਕਲ ਸਹੂਲਤਾਂ ਵੀ ਮੌਜੂਦ ਹਨ। ਇਸ ਸਭ ਦੇ ਨਾਲ ਭਾਰਤ ਦੀ ਆਰਥਿਕ ਵਿਕਾਸ ਦਰ 7% ਰਹਿਣ ਦੀ ਉਮੀਦ ਹੈ, ਜੋ ਕਿ ਵਿਸ਼ਵ ਦੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚ ਸਭ ਤੋਂ ਵੱਧ ਹੈ।

ਮੁੱਖ ਮੰਤਰੀ ਵੱਲੋਂ ਸਾਲ 2023 ਦੀ ਡਾਇਰੀ ਜਾਰੀ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਆਪਣੀ ਸਰਕਾਰੀ ਰਿਹਾਇਸ਼ 'ਤੇ ਸਾਲ 2023 ਲਈ ਸੂਬਾ ਸਰਕਾਰ ਦੀ ਡਾਇਰੀ ਜਾਰੀ ਕੀਤੀ। ਇਹ ਪ੍ਰਗਟਾਵਾ ਕਰਦਿਆਂ ਇੱਥੇ ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਡਾਇਰੀ ਦੀ ਰੂਪ-ਰੇਖਾ ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਸੰਕਲਪਿਤ ਅਤੇ ਤਿਆਰ ਕੀਤੀ ਗਈ ਹੈ ਅਤੇ ਇਸ ਨੂੰ ਕੰਟਰੋਲਰ ਪ੍ਰਿੰਟਿੰਗ ਐਂਡ ਸਟੇਸ਼ਨਰੀ ਵਿਭਾਗ, ਪੰਜਾਬ ਵੱਲੋਂ ਛਾਪਿਆ ਗਿਆ ਹੈ। ਡਾਇਰੀ ਜਾਰੀ ਕਰਨ ਮੌਕੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਅਮਨ ਅਰੋੜਾ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ. ਵੇਨੂ ਪ੍ਰਸਾਦ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸੋਨਾਲੀ ਗਿਰਿ ਤੇ ਹੋਰ ਹਾਜਰ ਸਨ।

ਜਵਾਹਰ ਨਵੋਦਿਆ ਵਿਦਿਆਲਿਆ ਸੰਧੂਆਂ ਦੀ ਦਾਖਲਾ ਪ੍ਰੀਖਿਆ ਲਈ ਆਨਲਾਈਨ ਫਾਰਮ ਭਰਨ ਦੀ ਤਰੀਕ 'ਚ ਵਾਧਾ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)-ਜਵਾਹਰ ਨਵੋਦਿਆ ਵਿਦਿਆਲਿਆ ਸੰਧੂਆਂ ਵਿਚ ਛੇਵੀਂ ਜਮਾਤ ਦੀ ਦਾਖਲਾ ਪ੍ਰੀਖਿਆ ਲਈ ਆਨਲਾਈਨ ਫਾਰਮ ਭਰਨ ਦੀ ਅੰਤਿਮ ਤਾਰੀਖ ਪ੍ਰਸ਼ਾਸਨਿਕ ਕਾਰਨਾਂ ਕਰਕੇ 31 ਜਨਵਰੀ 2023 ਤੋਂ ਵਧਾ ਕੇ ਹੁਣ 8 ਫਰਵਰੀ 2023 ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਰਤਨਪਾਲ ਗੁਪਤਾ ਨੇ ਦੱਸਿਆ ਕਿ ਛੇਵੀਂ ਜਮਾਤ ਲਈ ਫਾਰਮ ਭਰਨ ਦੇ ਚਾਹਵਾਨ ਉਮੀਦਵਾਰ ਦੀ ਜਨਮ ਮਿਤੀ 1 ਮਈ 2011 ਤੋਂ 30 ਅਪ੍ਰੈਲ 2013 ਦੇ ਵਿਚਕਾਰ (ਦੋਨੋਂ ਮਿਤੀਆਂ ਸ਼ਾਮਲ) ਹੋਣੀ ਚਾਹੀਦੀ ਹੈ। ਉਮੀਦਵਾਰ ਨੇ ਤੀਜੀ ਤੇ ਚੌਥੀ ਜਮਾਤ ਕ੍ਰਮਵਾਰ 2020-21 ਅਤੇ 2021-22 ਵਿਚ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਤੋਂ ਬਿਨਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਵਰ੍ਹਾ ਲਗਾ ਕੇ ਪਾਸ ਕੀਤੀ ਹੋਵੇ ਅਤੇ ਵਿੱਦਿਅਕ ਵਰ੍ਹੇ 2023-24 ਦੌਰਾਨ ਉਮੀਦਵਾਰ ਰੂਪਨਗਰ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿਚ ਜਮਾਤ ਪੰਜਵੀਂ ਵਿਚ ਪੜ੍ਹਦਾ ਹੋਵੇ ਅਤੇ ਉਹ ਰੂਪਨਗਰ ਜ਼ਿਲ੍ਹੇ ਦਾ ਹੀ ਸਥਾਈ ਨਿਵਾਸੀ ਹੋਵੇ। ਉਨ੍ਹਾਂ ਚਾਹਵਾਨ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕ ਵਰਗ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਵਧੀ ਹੋਈ ਮਿਤੀ ਦਾ ਲਾਭ ਉਠਾ ਕੇ ਨਵੋਦਿਆ ਵਿਦਿਆਲਿਆ ਦੀ ਵੈੱਬਸਾਈਟ ਉੱਪਰ ਜਾ ਕੇ ਦਾਖਲਾ ਫਾਰਮ ਭਰ ਸਕਦੇ ਹਨ।

ਪ੍ਰਭਾਤ ਫੇਰੀਆਂ ਦਾ ਥਾਂ-ਥਾਂ 'ਤੇ ਕੀਤਾ ਜਾ ਰਿਹੈ ਭਰਵਾਂ ਸਵਾਗਤ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤਿ ਪ੍ਰਭਾਤ ਫੇਰੀਆਂ ਦੌਰਾਨ ਇਲਾਕੇ ਦੀਆਂ ਸੰਗਤਾਂ ਵਲੋਂ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਕਿਉਂਕਿ ਪ੍ਰਭਾਤ ਫੇਰੀਆਂ ਦਾ ਥਾਂ ਥਾਂ 'ਤੇ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਥਾਂ ਥਾਂ ਸੰਗਤਾਂ ਲਈ ਚਾਹ ਪਕੌੜਿਆ ਦੇ ਲੰਗਰ ਲਗਾਏ ਜਾ ਰਹੇ ਹਨ। ਡਾਇਰੈਕਟਰ ਸੁਰਜੀਤ ਸਿਘ ਕਾਹਲੋਂ, ਦਰਸ਼ਨ ਸਿੰਘ ਕਾਹਲੋਂ, ਕਰਮ ਸਿੰਘ ਸਾਬਕਾ ਸਰਪੰਚ ਗੋਚਰ, ਸੁਖਦੇਵ ਸਿੰਘ ਸੈਦਪੁਰ, ਸਰਪੰਚ ਗੁਨੈਬ ਸਿੰਘ, ਸਵਿੱਤਰ ਸਿੰਘ, ਪਰਮਜੀਤ ਸਿੰਘ ਗੋਚਰ, ਮਲਕੀਤ ਸਿੰਘ ਗੋਚਰ ਵਲੋਂ ਪ੍ਰਭਾਤ ਫੇਰੀਆਂ ਦਾ ਭਰਵਾ ਸਵਾਗਤ ਕੀਤਾ ਗਿਆ। ਇਸ ਮੌਕੇ ਬਾਬਾ ਕਮਲ ਸਿੰਘ, ਸੁਰਿੰਦਰ ਸਿੰਘ, ਦੇਸ ਰਾਜ ਦੇਸੂ, ਹਰਮੇਸ਼ ਚੰਦ, ਰੇਸ਼ਮ ਕਜਲਾ, ਸਤਨਾਮ ਸਿੰਘ, ਬਲਵੀਰ ਚੰਦ, ਸੋਢੀ, ਗੁਰਚਰਨ, ਮੀਕਾ, ਰਿੱਕੂ, ਸੁਖਦੇਵ, ਬਲਦੇਵ, ਸੋਮਾ, ਸੁਰਿੰਦਰ ਕੁਮਾਰ, ਕਸ਼ਮੀਰ ਸਿੰਘ, ਧਰਮਪਾਲ, ਸੁੱਖਾ, ਬਿੱਟੂ, ਸੁਖ ਰਾਮ ਡਾਕੀਆ, ਨੀਲਮ, ਛੋਟੀ, ਚਰਨੋ, ਦੀਪਾ, ਕਮਲਾ, ਬੱਬੂ, ਬਿੰਦਰ, ਪ੍ਰਕਾਸ਼ੋ, ਕ੍ਰਿਸ਼ਨਾ ਆਦਿ ਸਮੇਤ ਨਿੱਕੇ-ਨਿੱਕੇ ਬੱਚਿਆਂ ਨੇ ਵੀ ਬਾਬਾ ਮਹਿਮਾ ਦਾ ਗੁਣਗਾਨ ਕਰਕੇ ਗੁਰੂ ਘਰ ਦੀ ਹਾਜਰੀ ਭਰੀ।

ਔਲਿਵ ਗ੍ਰੀਨ ਰੰਗ ਦੀ ਵਰਦੀ ਤੇ ਵਹੀਕਲਜ ਦੀ ਵਰਤੋਂ 'ਤੇ ਪਾਬੰਦੀ

ਕਪੂਰਥਲਾ,(ਰਵਿੰਦਰ ਸਿੰਘ)-ਜ਼ਿਲ੍ਹਾ ਮੈਜਿਸਟ੍ਰੇਟ ਵਿਸ਼ੇਸ਼ ਸਾਰੰਗਲ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਕਪੂਰਥਲਾ ਜ਼ਿਲ੍ਹੇ ਦੀ ਹੱਦ ਅੰਦਰ ਭਾਰਤੀ ਫੌਜ ਨੂੰ ਛੱਡ ਕੇ ਹੋਰ ਕੋਈ ਵੀ ਵਿਅਕਤੀ ਜ਼ਿਲ੍ਹਾ ਕਪੂਰਥਲਾ ਅੰਦਰ ਔਲਿਵ ਗ੍ਰੀਨ ਰੰਗ ਦੀ ਵਰਦੀ ਅਤੇ ਇਸੇ ਰੰਗ ਦੇ ਵਹੀਕਲਜ ਦੀ ਵਰਤੋਂ ਨਹੀਂ ਕਰੇਗਾ। ਹੁਕਮਾਂ ਵਿਚ ਕਿਹਾ ਗਿਆ ਹੈ ਕਿ ਕੁਝ ਵਿਅਕਤੀ ਔਲਿਵ ਗ੍ਰੀਨ ਰੰਗ (ਮਿਲਟਰੀ ਰੰਗ) ਦੀ ਵਰਦੀ ਅਤੇ ਇਸੇ ਰੰਗ ਦੇ ਵਹੀਕਲਜ ਜਿਹੜੇ ਕਿ ਭਾਰਤੀ ਫੌਜ ਦੁਆਰਾ ਵਰਤੇ ਜਾਂਦੇ ਹਨ,ਦੀ ਕਿਸੇ ਵੀ ਸਮਾਜ ਵਿਰੋਧੀ ਤੱਤਾਂ ਵਲੋਂ ਅਜਿਹੇ ਰੰਗੀ ਦੀ ਵਰਦੀ ਜਾਂ ਵਹੀਕਲਜ ਆਦਿ ਦੀ ਵਰਤੋਂ ਕਰਦੇ ਹੋਏ ਕੋਈ ਵੀ ਗੈਰ ਕਾਨੂੰਨੀ ਕਾਰਵਾਈ ਜਾਂ ਹਿੰਸਕ ਘਟਨਾ ਨੂੰ ਅੰਜਾਮ ਦੇ ਸਕਦੇ ਹਨ,ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੋ ਸਕਦਾ ਹੈ।

ਇਸ ਲਈ ਫੌਜ ਦੀ ਵਰਦੀ ਅਤੇ ਵਹੀਕਲਜ ਦੀ ਵੱਖਰੀ ਪਛਾਣ ਨੂੰ ਯਕੀਨੀ ਬਣਾਉਣ ਲਈ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਔਲਿਵ ਗ੍ਰੀਨ ਰੰਗ ਦੀ ਵਰਦੀ ਅਤੇ ਇਸੇ ਰੰਗ ਦੀਆਂ ਜੀਪਾਂ/ਮੋਟਰ ਸਾਈਕਲਾਂ/ਮੋਟਰ ਗੱਡੀਆਂ ਦੀ ਵਰਤੋਂ ਆਮ ਜਨਤਾ ਤੋਂ ਤੁਰੰਤ ਬੰਦ ਕੀਤੀ ਜਾਵੇ। ਇਹ ਹੁਕਮ 01-02-2023 ਤੋਂ 01-04-2023 ਤੱਕ ਲਾਗੂ ਰਹੇਗਾ।

ਮਿਲਕ ਪਲਾਂਟ ਮੋਹਾਲੀ ਵੱਲੋਂ ਦੁੱਧ ਉਤਪਾਦਕ ਨੂੰ 30 ਹਜਾਰ ਦਾ ਚੈੱਕ ਭੇਟ

ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)-ਵੇਰਕਾ ਮਿਲਕ ਪਲਾਂਟ ਦੁੱਧ ਉਤਪਾਦਕਾਂ ਨੂੰ ਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਪੂਰੀ ਤਰਾਂ

ਵਚਨਬੱਧ ਹੈ, ਜਿਸ ਦੇ ਚਲਦਿਆ ਪਿੰਡ ਕੁਲਗਰਾਂ ਵਿਖੇ ਵੇਰਕਾ ਮਿਲਕ ਪਲਾਂਟ ਦੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋਂ ਵਲੋਂ ਉਕਤ ਪਿੰਡ ਦੀ ਬੀ ਐਮ ਸੀ ਵਿਖੇ ਪਹੁੰਚ ਦੁੱਧ ਉਤਪਾਦਕ ਨਿਤਿਨ ਕੁਮਾਰ ਪੁੱਤਰ ਸੁਰਜੀਤ ਸਿੰਘ ਨੂੰ ਉਨਾਂ ਦੀ ਬੀਤੇ ਕੁਝ ਸਮਾਂ ਪਹਿਲਾਂ ਗਾਂ ਦੀ ਮੌਤ ਹੋ ਜਾਣ ਕਾਰਨ 30 ਹਜਾਰ ਰੁਪਏ ਦੀ ਰਾਸ਼ੀ ਦਾ ਚੈੱਕ ਦੇ ਕੇ ਮਾਲੀ ਮਦਦ ਕੀਤੀ ਗਈ। ਕਾਹਲੋਂ ਨੇ ਕਿਹਾ ਦੁੱਧ ਉਤਪਾਦਕਾਂ ਦੇ ਜਰੀਏ ਵੇਰਕਾ ਮਿਲਕ ਪਲਾਂਟ ਨਵੀਆਂ ਤਕਨੀਕਾਂ ਨਾਲ ਨਿੱਤ ਦਿਨ ਨਵੀਆਂ ਸਕੀਮਾਂ ਪ੍ਰਦਾਨ ਕਰ ਰਿਹਾ ਹੈ। ਉਨਾਂ ਕਿਹਾ ਕਿ ਦੁੱਧ ਉਤਪਾਦਕਾਂ ਨੂੰ ਪਸ਼ੂਆਂ ਲਈ ਵਧੀਆ ਫੀਡ, ਅਤੇ ਸਮੇਂ ਸਮੇਂ 'ਤੇ ਦਵਾਈਆਂ ਵੀ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਜਿਨਾਂ ਦਾ ਦੁੱਧ ਉਤਪਾਦਕ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਡੇਅਰੀ ਵਿੱਚ ਤਾਜਾ ਅਤੇ ਸਾਫ-ਸੁਥਰਾ ਦੁੱਧ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਨਾਂ ਨੂੰ ਸਹੀ ਕੀਮਤ ਮਿਲ ਸਕੇ। ਇਸ ਮੌਕੇ ਏਰੀਆ ਇੰਚਾਰਜ ਸਤਵਿੰਦਰ ਸਿੰਘ ਭੰਗਲ, ਸ਼ਿਗਾਰਾ ਸਿੰਘ ਪ੍ਰਧਾਨ,ਹਰਜਿੰਦਰ ਸਿੰਘ ਸਕੱਤਰ, ਦਰਸ਼ਨ ਸਿੰਘ ਮਜਾਰੀ,ਕੇਵਲ ਕ੍ਰਿਸ਼ਨ, ਗਗਨਦੀਪ ਸ਼ਰਮਾ ਐਮ ਪੀ ਏ ਤਜਿੰਦਰ ਸਿੰਘ ਡਿਪਟੀ ਮੈਨੇਜਰ, ਨੰਦ ਕਿਸ਼ੋਰ ਸੁਖਸਾਲ, ਨਿਤਿਨ ਕੁਮਾਰਅਤੇ ਅਵਤਾਰ ਸਿੰਘ ਹਾਜਰ ਸਨ।

ਚੱਬੇਵਾਲ 'ਚ ਸੱਤ ਆਮ ਆਦਮੀ ਮੁਹੱਲਾ ਕਲੀਨਿਕ ਸ਼ੁਰੂ : ਸੰਧੂ ਚੱਬੇਵਾਲ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਜੱਲੋਵਾਲ ਵਿਖੇ ਆਮ ਆਦਮੀ ਕਲੀਨਿਕ ਦਾ ਹਲਕਾ ਚੱਬੇਵਾਲ ਦੇ ਇੰਚਾਰਜ ਹਰਮਿੰਦਰ ਸਿੰਘ ਸੰਧੂ ਚੱਬੇਵਾਲ ਨੇ ਕੀਤਾ ਤੇ ਦੱਸਿਆ ਕਿ ਹਲਕਾ ਚੱਬੇਵਾਲ ਵਿਖੇ 07 ਮੁਹੱਲਾ ਕਲੀਨਿਕ ਪੰਜਾਬ ਸਰਕਾਰ ਵੱਲੋਂ ਖੋਲ੍ਹੇ ਗਏ ਹਨ। ਉਨ੍ਹਾਂ ਕਿਹਾ ਕਿ ਮੁਹੱਲਾ ਕਲੀਨਿਕ ਖੋਲ੍ਹਣ ਨਾਲ ਆਮ ਲੋਕਾਂ ਨੂੰ ਬਹੁਤ ਸਹੂਲਤਾਂ ਮਿਲਣਗੀਆਂ। ਸਮਾਗਮ ਵਿੱਚ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਬਲਾ ਹੁਸ਼ਿਆਰਪੁਰ, ਡਾਕਟਰ ਮਨਪ੍ਰੀਤ ਸਿੰਘ ਬੈਂਸ ਐਸ ਐਮ ਓ ਹਾਰਟਾ ਬੱਡਲਾ, ਡਾਕਟਰ ਰਾਜਾ ਰਾਮ ਭਾਟੀਆ ਚੱਬੇਵਾਲ, ਹਰਮਿੰਦਰ ਸਿੰਘ ਸੰਧੂ ਹਲਕਾ ਇੰਚਾਰਜ ਚੱਬੇਵਾਲ, ਮੋਹਨ ਲਾਲ ਚਿੱਤੋਂ ਨੈਸ਼ਨਲ ਕੌਂਸਲ ਮੈਂਬਰ, ਰਾਜੇਸ਼ ਜਸਵਾਲ ਭਾਮ, ਜਸਵੀਰ ਸਿੰਘ ਜੱਲੋਵਾਲ, ਕੁਲਵੰਤ ਸਿੰਘ ਜੱਲੋਵਾਲ, ਸੁਰਿੰਦਰ ਪਾਲ ਸਿੰਘ ਸੰਧੂ ਚੱਬੇਵਾਲ ਆਦਿ ਹਾਜਰ ਸਨ।

ਇਨਸਾਨ ਨੂੰ ਆਪਣੇ ਵਿਚਾਰਾਂ ਦੀ ਪਕਿਆਈ ਰੱਖਣ ਲਈ ਕਰਨੀਆਂ ਪੈਂਦੀਆਂ ਨੇ ਕਈ ਕੁਰਬਾਨੀਆਂ : ਸੇਖੋਂ

ਬਹਿਰਾਮ (ਅਵਤਾਰ ਕਲੇਰ)

ਕਾਮਰੇਡ ਅਵਤਾਰ ਸਿੰਘ ਤੇ ਉਨ੍ਹਾਂ ਦੀ ਧਰਮਪਤਨੀ ਬੀਬੀ ਗਿਆਨ ਕੌਰ ਦੀ ਸਾਲਾਨਾ ਬਰਸੀ ਪਿੰਡ ਪਠਲਾਵਾ ਵਿਖੇ ਮਨਾਈ ਗਈ। ਉਨ੍ਹਾਂ ਦੀ ਯਾਦਗਾਰ 'ਤੇ ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਝੰਡਾ ਝੁਲਾਇਆ ਤੇ ਕਿਹਾ ਕਿ ਇਨਸਾਨ ਨੂੰ ਜ਼ਿੰਦਗੀ ਵਿੱਚ ਆਪਣੇ ਵਿਚਾਰਾਂ ਦੀ ਪਕਿਆਈ ਰੱਖਣ ਲਈ ਕਈ ਤਰ੍ਹਾਂ ਦੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਬੀ ਜੇ ਪੀ ਤੇ ਆਰ ਐੱਸ ਐੱਸ ਹਿੰਦੂ ਹਿੰਦੀ ਹਿੰਦੁਸਤਾਨ ਦੇ ਨਾਅਰੇ ਹੇਠ ਦੇਸ਼ ਦੀ ਜਨਤਾ ਨੂੰ ਗੁੰਮਰਾਹ

ਕਰਕੇ ਹਿੰਦੂ ਰਾਸ਼ਟਰ ਦਾ ਬਣਾਉਣ ਦਾ ਸੁਨੇਹਾ ਦੇ ਰਹੀ ਹੈ। ਦੇਸ਼ ਦਾ ਪ੍ਰਧਾਨ ਮੰਤਰੀ ਚਰਚਾ ਕਰ ਰਿਹਾ ਹੈ ਕਿ ਕਮਿਊਨਿਸਟ ਮੇਰੇ ਵਿਰੋਧੀ ਹਨ। ਸਾਥੀ ਸੇਖੋਂ ਨੇ ਪੰਜਾਬ ਸਰਕਾਰ ਤੇ ਬੋਲਦਿਆਂ ਕਿਹਾ ਕਿ 11 ਮਹੀਨਿਆਂ ਵਿੱਚ ਭਗਵੰਤ ਮਾਨ ਨੇ ਪੰਜਾਬ ਸਿਰੋਂ ਕਰਜਾ ਲਾਹੁਣ ਦੀ ਬਜਾਏ ਤੀਹ ਹਜਾਰ ਕਰੋੜ ਰੁਪਏ ਹੋਰ ਚਾੜ੍ਹ ਦਿੱਤੇ ਹਨ ਜਦ ਕਿ ਪਹਿਲਾਂ 3 ਲੱਖ ਹਜਾਰ ਕਰੋੜ ਰੁਪਏ ਪੰਜਾਬ ਸਿਰ ਕਰਜਾ ਹੈ। ਭਗਵੰਤ ਮਾਨ ਵਲੋਂ ਆਪਣੀ ਪਾਰਟੀ ਦਾ ਪ੍ਰਚਾਰ ਕਰਨ ਲਈ ਮੁਹੱਲਾ ਕਲੀਨਿਕ ਖੋਲੇ ਜਾ ਰਹੇ ਹਨ ਅਤੇ ਪੰਜਾਬ ਦੇ ਮੌਜੂਦਾ ਹਸਪਤਾਲ ਤੇ ਡਿਸਪੈਂਸਰੀਆਂ ਵਿਚ ਪਹਿਲਾਂ ਹੀ ਕੋਈ ਡਾਕਟਰ ਨਹੀਂ ਹੈ। ਇਸ ਲਈ ਆਉਣ ਵਾਲੇ ਸਮੇਂ ਲਈ ਸੀ ਪੀ ਆਈ ਐਮ ਵਿਸ਼ੇਸ਼ ਮੁੱਦਿਆਂ 'ਤੇ ਲੋਕਾਂ ਨੂੰ ਜਾਗਰੂਕ ਕਰਕੇ ਸੰਘਰਸ਼ ਉਲੀਕੇਗੀ। ਇਸ ਮੌਕੇ 'ਤੇ ਪਿੰਡ ਦੇ ਪਹਿਲੇ ਨਾਮਵਰ ਕਾਮਰੇਡ ਬੰਤਾ ਸਿੰਘ, ਮਾ. ਪ੍ਰੇਮ ਸਿੰਘ, ਕਾ. ਧੰਨਾ ਰਾਮ,ਕਪੂਰ ਸਿੰਘ, ਬਿਸ਼ਨ ਸਿੰਘ, ਗੁਰਬਚਨ ਸਿੰਘ, ਗੁਰਦੇਵ ਸਿੰਘ ਪਰਵਾਨਾ, ਗੋਵਿੰਦਾ ਰਾਮ, ਹਕੀਮ ਦਲੀਪ ਸਿੰਘ, ਬਖਸ਼ੀਸ਼ ਸਿੰਘ ਪ੍ਰੇਮ ਸਿੰਘ, ਸੁਰਿੰਦਰ ਸਿੰਘ, ਹਰਬੰਸ ਸਿੰਘ, ਕਸ਼ਮੀਰ ਸਿੰਘ ਆਦਿ ਸਾਥੀਆਂ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਤਹਿਸੀਲ ਸਕੱਤਰ ਕਾਮਰੇਡ ਕੁਲਦੀਪ ਝਿੰਗੜ ਨੇ ਨਿਭਾਈ। ਇਸ ਮੌਕੇ 'ਤੇ ਰੌਸ਼ਨ ਲਾਲੀ,ਹੁਸਨ ਸਿੰਘ ਮਾਂਗਟ,ਮਾ. ਤਰਸੇਮ ਸਿੰਘ, ਗੁਰਦੀਪ ਸਿੰਘ ਗੁਲਾਟੀ, ਮਨਫੂਲ, ਕਮਲਜੀਤ ਸਿੰਘ ਰੱਕੜ, ਤਰਸੇਮ ਸਿੰਘ ਸਾਬਕਾ ਸਰਪੰਚ, ਜਸਵਿੰਦਰ ਸਿੰਘ ਪੰਚ,ਚੈਨ ਸਿੰਘ,ਸਾਥੀ ਅਵਤਾਰ ਸਿੰਘ ਦੇ ਪੁੱਤਰ ਸਾਥੀ ਨਿਰਮਲ ਸਿੰਘ ਯੂ ਐਸ ਏ ਤੇ ਮਨਜੀਤ ਸਿੰਘ ਯੂ ਕੇ ਅਤੇ ਹੋਰ ਪਰਵਾਰਕ ਮੈਂਬਰ ਤੇ ਰਿਸ਼ਤੇਦਾਰ ਹਾਜਰ ਸਨ।

ਤਰਲੋਚਨ ਸਿੰਘ ਰਾਣਾ ਦੇ ਸਦੀਵੀ ਵਿਛੋੜੇ ਨਾਲ ਮੁਲਾਜ਼ਮ ਤੇ ਮਜ਼ਦੂਰ ਵਰਗ ਨੂੰ ਪਿਆ ਵੱਡਾ ਘਾਟਾ : ਭਗਤ ਰਾਮ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

ਮਾਸਟਰ ਭਗਤ ਰਾਮ ਸਾਬਕਾ ਐਮ ਪੀ ਨੇ ਉਘੇ ਮੁਲਾਜਮ ਆਗੂ ਸਾਥੀ ਤਰਲੋਚਨ ਸਿੰਘ ਰਾਣਾ ਦੇ ਸਦੀਵੀ ਵਿਛੋੜੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਦੀ ਜੀਵਨ ਸਾਥਣ ਬੀਬੀ ਮਨਜੀਤ ਕੌਰ ਤੇ ਪਰਵਾਰ ਨਾਲ ਦੁੱਖ ਸਾਂਝਾ ਕਰਦੇ ਹੋਏ ਉਨ੍ਹਾਂ ਨਾਲ ਡੂੰਘੀ ਹਮਦਰਦੀ ਦਾ ਇਜਹਾਰ ਕੀਤਾ ਹੈ। ਉਨ੍ਹਾਂ ਦੀ ਮੌਤ ਨਾਲ ਪਰਵਾਰ ਤੇ ਮੁਲਾਜਮ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਲੰਮਾ ਸਮਾਂ ਗੌਰਮਿੰਟ ਟੀਚਰਜ ਯੂਨੀਅਨ ਤੇ ਮੁਲਾਜਮ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਹੇ। ਉਹ ਪੰਜਾਬ ਦੇ ਟੀਚਰਾਂ ਅਤੇ ਮੁਲਾਜਮਾਂ ਦੇ ਬੜੇ ਹਰਮਨ ਪਿਆਰੇ ਤੇ ਸਤਕਾਰਤ ਲੀਡਰ ਸਨ। ਉਨ੍ਹਾਂ ਨੇ ਪੰਜਾਬ ਦੀ ਮੁਲਾਜਮ ਲਹਿਰ ਨੂੰ ਨਿਜੀ ਸਵਾਰਥਾਂ ਤੇ ਮੇਲਮਿਲਾਪ ਦੀ ਸੌੜੀ ਨੀਤੀ ਤੋਂ ਕੱਢ ਕੇ ਜਥੇਬੰਦਕ ਸੰਘਰਸ਼ਾਂ ਦੇ ਰਾਹ ਪਾਉਂਣ ਲਈ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਦੀ ਅਗਵਾਈ ਵਿੱਚ ਅਧਿਆਪਕਾਂ ਤੇ ਮੁਲਾਜ਼ਮਾਂ ਨੇ ਅਨੇਕਾਂ ਸੰਘਰਸ਼ ਲੜੇ ਅਤੇ ਕਈ ਅਹਿਮ ਪ੍ਰਾਪਤੀਆਂ ਕੀਤੀਆਂ।

ਸਾਬਕਾ ਮੁਲਾਜ਼ਮ ਆਗੂ ਮਾਸਟਰ ਭਗਤ ਰਾਮ ਨੇ ਉਨ੍ਹਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਨਾਲ ਲੰਮੇ ਸਮੇਂ ਤਕ ਮਿਲ ਕੇ ਸੂਬਾਈ ਟੀਮ ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਉਹ ਮਾਰਕਸਵਾਦੀ ਸੋਚ ਦੇ ਧਾਰਨੀ ਸਨ। ਇਸ ਲਈ ਉਨ੍ਹਾਂ ਨੇ ਰਿਟਾਇਰਮੈਂਟ ਤੋਂ ਬਾਅਦ ਆਰਾਮ ਕਰਨ ਦੀ ਬਜਾਏ ਸੀਪੀਆਈਐਮ ਵਿਚ ਸ਼ਾਮਿਲ ਹੋ ਕੇ ਲੋਕ ਸੇਵਾ ਦੇ ਕੰਮ ਕਰਨ ਨੂੰ ਤਰਜੀਹ ਦਿੱਤੀ। ਉਹ ਜ਼ਿਲ੍ਹਾ ਸੈਕਟਰੀ ਤੇ ਸੂਬਾ ਕਮੇਟੀ ਮੈਂਬਰ ਵੀ ਰਹੇ। ਉਹ ਲੋਕ ਸੇਵਾ, ਮੁਲਾਜ਼ਮ ਤੇ ਮਜਦੂਰ ਲਹਿਰ ਨੂੰ ਜੀਵਨ ਭਰ ਸਮਰਪਿਤ ਰਹੇ। ਉਨ੍ਹਾਂ ਦੀ ਯਾਦ ਨੂੰ ਸੱਚੀ ਸ਼ਰਧਾਂਜਲੀ ਦੇਸ਼ ਵਿਚ ਜਮਹੂਰੀਅਤ ਦੀ ਰਾਖੀ ਲਈ ਖੱਬੀ ਜਮਹੂਰੀ ਲਹਿਰ ਨੂੰ ਮਜਬੂਤ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣ ਲਈ ਅੱਗੇ ਆ ਕੇ ਭਰਪੂਰ ਯਤਨ ਕੀਤੇ ਜਾਣੇ ਚਾਹੀਦੇ ਹਨ।

ਰਵਿਦਾਸ ਸਭਾਵਾਂ ਨੇ ਪ੍ਰਸ਼ਾਸਨ ਨਾਲ ਕੀਤੀ ਮੀਟਿੰਗ

ਫਿਲੌਰ (ਨਿਰਮਲ)

ਸ੍ਰੀ ਗੁਰੂ ਰਵਿਦਾਸ ਮੰਦਰ ਫਿਲੌਰ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਪ੍ਰਸ਼ਾਸਨ ਅਧਿਕਾਰੀਆਂ ਤੇ ਰਵਿਦਾਸ ਸਭਾਵਾਂ ਦੀ ਮੀਟਿੰਗ ਹੋਈ। ਜਿਸ ਵਿੱਚ ਐਸ.ਡੀ.ਐਮ ਅਮਨਪਾਲ ਸਿੰਘ ਫਿਲੌਰ, ਬਲਜਿੰਦਰ ਸਿੰਘ ਤਹਿਸੀਲਦਾਰ, ਜਗਦੀਸ ਰਾਜ ਡੀ.ਐਸ.ਪੀ ਫਿਲੌਰ, ਸੁਰਿੰਦਰ ਕੁਮਾਰ ਇੰਸਪੈਕਟਰ ਐਸ.ਐਚ.ਓ ਫਿਲੌਰ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਪਹੁੰਚੇ। ਇਸ ਮੌਕੇ ਰਾਜ ਕੁਮਾਰ ਸੰਧੂ ਪ੍ਰਧਾਨ ਤਾਰਾ ਚੰਦ ਜੱਖੂ ਜਰਨਲ ਸਕੱਤਰ ਤੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੇ ਸਮੱਸਿਆਵਾਂ ਦੱਸੀਆਂ ਤੇ ਵਿਭਾਗ ਦੇ ਅਧਿਕਾਰੀਆਂ ਨੇ ਸਮੱਸਿਆਵਾਂ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਪ੍ਰਕਾਸ਼ ਪੁਰਬ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ 'ਤੇ ਸੋਹਣ ਲਾਲ ਗਾਦੜੇ, ਚਮਨ ਲਾਲ, ਰਜਿੰਦਰ ਸੰਧੂ, ਦਲੀਪ ਕੁਮਾਰ ਇੰਸਪੈਕਟਰ ਨਗਰ ਕੌਂਸਲ, ਸੁਖਦੇਵ ਸਿੰਘ ਅੱਟਾ, ਬੁੱਧ ਪ੍ਰਕਾਸ਼ ਗੜ੍ਹਾ, ਨਰਿੰਦਰ ਕੁਮਾਰ, ਜਗਤਾਰ ਚੰਦ ਸਰਪੰਚ, ਅਤੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਅਹੁਦੇਦਾਰ ਤੇ ਮੈਂਬਰ ਸ਼ਾਮਲ ਸਨ।

500 ਨਸ਼ੀਲੀਆਂ ਗੋਲੀਆਂ ਤੇ ਚੋਰੀ ਦੇ 2 ਮੋਟਰਸਾਈਕਲਾਂ ਸਮੇਤ 2 ਕਾਬੂ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)

ਸਰਤਾਜ ਸਿੰਘ ਚਾਹਲ ਆਈ ਪੀ ਐੱਸ, ਐੱਸ ਐੱਸ ਪੀ ਸਾਹਿਬ ਹੁਸ਼ਿਆਰਪੁਰ ਵਲੋਂ ਨਸ਼ੇ ਦੇ ਤਸਕਰਾਂ,ਲੁੱਟਾਂ ਖੋਹਾਂ ਦੇ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਦਲਜੀਤ ਸਿੰਘ ਖੱਖ ਉਪ ਕਪਤਾਨ ਪੁਲਸ ਸਬ ਡਵੀਜਨ ਗੜ੍ਹਸ਼ੰਕਰ ਦੀ ਹਦਾਇਤ ਅਨੁਸਾਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਗੜ੍ਹਸ਼ੰਕਰ ਦੀ ਨਿਗਰਾਨੀ ਹੇਠ ਐੱਸ ਆਈ ਰਾਕੇਸ਼ ਕੁਮਾਰ ਸਿੰਘ ਥਾਣਾ ਗੜ੍ਹਸ਼ੰਕਰ ਨੇ ਸਮੇਤ ਪੁਲਿਸ ਪਾਰਟੀ ਗਸਤ ਦੌਰਾਨ ਨਹਿਰ ਪੁਲ ਰਾਵਲ ਪਿੰਡੀ ਰੋਡ 'ਤੇ ਗੜ੍ਹਸ਼ੰਕਰ ਵਿਖੇ ਇਕ ਮੋਟਰਸਾਈਕਲ ਸਪਲੈਂਡਰ ਬਿਨਾਂ ਨੰਬਰ 'ਤੇ ਸਵਾਰ ਹੋ ਕੇ ਆ ਰਹੇ ਦੋ ਨੌਜਵਾਨਾਂ ਰਿਸ਼ੂ ਪੁੱਤਰ ਸੁਭਾਸ਼ ਚੰਦਰ ਵਾਸੀ

ਸਮੁੰਦੜਾ ਅਤੇ ਬਲਕਾਰ ਸਿੰਘ ਪੁੱਤਰ ਮਨਮੋਹਨ ਸਿੰਘ ਵਾਸੀ ਚੱਕ ਗੁਜਰਾਂ ਥਾਣਾ ਗੜ੍ਹਸ਼ੰਕਰ ਨੂੰ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਤਾਂ ਉਸ ਦੀ ਤਲਾਸ਼ੀ ਲੈਣ ਉਪਰੰਤ ਰਿਸ਼ੂ ਕੋਲੋਂ 340 ਨਸ਼ੀਲੀਆਂ ਗੋਲੀਆਂ ਅਤੇ ਬਲਕਾਰ ਸਿੰਘ ਕੋਲੋਂ 160 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਵਲੋਂ ਪੁੱਛਗਿੱਛ ਦੌਰਾਨ ਦੋਸ਼ੀਆਂ ਨੇ ਮੰਨਿਆ ਕਿ ਉਹਨਾਂ ਨੇ ਇਹ ਮੋਟਰਸਾਈਕਲ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਇਲਾਕੇ 'ਚੋਂ ਚੋਰੀ ਕੀਤੇ ਸਨ। ਪੁਲਸ ਵਲੋਂ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਡਾਂਡੀਆਂ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ ਆਰੰਭ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਡਾਡੀਆ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ 'ਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ 03 ਫਰਵਰੀ ਤੱਕ ਕੱਢੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 03 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ ਇਸ ਮੌਕੇ ਪ੍ਰਕਾਸ ਪੁਰਬ ਸਬੰਧੀ 05 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਗਏ। ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਨਿਰਮਲ ਸਿੰਘ, ਮਾਸਟਰ ਮੋਹਣ ਸਿੰਘ ਡਾਡੀਆ, ਖੁਸ਼ੀਆ ਸਿੰਘ, ਹਰਭਜਨ ਸਿੰਘ, ਜੋਗਿੰਦਰ ਸਿੰਘ, ਪਰਮਜੀਤ ਕੌਰ, ਰਾਖੀ, ਬਿੰਬੋ, ਤੁਮੰਨਾ, ਤੀਰਥੋ, ਅਮਨਾ, ਰਮਨਾ, ਸੁਰਜੀਤ ਕੌਰ, ਬਿੱਲੂ, ਬਾਬਾ ਕਸ਼ਮੀਰ ਸਿੰਘ ਡਾਡੀਆ, ਬਲਵੀਰ ਸਿੰਘ, ਬਹਾਦਰ ਸਿੰਘ, ਮਹਿਕ, ਪੰਮੀ, ਸਿਮਰਨ, ਗਿਆਨ, ਲੱਗੂ ਆਦਿ ਹਾਜਰ ਸਨ।

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗਰੰਥ... (ਸ.ਫ਼ਾ 12 ਦੀ ਬਾਕੀ)

ਵਰਗ ਦੇ ਨੌਜਵਾਨ ਆਪਣੇ ਲਈ ਸਰਕਾਰ ਤੋਂ ਨੌਕਰੀ ਮੰਗਦੇ ਸਨ, ਉਨ੍ਹਾਂ ਨੂੰ ਰੋਕਣ ਲਈ ਹੁਣ ਇਸ ਵਾਰ ਜਿਹੜਾ ਉਚ ਸਿੱਖਿਆ ਦਾ ਸੈਸ਼ਨ ਸ਼ੁਰੂ ਹੋ ਰਿਹਾ ਹੈ, ਉਸ 'ਚ ਕੇਂਦਰ ਸਰਕਾਰ ਨੇ ਇਹ ਗਰੈਜੂਏਸ਼ਨ ਹੁਣ ਚਾਰ ਸਾਲਾਂ ਦੀ ਕਰ ਦਿੱਤੀ ਹੈ., ਜਿਹੜੀ ਇਸ ਵਾਰ 2023 ਤੋਂ ਸ਼ੁਰੂ ਹੋਵੇਗੀ। ਇਹ ਇਸ ਲਈ ਕੀਤੀ ਗਈ ਹੈ ਕਿ ਇਸ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਤ ਐੱਸ ਸੀ, ਐੱਸ ਟੀ, ਓ ਬੀ ਸੀ ਤੇ ਬੀ ਸੀ ਵਰਗ ਹੋਵੇਗਾ, ਕਿਉਕਿ ਗਰੀਬੀ ਕਰਕੇ ਪਹਿਲਾਂ ਹੀ ਇਹਨਾਂ ਵਰਗਾਂ ਦੇ ਲੋਕ ਆਪਣੇ ਬੱਚਿਆਂ ਨੂੰ ਬਹੁਤ ਹੀ ਮੁਸ਼ਕਲ ਨਾਲ ਨੌਕਰੀ ਪ੍ਰਾਪਤ ਕਰਨ ਲਾਇਕ ਕਰਦੇ ਹਨ।

ਸੂਝਵਾਨ ਲੋਕੋ, ਤੁਸੀਂ ਆਪ ਹੀ ਆਪਣੇ ਮਸੀਹਾ ਬਣਨ ਲਈ ਵੱਧ ਤੋਂ ਵੱਧ ਪੜ੍ਹੋ, ਲਿਖੋ ਤੇ ਵੱਧ ਤੋਂ ਵੱਧ ਕਾਨੂੰਨ ਦੀ ਪੜ੍ਹਾਈ ਕਰਕੇ ਸੰਵਿਧਾਨ ਵਿੱਚ ਬਾਬਾ ਸਾਹਿਬ ਵੱਲੋਂ ਦਿੱਤੇ ਆਪਣੇ ਹੱਕਾਂ ਨੂੰ ਲੈਣ ਦੇ ਕਾਬਿਲ ਬਣੋ। ਭਾਰਤ ਦੀ ਅਜ਼ਾਦੀ ਤੋਂ ਪਹਿਲਾਂ ਬੈਠੇ ਦਲਿਤ ਤੇ ਹੋਰ ਵਰਗਾਂ ਦੇ ਗਰੀਬ ਲੋਕਾਂ ਨੂੰ ਪੂੰਜੀਪਤੀਆਂ ਦੀ ਸਰਕਾਰ ਨੇ ਬੁਲਡੋਜ਼ਰ ਚਲਾ ਕੇ ਇਸ ਤਰ੍ਹਾਂ ਉਜਾੜਿਆ, ਜਿਵੇਂ ਉਹ ਕਿਸੇ ਹੋਰ ਦੇਸ਼ ਦੇ ਨਿਵਾਸੀ ਹੋਣ ਤੇ ਉਨ੍ਹਾਂ ਨਾਲ ਮੌਜੂਦਾ ਪੰਜਾਬ ਸਰਕਾਰ ਤੇ ਭਾਰਤ ਦੀ ਸੁਪਰੀਮ ਕੋਟ ਵੱਲੋਂ ਦਿੱਤੇ ਹੁਕਮਾਂ 'ਤੇ ਕੀਤੇ ਉਜਾੜੇ ਨਾਲ ਭਾਰਤ-ਪਕਿਸਤਾਨ ਦੀ ਵੰਡੇ ਵੇਲੇ ਹੋਏ ਉਜਾੜੇ ਦੀ ਯਾਦ ਤਾਜ਼ਾ ਕਰਵਾਈ ਗਈ ਹੈ। ਬੀ ਜੇ ਪੀ ਦੀ ਸਰਕਾਰ ਨੇ ਵੇਚੇ ਬਹੁਤੇ ਸਰਕਾਰੀ ਵਿਭਾਗਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਸੌਂਪਿਆ ਤੇ ਉਨ੍ਹਾਂ ਵਿੱਚ ਇਨ੍ਹਾਂ ਵਰਗਾਂ ਨੂੰ ਮਿਲਣ ਵਾਲਾ ਆਰਕਸ਼ਣ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਹੈ।

ਮੌਜੂਦਾ ਭਾਜਪਾ ਸਰਕਾਰ ਇੱਕ ਸ਼ਾਤਿਰ ਸਰਕਾਰ ਹੈ, ਇਸ ਦਾ ਇੱਕੋ ਇਕ ਮਕਸਦ ਹੈ ਕਿ ਕਿਸੇ ਵੀ ਤਰ੍ਹਾਂ ਪੂਰੇ ਭਾਰਤ ਵਿੱਚ ਬ੍ਰਾਹਮਣਵਾਦੀ ਵਿਵਸਥਾ ਦੁਬਾਰਾ ਲਿਆਉਣੀ। ਆਰ ਐੱਸ ਐੱਸ ਪਿਛਲੇ 90 ਸਾਲਾਂ ਤੋਂ ਇਸੇ ਵਿੱਚ ਲੱਗਾ ਹੋਇਆ ਹੈ। ਜਿਹੜਾ ਇਸ ਦੇਸ਼ ਵਿੱਚ ਫਿਰ ਤੋਂ ਮਨੂੰ ਸਿਮਰਤੀ ਲਾਗੂ ਕਰਨ ਦੀ ਤਿਆਰੀ ਈ ਵੀ ਐੱਮ ਰਾਹੀਂ ਚਾਲਬਾਜ਼ੀ ਨਾਲ ਜਿੱਤ ਪ੍ਰਾਪਤ ਕਰਕੇ ਇਸ ਵਿੱਚ ਜ਼ੋਰਸ਼ੋਰ ਨਾਲ ਲੱਗਾ ਹੋਇਆ ਹੈ।

ਇਸ ਦੇ ਨਾਲ ਹੀ ਇਸ ਨੂੰ ਹੀ ਆਰਕਸ਼ਣ ਕਿਹਾ ਜਾਦਾ ਹੈ, ਜਿਵੇਂ ਇਹ ਜਦੋ ਕਿਸੇ ਸਕੂਲ ਦੀ ਟੀਮ ਵਿੱਚ ਚੁਣੇ ਨਾ ਜਾਣ ਦੇ ਬਾਵਜੂਦ ਅਮਿਤ ਸ਼ਾਹ ਦਾ ਸ਼ਾਤਿਰ ਬੇਟਾ ਜੈ ਸ਼ਾਹ ਬੀ ਸੀ ਸੀ ਆਈ ਦਾ ਸਕੱਤਰ ਬਣ ਜਾਵੇ। ਜਦੋਂ ਬਿਨਾਂ ਯੋਗਤਾ ਤੇ ਬਿਨਾਂ ਕਿਸੇਂ ਪ੍ਰਤੀਯੋਗੀ ਪ੍ਰੀਖਿਆ ਤੇ ਬਿਨਾਂ ਇੰਟਰਵਿਊ ਤੋਂ ਸਿੱਧਾਂ ਹਾਈ ਕੋਰਟ, ਸੁਪਰੀਮ ਕੋਰਟ ਵਿੱਚ ਆਪਣੇ ਪਰਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ ਨੂੰ ਜੱਜ ਨਿਯੁਕਤ ਕੀਤਾ ਜਾਂਦਾ ਹੈ। ਜਦੋਂ ਸਾਰੀਆਂ ਯੋਗਤਾਵਾਂ ਪੂਰੀਆਂ ਕਰਨ ਵਾਲਾ ਐੱਸ ਸੀ, ਐੱਸ ਟੀ, ਓ ਬੀ ਸੀ ਉਮੀਦਵਾਰ ਆਯੋਗ ਐਲਾਨ ਦਿੱਤਾ ਜਾਂਦਾ ਹੈ।ਕੇਂਦਰੀ ਮੰਤਰੀ ਦਾ ਪੁੱਤਰ ਬਿਨਾਂ ਪ੍ਰਤੀਯੋਗੀ ਪ੍ਰੀਖਿਆ ਰਾਜ ਤੇ ਵੱਡੇ ਅਹੁਦੇ ਉਪਰ ਬੈਠ ਜਾਂਦਾ ਹੈ, ਉਹ ਆਰਕਸ਼ਣ ਹੈ। ਜਦੋਂ ਪੂਰੇ ਦੇਸ਼ ਵਿੱਚ ਲਾਕਡਾਊਨ ਲੱਗਾ ਤਾਂ ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਮੰਦਰਾਂ ਵਿੱਚ ਚਲੇ ਜਾਂਦੇ ਸਨ, ਵਿਆਹ-ਸ਼ਾਦੀਆਂ ਵਿੱਚ ਨੱਚਦੇ-ਟੱਪਦੇ ਸਨ, ਕੋਈ ਨਹੀਂ ਪੁੱਛਦਾ। ਜਦੋਂ ਕੋਈ ਮਜ਼ਦੂਰ ਰੋਟੀ ਕਮਾਉਣ ਲਈ ਬਾਹਰ ਨਿਕਲਿਆ ਤਾਂ ਉਸ ਨੂੰ ਮੁਰਗਾ ਬਣਨਾ ਪਿਆ, ਇਹ ਆਰਕਸ਼ਣ ਹੀ ਹੈ। ਜਦੋਂ ਜਿਸ ਨੇ ਅੱਜ ਤੱਕ ਤੀਰ ਕਮਾਨ ਨਹੀ ਬਣਾਇਆ, ਉਸ ਨੂੰ ਸਿੱਧਾ ਰਾਫੇਲ ਲਾੜਾਕੂ ਜਹਾਜ਼ ਬਣਾਉਣ ਦਾ ਬਿਨਾਂ ਯੋਗਤਾ ਤੋਂ ਲਾਇਸੈਂਸ ਦੇਣਾ ਕੀ ਆਰਕਸ਼ਣ ਨਹੀਂ ਹੈ। ਇਸ ਲਈ ਤੁਸੀਂ ਇਸ ਸਰਕਾਰ ਦੀਆ ਸ਼ਾਤਿਰ ਚਾਲਾਂ ਵਿਚੋਂ ਨਿਕਲ ਕੇ ਆਪਣੇ ਵਰਗ ਤੇ ਪਰਵਾਰਾਂ ਨੂੰ ਆਉਣ ਵਾਲੀਆਂ ਮੁਸ਼ਕਲਾਂ ਵਿੱਚੋਂ ਕੱਢਣ ਲਈ ਹੰਭਲਾ ਮਾਰੋ। ਇਸ ਵਾਰ 31 ਜਨਵਰੀ ਨੂੰ ਅਨੁਸੂਚਿਤ ਵਰਗ ਦੇ ਲੋਕ ਜਦੋ ਉਹ ਪੜ੍ਹ-ਲਿਖ ਕੇ ਆਤਮ ਗਿਆਨਵਾਨ ਹੋ ਗਏ ਤਾਂ ਤਾਮਿਲਨਾਡੂ ਦੇ ਜ਼ਿਲ੍ਹਾ ਤਿਰੂਵਣਮਲਾਈ ਦੇ ਇੱਕ ਦੋ ਸੌ ਸਾਲਾਂ ਤੋ ਵੱਧ ਪੁਰਾਣੇ ਮੰਦਰ ਵਿੱਚ ਅਜ਼ਾਦੀ ਤੋਂ ਪਹਿਲਾਂ ਦੇ ਇਸ ਮੰਦਰ ਵਿੱਚ 80 ਸਾਲਾਂ ਬਾਅਦ ਪਹਿਲੀ ਵਾਰ ਪੂਜਾ ਕਰਨ ਦਾ ਹੱਕ ਭਾਰੀ ਪੁਲਸ ਨਾਲ ਮਿਲਿਆ। ਦਰਆਸਲ ਤਿਰੂਵਣਮਲਾਈ ਦੇ ਥੇਨਮੁਡਿਆਨੂਰ ਪਿੰਡ ਵਿੱਚ ਅਨੁਸੂਚਿਤ ਵਰਗ ਦੇ ਪੰਜ ਸੌ ਤੋਂ ਵੱਧ ਪਰਵਾਰ ਰਹਿੰਦੇ ਹਨ, ਪਰ ਇਸ ਪਿੰਡ ਵਿੱਚ ਸਥਿਤ ਇਸ ਮੰਦਰ ਵਿੱਚ ਅਨੁਸੂਚਿਤ ਵਰਗ ਦੇ ਲੋਕਾਂ ਨੂੰ ਅੰਦਰ ਜਾ ਕੇ ਪੂਜਾ ਕਰਨ ਦੀ ਆਗਿਆ ਨਹੀਂ ਸੀ। ਇਸ ਮੰਦਰ ਵਿੱਚ ਜਾਣ ਵਾਲੀ ਮਨਿਮੇਕਲਾਈ ਨਾਂਅ ਦੀ ਔਰਤ ਨੂੰ ਇਸ ਮੰਦਰ ਵਿੱਚ ਆਉਣਾ ਇੱਕ ਸੁਪਨੇ ਦੇ ਸੱਚ ਹੋਣ ਵਰਗਾ ਮਹਿਸੂਸ ਹੋ ਰਿਹਾ ਹੈ। ਦੂਸਰੀ ਅਨੁਸੂਚਿਤ ਵਰਗ ਦੀ ਔਰਤ ਵਿਜੇ ਜਿਹੜੀ ਕਿ ਗਰਭਵਤੀ ਸੀ, ਨੇ ਕਿਹਾ ਕਿ ਮੈਂ ਇਸ ਮੰਦਰ ਵਿੱਚ ਪੂਜਾ ਕਰਨ ਤੋ ਬਾਅਦ ਖੁਸ਼ ਹਾਂ। ਮੇਰੇ ਬੱਚੇ ਦਾ ਜਨਮ ਉਸ ਵੇਲੇ ਹੋਵੇਗਾ, ਜਦੋਂ ਇਹ ਮੰਦਰ ਅਨੁਸੂਚਿਤ ਵਰਗ ਦੇ ਦਰਸ਼ਨਾਂ ਲਈ ਅੱਸੀ ਸਾਲਾਂ ਬਾਅਦ ਖੁੱਲ੍ਹਿਆ। ਪਹਿਲਾਂ ਤਾਂ ਇਸ ਮੰਦਰ ਦੇ ਬਾਹਰ ਹੀ ਖੜ੍ਹੇ ਹੋ ਕੇ ਅਨੁਸੂਚਿਤ ਵਰਗ ਦੇ ਲੋਕ ਪੂਜਾ ਕਰਦੇ ਸਨ। ਮੈਂ ਸਾਰੇ ਆਪਣੇ ਭੈਣਾਂ-ਭਰਾਵਾਂ ਤੇ ਮਾਤਾਵਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਉਸ ਮੰਦਰ ਵਿੱਚ ਜਾਂਦੇ ਹੀ ਕਿਉਂ ਹੋ, ਜਿੱਥੇ ਬਿਰਾਜਮਾਨ ਦੇਵੀ-ਦੇਵਤੇ ਅਗਰ ਸ਼ਕਤੀਵਾਨ ਹਨ ਤਾਂ ਤੁਹਾਨੂੰ ਰੋਕਣ ਵਾਲਿਆਂ ਨੂੰ ਸਬਕ ਕਿਉਂ ਨਹੀਂ ਸਿਖਾਉਂਦੇ। ਤੁਹਾਡੀ ਬਰਬਾਦੀ ਦਾ ਕਾਰਨ ਹੀ ਇਹੀ ਹੈ ਕਿ ਤੁਸੀਂ ਉਸ ਮਿੱਟੀ ਦੀ ਪੂਜਾ ਕਰ ਰਹੇ ਹੋ, ਜਿਹੜੀ ਬੇਜਾਨ ਹੈ, ਉਹ ਆਪਣੀ ਸੁਰੱਖਿਆ ਨਹੀ ਕਰ ਸਕਦੀ ਤਾਂ ਤੁਹਾਡੀ ਕੀ ਕਰੇਗੀ। ਤੁਸੀਂ ਬਾਬਾ ਸਾਹਿਬ ਦੇ ਕਾਨੂੰਨ ਦੀ ਪੂਜਾ ਕਰੋ ਤੇ ਪੜ੍ਹੋ। ਉਸ ਸੰਵਿਧਾਨ ਵਿੱਚ ਉਨ੍ਹਾ ਵੱਲੋਂ ਲਿਖੇ ਕਾਨੂੰਨ ਤੁਹਾਡੀਆਂ ਸਾਰੀਆਂ ਇਹਨਾਂ ਬ੍ਰਾਹਮਣਵਾਦੀ ਸੋਚ ਰੱਖਣ ਵਾਲੀਆਂ ਸਰਕਾਰਾਂ ਚਲਾਉਣ ਵਾਲਿਆਂ ਵੱਲੋਂ ਤੁਹਾਡੇ 'ਤੇ ਪਾਈਆਂ ਲੋਹੇ ਨਾਲੋਂ ਮਜ਼ਬੂਤ ਭੇਦਭਾਵ ਦੀਆ ਜੰਜ਼ੀਰਾਂ ਨੂੰ ਤੋੜ ਕੇ ਇਨ੍ਹਾਂ ਦੇ ਬਰਾਬਰ ਲਿਆਏਗਾ।

ਆਓ, ਇਸ ਲਈ ਸਾਰੇ ਪੰਜ ਫਰਵਰੀ ਨੂੰ ਆ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਇਹ ਪ੍ਰਣ ਕਰੀਏ ਕਿ ਗੁਰੂ ਰਵਿਦਾਸ ਜੀ ਦੇ 'ਐਸਾ ਚਾਹੂੰ ਰਾਜ ਮੈ ਜਹਾ ਮਿਲੇ ਸਭਿਨ ਕੋ ਅੰਨ॥ ਛੋਟ ਬੜੋ ਸਭ ਸਮਿ ਵਸੈ ਰਵਿਦਾਸ ਰਹੇ ਪ੍ਰਸੰਨ॥' ਦੇ ਵਚਨਾਂ 'ਤੇ ਚੱਲ ਕੇ ਇਸ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੀ ਛਤਰ-ਛਾਇਆ ਅਧੀਨ ਰਵਿਦਾਸੀਆ ਧਰਮ ਦੀ ਸਥਾਪਨਾ ਦਾ 14 ਵਾਂ ਸਾਲ ਮਨਾਈਏ ਤੇ ਪੂਰੀ ਦੁਨੀਆ ਵਿੱਚ ਇਸ ਦਾ ਝੰਡਾ ਝੁਲਾਈਏ। ਸ੍ਰੀ ਗੁਰੂ ਰਵਿਦਾਸ ਸ਼ਕਤੀ ਅਮਰ ਰਹੇ ਦੇ ਜੈਕਾਰੇ ਲਾਈਏ। -

ਮੇਰੇ ਵੱਲੋਂ ਕੀਤੇ ਇਸ ਉਪਰਾਲੇ ਵਿੱਚ ਆਪਣੇ ਸਮਾਜ ਨੂੰ ਅੱਗੇ ਵਧਾਉਣ ਲਈ ਜੇਕਰ ਕੋਈ ਸ਼ਬਦਾਂ ਦਾ ਯੋਗਦਾਨ ਪਾਏਗ ਤਾਂ ਮੈਨੂੰ ਖੁਸ਼ੀ ਹੋਵੇਗੀ। ਇਸ ਵਿੱਚ ਹਿੱਸਾ ਪਾਉਣ ਵਾਲੇ ਸਾਰੇ ਸਹਿਯੋਗੀਆਂ ਦਾ ਮੈਂ ਦਿਲੋਂ ਝੁਕ-ਝੁਕ ਕੇ ਸਲਾਮ ਕਰਦਾ ਹਾਂ।

ਨੰਬਰਦਾਰ ਰਾਮ ਗੋਪਾਲ ਦੀ ਮ੍ਰਿਤਕ ਦੇਹ ਨੂੰ ਤਿਰੰਗੇ ਝੰਡੇ ਨਾਲ ਲਿਪਟਾਇਆ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)

"ਆਓ ਝੁਕ ਕਰ ਸਲਾਮ ਕਰੇਂ ਉਨਕੋ, ਜਿਨਕੇ ਹਿੱਸੇ ਮੇਂ ਯੇਹ ਮੁਕਾਮ ਆਤਾ ਹੈ, ਖੁਸ਼ਨਸੀਬ ਹੋਤਾ ਹੈ ਵੋ ਖੂਨ, ਜੋ ਦੇਸ਼ ਕੇ ਕਾਮ ਆਤਾ ਹੈ" ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਜੁਝਾਰੂ ਨੰਬਰਦਾਰ ਅਤੇ ਨਸ਼ਾ ਵਿਰੋਧੀ ਫਰੰਟ ਦੇ ਆਗੂ ਰਾਮ ਗੋਪਾਲ ਲੱਖਣਪਾਲ ਇੱਕ ਅਜਿਹੀ ਸ਼ਖਸੀਅਤ ਸਾਬਿਤ ਹੋਏ ਜਿਨ੍ਹਾਂ ਨੇ ਅਜੋਕੇ ਸਮੇਂ ਦੀ ਸਭ ਤੋਂ ਵੱਡੀ ਬੁਰਾਈ ਨਸ਼ੇ ਖਿਲਾਫ ਬਹੁਤ ਲੰਬੇ ਸਮੇਂ ਤੋਂ ਪਿੰਡ ਲੱਖਣਪਾਲ ਵਿੱਚ ਡੱਟਕੇ ਲੜਾਈ ਲੜੀ। ਨਸ਼ਾ ਤਸਕਰਾਂ ਵੱਲੋਂ ਸਰੇਆਮ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਦੇ ਬਾਵਜੂਦ ਵੀ ਨੰਬਰਦਾਰ ਬੇਖੌਫ ਹੋ ਕੇ ਫੌਜੀਆਂ ਵਾਂਗ ਨਸ਼ਾ ਤਸਕਰਾਂ ਖਿਲਾਫ ਡੱਟਿਆ ਰਿਹਾ। ਅਖੀਰ ਬੀਤੇ ਦਿਨ ਨਸ਼ਾ ਤਸਕਰਾਂ ਨੇ ਸਮਾਜ ਸੇਵੀ ਨੰਬਰਦਾਰ ਰਾਮ ਗੋਪਾਲ ਨੂੰ ਇਕੱਲੇ ਦੇਖ ਕੇ ਬੜੀ ਬੇਰਹਿਮੀ ਨਾਲ

ਤੇਜਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਜਿਸ ਦੇ ਰੋਸ ਵਜੋਂ ਪਿੰਡ ਵਾਸੀਆਂ ਨੇ ਇਨਸਾਫ ਦੇ ਲਈ ਅਤੇ ਕਾਤਲਾਂ ਨੂੰ ਸਖਤ ਸਜਾਵਾਂ ਦੇਣ ਲਈ ਫਗਵਾੜਾ-ਜੰਡਿਆਲਾ ਰੋਡ ਧਰਨਾ ਲਗਾ ਕੇ ਬੰਦ ਕਰ ਦਿੱਤਾ। ਕਾਮਰੇਡ ਮੱਖਣ ਸਿੰਘ ਪੱਲਣ, ਜਸਵਿੰਦਰ ਸਿੰਘ ਢੇਸੀ, ਸ਼ਿਵ ਕੁਮਾਰ ਤਿਵਾੜੀ, ਸਾਬਕਾ ਸਰਪੰਚ ਮੇਲਾ ਸਿੰਘ, ਕੁਲਵੰਤ ਸਿੰਘ ਸੰਧੂ, ਸੰਦੀਪ ਸਿੰਘ ਸਮਰਾ, ਕੁਲਵੰਤ ਸਿੰਘ ਧਨੀ ਪਿੰਡ, ਵਰਿੰਦਰ ਸਿੰਘ, ਇੰਦਰਪਾਲ ਲੱਖਣਪਾਲ, ਐਡਵੋਕੇਟ ਦਿਨੇਸ਼ ਲੱਖਣਪਾਲ, ਜੌਹਲ ਜੰਡਿਆਲੀਆ ਨੇ ਪੁਲਸ ਪ੍ਰਸ਼ਾਸਨ ਦੀ ਪੋਲ ਖੋਲਦਿਆਂ ਭ੍ਰਿਸ਼ਟ ਕਰਾਰ ਦਿੱਤਾ ਤੇ ਕਿਹਾ ਕਿ ਪੁਲਸ ਹੀ ਨਸ਼ਾ ਵਿਕਾਉਂਦੀ ਹੈ। ਨਤੀਜੇ ਵਜੋਂ ਸਾਡਾ ਸਾਥੀ ਸ਼ਹੀਦ ਹੋ ਗਿਆ। ਉਕਤ ਆਗੂਆਂ ਨੇ ਮੰਗ ਕੀਤੀ ਕਿ ਸਾਥੀ ਨੰਬਰਦਾਰ ਨੂੰ ਸ਼ਹੀਦ ਦਾ ਦਰਜਾ, ਸਰਕਾਰੀ ਸਕੂਲ ਦਾ ਨਾਂਅ ਸ਼ਹੀਦ ਰਾਮ ਗੋਪਾਲ ਨੰਬਰਦਾਰ ਦੇ ਨਾਂਅ 'ਤੇ ਰੱਖਿਆ ਜਾਵੇ। ਨੰਬਰਦਾਰ ਦੇ ਬੇਟੇ ਵੰਸ ਸਰਮਾ ਜਾਂ ਪਤਨੀ ਹਰਜੀਤ ਕੌਰ ਨੂੰ ਸਰਕਾਰੀ ਨੌਕਰੀ ਦੇ ਨਾਲ ਮਾਲੀ ਸਹਾਇਤਾ ਦਿੱਤੀ ਜਾਵੇ। ਹਲਕਾ ਵਿਧਾਇਕ ਪ੍ਰਗਟ ਸਿੰਘ ਅਤੇ ਆਮ ਪਾਰਟੀ ਇੰਚਾਰਜ ਸੁਰਿੰਦਰ ਸਿੰਘ ਸੋਢੀ ਵੀ ਧਰਨੇ ਵਿੱਚ ਡੱਟ ਕੇ ਬੈਠੇ ਰਹੇ, ਮੰਗਾਂ ਮੰਨਵਾਉਣ ਲਈ ਆਪਣੀ ਪੂਰੀ ਵਾਹ ਲਗਾਉਂਦੇ ਰਹੇ। ਨੰਬਰਦਾਰ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਲਾਇਨ ਅਸ਼ੋਕ ਸੰਧੂ ਨੰਬਰਦਾਰ ਨੂਰਮਹਿਲ ਨੇ ਮੰਗ ਕੀਤੀ ਕਿ ਉਸ ਦੀ ਕੁਰਬਾਨੀ ਦੀ ਪੜਚੋਲ ਕਰਦਿਆਂ ਸਰਕਾਰ ਉਸਦੇ ਪਰਵਾਰ ਨੂੰ ਦੋ ਕਰੋੜ ਰੁਪਏ ਦੀ ਮਾਲੀ ਸਹਾਇਤਾ ਦੇਵੇ। ਧਰਨੇ ਦੇ ਦੂਜੇ ਦਿਨ ਏ.ਡੀ.ਸੀ ਵਰਿੰਦਰਪਾਲ ਸਿੰਘ ਬਾਜਵਾ ਨੇ ਨੰਬਰਦਾਰ ਦੀ ਪਤਨੀ ਨੂੰ 5 ਲੱਖ ਰੁਪਏ ਦਾ ਚੈੱਕ ਸੌਂਪਿਆ ਅਤੇ ਬਾਕੀ ਮੰਗਾਂ ਮੰਨੇ ਜਾਣ ਦਾ ਭਰੋਸਾ ਦੇਣ ਉਪਰੰਤ ਨੰਬਰਦਾਰ ਦੇ ਸੰਸਕਾਰ ਕਰਨ ਦੀ ਸਹਿਮਤੀ ਬਣੀ। ਸਮੂਹ ਲੋਕਾਂ ਅਤੇ ਆਗੂਆਂ ਨੇ ਨੰਬਰਦਾਰ ਨੂੰ ਸ਼ਹੀਦ ਮੰਨਦਿਆਂ ਨੰਬਰਦਾਰ ਦੀ ਮ੍ਰਿਤਕ ਦੇਹ ਨੂੰ ਤਿਰੰਗੇ ਝੰਡੇ ਨਾਲ ਲਿਪਟਾਇਆ। ਯੂਨੀਅਨ ਦੇ ਆਗੂਆਂ ਅਸ਼ੋਕ ਸੰਧੂ, ਜਗਨ ਨਾਥ ਚਾਹਲ, ਤਰਸੇਮ ਲਾਲ, ਸ਼ਰਧਾ ਰਾਮ ਤੋਂ ਇਲਾਵਾ ਅਜੀਤ ਰਾਮ, ਸੀਤਾ ਰਾਮ ਸੋਖਲ, ਦਿਨਕਰ ਸੰਧੂ ਨੇ ਸ਼ਰਧਾਪੂਰਵਕ ਪੁਸ਼ਪਾਂਜਲੀ ਰਿੰਗ ਦਾ ਸਨਮਾਨ ਭੇਂਟ ਕੀਤਾ।

ਪੰਮਾ ਸੁੰਨੜ ਦਾ ਧਾਰਮਿਕ ਸਿੰਗਲ ਟਰੈਕ 'ਗੁਰਪੁਰਬ ਗੁਰਾਂ ਦਾ' ਰਿਲੀਜ਼

ਫਗਵਾੜਾ (ਕਮਲ ਰਾਏ)- ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗਾਇਕ ਪੰਮਾ ਸੁੰਨੜ ਦਾ ਧਾਰਮਿਕ ਸਿੰਗਲ ਟਰੈਕ 'ਗੁਰਪੁਰਬ ਗੁਰਾਂ ਦਾ' ਦਾ ਰਿਲੀਜ



ਕੀਤਾ ਗਿਆ। ਉਕਤ ਧਾਰਮਿਕ ਸਿੰਗਲ ਨੂੰ ਲੇਖਕ ਪਰਮ ਕਨੈਡਾ ਨੇ ਕਲਮਬੰਦ ਕੀਤਾ ਹੈ ਅਤੇ ਮਿਊਜ਼ਕ ਦੀਆਂ ਧੁਨਾਂ ਨਾਲ ਪ੍ਰਸ਼ੋਤਮ ਬੰਗੜ ਨੇ ਸ਼ਿੰਗਾਰਿਆ ਹੈ। ਇਸ ਧਾਰਮਿਕ ਸਿੰਗਲ ਟਰੈਕ ਨੂੰ ਟ੍ਰਿਪਲ ਜਿੰਮ ਕੰਪਨੀ ਅਤੇ ਪੇਸ਼ਕਸ਼ ਪਰਮ ਕਨੈਡਾ ਵਲੋਂ ਰਿਲੀਜ ਕੀਤਾ ਗਿਆ ਹੈ ਅਤੇ ਵੀਡੀਓ ਦੇਵ ਡੀ ਨੇ ਬਹੁਤ ਹੀ ਵਧੀਆ ਢੰਗ ਨਾਲ ਸ਼ੂਟ ਕੀਤੀ ਹੈ।

CMYK

2-Feb-PAGE-9.qxd 2/1/2023 10:31 PM Page 1

ਪੇਂਡੂ ਮਜ਼ਦੂਰ ਯੂਨੀਅਨ ਨੇ ਬਲਾਕ ਅਧਿਕਾਰੀਆਂ ਤੇ ਪੰਚਾਇਤਾਂ ’ਤੇ ਲਾਇਆ ਦੋਸ਼

ਮਹਿਤਪੁਰ (ਰਾਜਾ)

ਪੇਂਡੂ ਮਜਦੂਰ ਯੂਨੀਅਨ ਦੀ ਅਗਵਾਈ ਹੇਠ ਮਨਰੇਗਾ ਵਰਕਰਾਂ ਨੇ ਨਕੋਦਰ ਹਲਕੇ ਦੀ ਵਿਧਾਇਕ ਇੰਦਰਜੀਤ ਕੌਰ ਮਾਨ ਦੇ ਪਿੰਡ ਸਿਹਾਰੀਵਾਲ,ਖਾਨਪੁਰਢੱਡ,ਸੀਓਵਾਲ ਵਿੱਚ ਪਹੁੰਚਣ ’ਤੇ ਪਿੰਡ ਦੇ ਮਨਰੇਗਾ ਵਰਕਰਾਂ ਨੇ ਵੱਖ ਵੱਖ ਪਿੰਡਾਂ ’ਚ ਦਿੱਤੇ ਮੰਗ ਪੱਤਰਾਂ ਵਿੱਚ ਬਲਾਕ ਅਧਿਕਾਰੀ ਅਤੇ ਪੰਚਾਇਤਾਂ ’ਤੇ ਦੋਸ਼ ਲਾਇਆ ਸਾਨੂੰ ਮਨਰੇਗਾ ਕਾਨੂੰਨ ਹੇਠ 100 ਦਿਨ ਦਾ ਕੰਮ ਦੁਆਉਣ ਵਿਚ ਪੂਰੀ ਤਰ੍ਹਾਂ ਅਸਫਲ ਰਹੇ ਹਨ।ਅਸੀਂ ਸਰਕਾਰ ਵੱਲੋਂ ਗ੍ਰਾਮ ਸਭਾਵਾਂ ਵਿੱਚ ਵੀ ਰੋਜ਼ਗਾਰ ਦੀ ਗਾਰੰਟੀ ਸਮੇਤ ਲਾਲ ਲਕੀਰ ਅਤੇ ਪੰਜ-ਪੰਜ ਮਰਲੇ ਦੇ ਪਲਾਟ ਦਲਿਤਾਂ ਨੂੰ ਤੀਜੇ ਹਿੱਸੇ ਦੀ ਜਮੀਨ ਅਤੇ ਮਜ਼ਦੂਰ ਵਿਰੋਧੀ ਪੰਚਾਇਤਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਗ੍ਰਾਮ ਸਭਾ ਵਿੱਚ ਵੀ ਕਰ ਚੁੱਕੇ ਹਾਂ । ਲਿਖਤੀ ਰੂਪ ਵਿੱਚ ਵੀ ਅਸੀਂ ਆਪ ਨੂੰ ਕਈ ਮੰਗ ਪੱਤਰ ਦਿੱਤੇ । ਡਿਪਟੀ ਕਮਿਸ਼ਨਰ ਵਿਕਾਸ ਨੂੰ ਵੀ ਕਈ ਵਾਰ ਲਿਖਤੀ ਸ਼ਿਕਾਇਤ ਕੀਤੀ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਪੰਚਾਇਤ ਸਮੇਤ ਮਹਿਕਮਿਆਂ ਕੋਲ ਲੱਖਾਂ ਰੁਪਇਆ ਲੇਬਰ ਬਜਟ ਪਿਆ ਹੈ । ਡਰੇਨ ਵਿਭਾਗ ,ਪੰਜਾਬ ਮੰਡੀ ਬੋਰਡ, ਜੰਗਲਾਤ ਤੇ ਖੇਤੀਬਾੜੀ ਮਹਿਕਮਾ ਰੇਲਵੇ ਆਦਿ ਕੋਲ ਮਨਰੇਗਾ ਵਰਕਰਾਂ ਨੂੰ ਕੰਮ ਦਿਵਾਉਣ ਲਈ ਪਰਿਆਪਤ ਮੌਕਾ ਹੈ। ਪਰ ਫੰਡ ਹੋਣ ਦੇ ਬਾਵਜੂਦ ਵੀ 100 ਦਿਨ ਕੰਮ ਦੀ ਗਰੰਟੀ ਦੀ ਸਰੇਆਮ ਉਲੰਘਣਾਂ ਕੀਤੀ ਜਾ ਰਹੀ ਹੈ। ਜਦਕਿ ਕੁੱਝ ਮਹੀਨਿਆਂ ਬਾਅਦ ਇਹ ਲੇਬਰ ਬਜਟ ਖਰਚ ਨਾ ਕੀਤਾ ਗਿਆ ਤਾਂ ਇਹ ਫੰਡ ਲੈਪਸ ਹੋ ਜਾਣਗੇ। ਜਿਹੜਾ ਮਜਦੂਰਾਂ ਨੂੰ ਭੁੱਖੇ ਮਰਨ ਤੇ ਸੂਬੇ ਦੇ ਵਿਕਾਸ ਲਈ ਵੀ ਨੁਕਸਾਨਦੇਹ ਹੈ। ਇਸ ਲਈ ਜਥੇਬੰਦੀਆਂ ਵੱਲੋਂ ਫਰਵਰੀ ਵਿੱਚ ਮਜਦੂਰਾਂ ਵੱਲੋਂ ਪੰਜਾਬ ਭਰ ਵਿੱਚ ਮੋਰਚੇ ਲਾਉਣ ਦਾ ਫੈਸਲਾ ਕੀਤਾ ਗਿਆ ਹੈ। ਹੁਣ ਇਹੀ ਰਾਸਤਾ ਸਾਡੇ ਕੋਲ ਬਚਿਆ ਹੈ। ਅਸੀਂ ਉਮੀਦ ਕਰਦੇ ਹਾਂ ਕਿ ਆਪ ਹਾਲਕੇ ਦੇ ਮੁਖੀ ਹੋਣ ਦੇ ਕਾਰਨ ਬਲਾਕ ਅੰਦਰ ਵੱਖ-ਵੱਖ ਪ੍ਰੋਜੈਕਟਾਂ ਵਿਚ ਲੱਖਾਂ ਰੁਪਏ ਪੰਚਾਇਤ ਅਤੇ ਮਹਿਕਮਿਆਂ ਕੋਲ ਪਏ ਹੋਣ ਦਾ ਰਿਕਾਰਡ ਤਬੱਬ ਕਰਕੇ ਲੋੜੀਂਦੀ ਕਾਰਵਾਈ ਕਰੋਗੇ। ਮੰਗ ਪੱਤਰ ਦੇਣ ਵਾਲਿਆਂ ਵਿੱਚ ਪੇਂਡੂ ਮਜਦੂਰ ਯੂਨੀਅਨ ਦੇ ਆਗੂ ਕਮਲਜੀਤ ਸਿਹਾਰੀਵਾਲ, ਰੇਖਾ, ਕਮਲਜੀਤ ਸਿਓਵਾਲ, ਕੁਲਵੰਤ ਕੌਰ, ਕੰਵਲਜੀਤ ਖਾਨਪੁਰਢੱਡ, ਕੁਲਵੀਰ ਕੌਰ ,ਸੀਮਾ, ਅਮਨਪ੍ਰੀਤ, ਬਲਵਿੰਦਰ, ਸੁਨੀਤਾ, ਅਮਰਜੀਤ ਕੌਰ ਸ਼ਾਮਲ ਸਨ।

ਸੜਕ ਹਾਦਸੇ ’ਚ ਮੌਤ

ਫਿਲੌਰ (ਨਿਰਮਲ)- ਫਿਲੌਰ ਦੇ ਦਮੋਦਰੀਆ ਪੁੱਲ ’ਤੇ ਹੋਏ ਸੜਕੀ ਹਾਦਸੇ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ। ਪਰਸ਼ੋਤਮ ਲਾਲ ਵਾਸੀ ਪਿੰਡ ਰਾਮਗੜ੍ਹ ਆਪਣੀ ਐਕਟਿਵਾ ’ਤੇ ਫਿਲੌਰ ਵੱਲ ਨੂੰ ਆ ਰਿਹਾ ਸੀ ਕਿ ਕਿਸੇ ਅਣਪਛਾਤੇ ਵਾਹਨ ਦੀ ਲਪੇਟ ’ਚ ਆ ਗਿਆ ਅਤੇ ਸੜਕ ਅਤੇ ਡਿੱਗ ਪਿਆ ਤੇ ਉਸ ਦੇ ਸਿਰ ਤੋਂ ਕੋਈ ਵਾਹਨ ਲੰਘ ਗਿਆ ਜਿਸ ਕਾਰਨ ਉਸ ਦੀ ਮੌਕੇ ’ਤੇ ਮੌਤ ਹੋ ਗਈ। ਲਾਸ਼ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਫਿਲੌਰ ਪਹੁੰਚਾਇਆ ਗਿਆ। ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਡਾ. ਨਿੱਜਰ ਨੇ ਸਫਾਈ ਸੇਵਕਾਂ ਤੇ ਮਿਉਂਸਪਲ ਵਰਕ ਯੂਨੀਅਨਾਂ ਨੂੰ ਜਾਇਜ਼ ਮੰਗਾਂ ਦੇ ਹੱਲ ਦਾ ਦਿੱਤਾ ਭਰੋਸਾ

ਚੰਡੀਗੜ੍ਹ (ਗੁਰਜੀਤ ਬਿੱਲਾ)

ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸੂਬੇ ਦੇ ਸਫ਼ਾਈ ਸੇਵਕਾਂ ਅਤੇ ਮਿਊਸੀਪਲ ਵਰਕ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਉਨਾਂ ਦੀਆਂ ਮੰਗਾਂ ਸਬੰਧੀ ਮਿਉਂਸਪਲ ਭਵਨ, ਸੈਕਟਰ-35 ਚੰਡੀਗੜ੍ਹ ਵਿਖੇ ਮੀਟਿੰਗ ਕੀਤੀ। ਇਹ ਮੀਟਿੰਗ ਡਾਇਰੈਕਟਰ ਸਥਾਨਕ ਸਰਕਾਰਾਂ, ਡਿਪਟੀ ਡਾਇਰੈਕਟਰ, ਤੇ ਡਿਪਟੀ ਕੰਟਰੋਲਰ ਸਥਾਨਕ ਸਰਕਾਰਾਂ ਦੀ ਮੌਜੂਦਗੀ ਵਿੱਚ ਹੋਈ। ਡਾ. ਨਿੱਜਰ ਨੇ ਦੱਸਿਆ ਕਿ ਸੂਬੇ ਵਿੱਚ ਸਫਾਈ ਵਿਵਸਥਾ ਕਾਇਮ ਰੱਖਣਾ ਇੱਕ ਮਹੱਤਵਪੂਰਨ ਕੰਮ ਹੈ, ਜਿਸ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਅਧੀਨ ਕੰਮ ਕਰਦੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਵੱਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ, ਜਿਸਦੇ ਸਦਕੇ ਪੰਜਾਬ ਸਵੱਛ ਸਰਵੇਖਣ ਵਿੱਚ ਭਾਰਤ ਵਿੱਚੋਂ ਪੰਜਵੇਂ ਨੰਬਰ ’ਤੇ ਆਇਆ ਹੈ। ਮੀਟਿੰਗ ਦੌਰਾਨ ਯੂਨੀਅਨਾਂ ਦੇ ਨੁਮਾਇੰਦਿਆ ਵੱਲੋਂ ਵੀ ਭਰੋਸਾ ਦਿਵਾਇਆ ਗਿਆ ਕਿ ਉਹ ਪੰਜਾਬ ਨੂੰ ਪਹਿਲੇ ਨੰਬਰ ’ਤੇ ਲੈ ਕੇ ਆਉਣ ਲਈ ਤਨਦੇਹੀ ਅਤੇ ਮਿਹਨਤ ਨਾਲ ਕੰਮ ਕਰਨਗੇ। ਮੀਟਿੰਗ ਵਿੱਚ ਯੂਨੀਅਨਾਂ ਦੀਆਂ ਵੱਖ-ਵੱਖ ਮੰਗਾਂ ਸਬੰਧੀ ਵਿਸਥਾਰਪੂਰਵਕ ਚਰਚਾ ਕੀਤੀ ਗਈ ਅਤੇ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਸੁਣਨ ਤੋਂ ਬਾਅਦ ਮੰਤਰੀ ਨੇ ਯੂਨੀਅਨਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜੋ ਵੀ ਜਾਇਜ਼ ਮੰਗਾਂ ਸਬੰਧੀ ਸਥਾਨਕ ਸਰਕਾਰਾ ਵਿਭਾਗ ਦੇ ਪੱਧਰ ’ਤੇ ਫੈਸਲਾ ਲਿਆ ਜਾਣਾ ਹੈ, ਉਨਾਂ ਮੰਗਾਂ ਸਬੰਧੀ ਜਲਦ ਤੋਂ ਜਲਦ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਦੇ ਪੱਧਰ ’ਤੇ ਲਏ ਜਾਣ ਵਾਲੇ ਫੈਸਲਿਆਂ ਨੂੰ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਲਾਗੂ ਕਰਵਾਉਣ ਲਈ ਸਖਤ ਹਦਾਇਤ ਕੀਤੀ ਜਾਵੇਗੀ। ਮੰਤਰੀ ਨੇ ਅੱਗੇ ਕਿਹਾ ਕਿ ਜਿਹੜੀਆਂ ਮੰਗਾਂ ਪਾਲਿਸੀ ਮੈਟਰ ਨਾਲ ਸਬੰਧਤ ਹਨ, ਇਨ੍ਹਾਂ ਸਬੰਧੀ ਹੋਰਨਾਂ ਵਿਭਾਗਾਂ ਨਾਲ ਤਾਲਮੇਲ ਲੋੜੀਂਦਾ ਹੈ, ਉਨ੍ਹਾਂ ਮੰਗਾਂ ਸਬੰਧੀ ਫੈਸਲਾ ਲੈਣ ਲਈ ਪਹਿਲ ਦੇ ਅਧਾਰ ਸਬੰਧਤ ਵਿਭਾਗਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ।

ਦੋ ਰੁਪਏ ਕਿਲੋ ਵਾਲੀ ਕਣਕ ਹੁਣ ਗਰੀਬਾਂ ਨੂੰ ਮਿਲੇਗੀ ਬਿਲਕੁਲ ਫ੍ਰੀ : ਅਰੁਣ ਖੋਸਲਾ

ਫਗਵਾੜਾ (ਡਾ.ਰਮਨ, ਜਸਵਿੰਦਰ ਢੱਡਾ)

ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਦੇਸ਼ ਦੇ 80 ਕਰੋੜ ਤੋਂ ਵੱਧ ਨੀਲੇ ਕਾਰਡ ਧਾਰਕਾਂ ਨੂੰ ਦਿੱਤੀ ਜਾ ਰਹੀ 2 ਰੁਪਏ ਪ੍ਰਤੀ ਕਿਲੋ ਕਣਕ ਦੀ ਸਹੂਲਤ ਹੁਣ ਬਿਲਕੁਲ ਫਰੀ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਸ਼ਹਿਰ ਦੇ ਸਾਬਕਾ ਮੇਅਰ ਅਰੁਣ ਖੋਸਲਾ ਨੇ ਦੱਸਿਆ ਕਿ ਹੁਣ ਤੱਕ ਕੇਂਦਰ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਨੂੰ ਪ੍ਰਤੀ ਮੈਂਬਰ ਪੰਜ ਕਿੱਲੋ ਕਣਕ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਰਾਜ ਸਰਕਾਰਾਂ ਦੇ ਦੁਆਰਾ ਦੋ ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਪਹੁੰਚਾਈ ਜਾ ਰਹੀ ਸੀ, ਪਰ ਹੁਣ ਖ਼ੁਰਾਕ ਸੁਰੱਖਿਆ ਯੋਜਨਾ ਤਹਿਤ ਮਿਲਣ ਵਾਲੀ ਇਹ ਸਹੂਲਤ ਬਿਲਕੁਲ ਮੁਫ਼ਤ ਕਰ ਦਿੱਤੀ ਗਈ ਹੈ, ਜੋ ਕਿ ਗਰੀਬ ਲੋਕਾਂ ਲਈ ਵੱਡੀ ਰਾਹਤ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਜਿਹੜੇ ਲੋਕ ਇਹ ਕਹਿ ਕੇ ਮੋਦੀ ਸਰਕਾਰ ਦੀ ਭੰਡੀ ਕਰਦੇ ਸਨ ਕਿ ਪਾਕਿਸਤਾਨ ’ਚ ਪੈਟਰੋਲ ਭਾਰਤ ਨਾਲੋਂ ਸਸਤਾ ਹੈ, ਉਹ ਦੇਖ ਲੈਣ ਕਿ ਸਿਰਫ਼ 22 ਕਰੋੜ ਦੀ ਆਬਾਦੀ ਵਾਲੇ ਪਾਕਿਸਤਾਨ ’ਚ 250 ਰੁਪਏ ਪ੍ਰਤੀ ਕਿਲੋ ਕਣਕ ਮਿਲ ਰਹੀ ਹੈ ਜਦਕਿ ਦੁਨੀਆ ਦੀ ਦੂਸਰੀ ਸਭ ਤੋਂ ਵੱਡੀ 140 ਕਰੋੜ ਦੀ ਆਬਾਦੀ ਵਾਲੇ ਭਾਰਤ ਵਿੱਚ ਨਰਿੰਦਰ ਮੋਦੀ ਸਰਕਾਰ 80 ਕਰੋੜ ਤੋਂ ਵੱਧ ਲੋਕਾਂ ਨੂੰ ਬਿਲਕੁਲ ਮੁਫਤ ਕਣਕ ਦੇਣ ਦਾ ਕੰਮ ਕਰ ਰਹੀ ਹੈ, ਜੋ ਕਿ ਇੱਕ ਵਿਸ਼ਵ ਰਿਕਾਰਡ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ’ਤੇ ਕੇਂਦਰੀ ਸਕੀਮਾਂ ਦਾ ਲਾਭ ਗਰੀਬਾਂ ਤੱਕ ਨਾ ਪਹੁੰਚਾਉਣ ਦਾ ਦੋਸ਼ ਲਾਉਂਦਿਆਂ ਖੋਸਲਾ ਨੇ ਕਿਹਾ ਕਿ ਖ਼ੁਰਾਕ ਸੁਰੱਖਿਆ ਯੋਜਨਾ ਦਾ ਲਾਭ ਹਰ ਗਰੀਬ ਆਦਮੀ ਤੱਕ ਪਹੁੰਚਾਉਣਾ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਜ਼ਿੰਮੇਵਾਰੀ ਹੈ, ਪਰ ਅਫਸੋਸ ਦੀ ਗੱਲ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਗਰੀਬ ਲੋਕਾਂ ਨੂੰ ਮੁਫਤ ਕਣਕ ਨਹੀਂ ਵੰਡੀ ਗਈ, ਜਦਕਿ ਕੇਂਦਰ ਵੱਲੋਂ ਸੂਬਾ ਸਰਕਾਰ ਨੂੰ ਕਣਕ ਪਹੁੰਚਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕਈ ਲੋਕਾਂ ਦੀ ਪਰਚੀ ਕੱਟਣ ਦੇ ਬਾਵਜੂਦ ਉਨ੍ਹਾਂ ਨੂੰ ਕਣਕ ਨਹੀਂ ਮਿਲੀ ਅਤੇ ਕਈ ਗਰੀਬ ਪਰਵਾਰਾਂ ਦੀਆਂ ਪਰਚੀਆਂ ਮਸ਼ੀਨਾਂ ਖਰਾਬ ਹੋਣ ਦੀ ਗੱਲ ਕਹਿ ਕੇ ਨਹੀਂ ਕੱਟੀਆਂ ਜਾ ਰਹੀਆਂ। ਸਾਬਕਾ ਮੇਅਰ ਨੇ ਕਿਹਾ ਕਿ ਜੇਕਰ ਮਸ਼ੀਨਾਂ ਖਰਾਬ ਹਨ ਤਾਂ ਕੀ ਉਨ੍ਹਾਂ ਨੂੰ ਠੀਕ ਕਰਵਾਉਣਾ ਪੰਜਾਬ ਸਰਕਾਰ ਅਤੇ ਸਬੰਧਤ ਵਿਭਾਗ ਦੀ ਜ਼ਿੰਮੇਵਾਰੀ ਨਹੀਂ ਹੈ? ਉਨ੍ਹਾਂ ਭਗਵੰਤ ਮਾਨ ਸਰਕਾਰ ’ਤੇ ਹਲਕੀ ਰਾਜਨੀਤੀ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਨਾਲ ਸਿਆਸੀ ਦੁਸ਼ਮਣੀ ਕਰਕੇ ਸੂਬੇ ਦੀ ‘ਆਪ’ ਸਰਕਾਰ ਆਮ ਗਰੀਬ ਲੋਕਾਂ ਨੂੰ ਮੋਹਰਾ ਬਣਾ ਕੇ ਕੇਂਦਰੀ ਸਕੀਮਾਂ ਦਾ ਲਾਭ ਲੈਣ ਤੋਂ ਵਾਂਝਾ ਕਰ ਰਹੀ ਹੈ, ਜਿਸ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਗਰੀਬ ਲੋਕਾਂ ਨੂੰ ਜਲਦੀ ਹੀ ਮੁਫ਼ਤ ਕਣਕ ਦੀ ਵੰਡ ਨਾ ਕੀਤੀ ਗਈ ਤਾਂ ਭਾਜਪਾ ਅੰਦੋਲਨ ਕਰਨ ਲਈ ਮਜਬੂਰ ਹੋਵੇਗੀ।

ਡਿਪਟੀ ਕਮਿਸ਼ਨਰ ਵੱਲੋਂ ਹੋਣਹਾਰ ਦਿਵਿਆਂਗ ਵਿਦਿਆਰਥਣ ਦਾ ਸਨਮਾਨ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)- ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਵੱਲੋਂ ਇਕ ਹੋਣਹਾਰ ਦਿਵਿਆਂਗ ਵਿਦਿਆਰਥਣ ਦਾ ਵਿਸ਼ੇਸ਼ ਤੌਰ ’ਤੇ ਸਨਮਾਨ ਕੀਤਾ ਗਿਆ, ਜਿਸ ਨੇ 80 ਫੀਸਦੀ ਦਿਵਿਆਂਗਤਾ ਦੇ ਬਾਵਜੂਦ ਵਿੱਦਿਅਕ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ ।ਡਿਪਟੀ ਕਮਿਸ਼ਨਰ ਨੇ ਰਨਦੀਪ ਕੌਰ, ਜੋ ਕਿ ਇਕ ਹੁਸ਼ਿਆਰ ਵਿਦਿਆਰਥਣ ਹੈ ਅਤੇ ਸਿਵਲ ਸੇਵਾਵਾਂ ਵਿੱਚ ਜਾਣਾ ਚਾਹੁੰਦੀ ਹੈ, ਨਾਲ ਮੁਲਾਕਾਤ ਕਰਦਿਆਂ ਉਸ ਨੂੰ ਵਿੱਦਿਅਕ ਖੇਤਰ ਵਿੱਚ ਪ੍ਰਾਪਤੀਆਂ ਲਈ ਪ੍ਰਸ਼ੰਸਾ ਪੱਤਰ ਸੌਂਪਿਆ। ਵਿਦਿਆਰਥਣ ਦੇ ਪਿਤਾ ਹਰਦੀਪ ਸਿੰਘ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਰਨਦੀਪ ਇਸ ਸਮੇਂ ਲਾਇਲਪੁਰ ਖਾਲਸਾ ਕਾਲਜ ਤੋਂ ਐਮ.ਕਾਮ ਕਰ ਰਹੀ ਹੈ ਅਤੇ ਉਸ ਨੇ ਆਪਣੀ ਬੀ.ਕਾਮ ਵੀ ਡਿਸਟਿੰਕਸ਼ਨ ਨਾਲ ਪਾਸ ਕੀਤੀ ਹੈ। ਇਸ ਤੋਂ ਪਹਿਲਾਂ ਸੀਨੀਅਰ ਸੈਕੰਡਰੀ ਪ੍ਰੀਖਿਆ ਦੇ ਨਤੀਜੇ ਦੌਰਾਨ ਉਸ ਵੱਲੋਂ ਕਾਲਜ ਵਿੱਚ ਕਾਮਰਸ ਸਟ੍ਰੀਮ ਵਿੱਚ ਟਾਪ ਕੀਤਾ ਗਿਆ ਸੀ ।ਵਿਦਿਆਰਥਣ ਦੀ ਮਾਤਾ ਹਰਪ੍ਰੀਤ ਕੌਰ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਸਿੱਖਿਆ ਵਿੱਚ ਹੀ ਨਹੀਂ, ਰਨਦੀਪ ਜ਼ਿਲ੍ਹਾ ਪੱਧਰੀ ਸਲੋਗਨ ਲੇਖਨ ਮੁਕਾਬਲੇ ਵਿੱਚ ਵੀ ਜੇਤੂ ਰਹਿ ਕੇ ਪ੍ਰਸ਼ੰਸਾ ਪ੍ਰਾਪਤ ਕਰ ਚੁੱਕੀ ਹੈ ਅਤੇ ਸੂਬਾ ਪੱਧਰੀ ਸਲੋਗਨ ਲੇਖਨ ਮੁਕਾਬਲੇ ਲਈ ਉਸ ਦੀ ਚੋਣ ਕੀਤੀ ਗਈ ਹੈ । ਡਿਪਟੀ ਕਮਿਸ਼ਨਰ ਨੇ ਰਨਦੀਪ ਕੌਰ ਨਾਲ ਗੱਲਬਾਤ ਕੀਤੀ ਅਤੇ ਜੀਵਨ ਵਿੱਚ ਉਸ ਦੇ ਸਿਵਲ ਸਰਵੈਂਟ ਬਣਨ ਦੇ ਸੁਪਨੇ ਬਾਰੇ ਜਾਣਕਾਰੀ ਹਾਸਲ ਕੀਤੀ। ਡਿਪਟੀ ਕਮਿਸ਼ਨਰ ਨੇ ਪ੍ਰਸ਼ਾਸਨ ਵੱਲੋਂ ਉਸ ਦੀ ਕੋਚਿੰਗ ਵਿੱਚ ਸਹਾਇਤਾ ਦਾ ਭਰੋਸਾ ਦਿੰਦਿਆਂ ਉਸ ਨੂੰ ਯੂ.ਪੀ.ਐਸ.ਸੀ. ਪ੍ਰੀਖਿਆ ਦੀ ਤਿਆਰੀ ਲਈ ਕੁਝ ਸੁਝਾਅ ਵੀ ਦਿੱਤੇ।ਡਿਪਟੀ ਕਮਿਸ਼ਨਰ ਨੇ ਉਪਲਬਧੀਆਂ ਲਈ ਵਿਦਿਆਰਥਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪ੍ਰਸ਼ੰਸਾ ਪੱਤਰ ਰਨਦੀਪ ਕੌਰ ਦੀ ਸਖ਼ਤ ਮਿਹਨਤ ਅਤੇ ਲਗਨ ਦਾ ਸਨਮਾਨ ਹੈ। ਜਸਪ੍ਰੀਤ ਸਿੰਘ ਨੇ ਅੱਗੇ ਕਿਹਾ ਕਿ ਉਹ ਦੂਜੀਆਂ ਲੜਕੀਆਂ ਲਈ ਇੱਕ ਰੋਲ ਮਾਡਲ ਹੈ, ਖਾਸ ਕਰਕੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ, ਜੋ ਕਦੇ-ਕਦੇ ਦਿਵਿਆਂਗਤਾ ਕਾਰਨ ਨਿਰਾਸ਼ ਹੋ ਜਾਂਦੇ ਹਨ ।ਵਿਦਿਆਰਥਣ ਅਤੇ ਉਸ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਜਿਹੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਲਈ ਹਮੇਸ਼ਾ ਤਿਆਰ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹਾ ਕੋਈ ਵੀ ਹੋਣਹਾਰ ਵਿਦਿਆਰਥੀ ਕਿਸੇ ਵੀ ਤਰ੍ਹਾਂ ਦੀ ਮਦਦ ਲਈ ਜ਼ਿਲ੍ਹਾ ਪ੍ਰਸ਼ਾਸਨ ਕੋਲ ਪਹੁੰਚ ਕਰ ਸਕਦਾ ਹੈ।

ਪੀ ਸੀ ਐਮ ਐਸ ਡੀ ਕਾਲਜ ’ਚ ਸਾਹਿਤਕ ਕੁਇੱਜ

ਜਲੰਧਰ (ਇਕਬਾਲ ਸਿੰਘ ਉੱਭੀ)

ਪੀ.ਸੀ.ਐਮ..ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਇੰਗਲਿਸ਼ ਲਿਟਰੇਰੀ ਸੁਸਾਇਟੀ ਵੱਲੋਂ ਜਨਵਰੀ ਵਿੱਚ ਜਨਮੇ ਕਵੀਆਂ ਬਾਰੇ ਇੱਕ ਸਾਹਿਤਕ ਕੁਇਜ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਛੇ ਵਿਦਿਆਰਥੀਆਂ ਨੂੰ ਤਿੰਨ ਟੀਮਾਂ (ਏ, ਬੀ ਅਤੇ ਸੀ) ਵਿੱਚ ਵੰਡਿਆ ਗਿਆ। ਉਨ੍ਹਾਂ ਵਿੱਚ ਸਾਹਿਤ ਪ੍ਰਤੀ ਪਿਆਰ ਪੈਦਾ ਕਰਨ ਲਈ ਇਹ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਬੀ.ਏ ਸਮੈਸਟਰ ਛੇਵੇਂ ਦੀ ਟੀਮ ਬੀ ਦੇ ਹਰਸਰਨ ਅਤੇ ਕੋਮਲਪ੍ਰੀਤ ਨੇ ਜਿੱਤ ਪ੍ਰਾਪਤ ਕੀਤੀ। ਇਸ ਮੌਕੇ ’ਤੇ ਪ੍ਰਧਾਨ ਨਰੇਸ਼ ਕੁਮਾਰ ਬੁਧੀਆ, ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਪਤਵੰਤੇ ਮੈਂਬਰ ਅਤੇ ਕਾਲਜ ਦੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਵਿਦਿਆਰਥੀਆਂ ਦੀ ਸ਼ਮੂਲੀਅਤ ਲਈ ਸ਼ਲਾਘਾ ਕੀਤੀ। ਉਨ੍ਹਾਂ ਨੇ ਅੰਗਰੇਜੀ ਵਿਭਾਗ ਦੇ ਮੁਖੀ ਸ੍ਰੀਮਤੀ ਉਜਲਾ ਦਾਦਾ ਜੋਸ਼ੀ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਅਜਿਹੇ ਸਮਾਗਮ ਕਰਵਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਇਸ ਕੁਇਜ ਮੁਕਾਬਲੇ ਦੀ ਪ੍ਰਬੰਧਕੀ ਕਮੇਟੀ ਵਿੱਚ ਸ੍ਰੀਮਤੀ ਆਬਰੂ ਸ਼ਰਮਾ, ਸ੍ਰੀਮਤੀ ਗੁਰਜੀਤ ਕੌਰ ਅਤੇ ਡਾ: ਇੰਦੂ ਤਿਆਗੀ ਸ਼ਾਮਲ ਸਨ।

ਮੁਲਾਜ਼ਮ ਆਗੂ ਤ੍ਰਿਲੋਚਨ ਸਿੰਘ ਰਾਣਾ ਦਾ ਵਿਛੋੜਾ ਨਾ ਪੂਰਾ ਹੋਣ ਵਾਲਾ ਘਾਟਾ : ਇਪਟਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬੀ ਲੋਕ-ਹਿਤੈਸ਼ੀ ਤੇ ਖੱਬੇ-ਪੱਖੀ ਵਿਚਾਰਧਾਰਾ ਦੇ ਧਾਰਨੀ ਦਲੇਰ, ਬੇਬਾਕ ਤੇ ਇਮਾਨਦਾਰ ਮੁਲਾਜ਼ਮ ਆਗੂ ਤ੍ਰਿਲੋਚਨ ਸਿੰਘ ਰਾਣਾ ਦਾ ਵਿਛੋੜਾ ਲੋਕ-ਹਿਤੈਸ਼ੀ ਤੇ ਟਰੇਡ ਯੂਨੀਅਨ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ। ਲੇਖਕ ਰਿਪੁਦਮਨ ਸਿੰਘ ਰੂਪ, ਇਪਟਾ,ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ,ਜਨਰਲ ਸੱਕਤਰ ਇੰਦਰਜੀਤ ਰੂਪੋਵਾਲੀ, ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਤੇ ਜਨਰਲ ਸੱਕਤਰ ਕੰਵਲ ਨੈਣ ਸਿੰਘ ਸੇਖੋਂ ਅਤੇ ਇਪਟਾ ਕਾਰਕੁਨ ਰਾਬਿੰਦਰ ਸਿੰਘ ਰੱਬੀ, ਅਮਨ ਭੋਗਲ, ਦਲਬਾਰ ਸਿੰਘ, ਹਰਜੀਤ ਕੈਂਥ, ਕਿਰਤੀ ਕਿਰਪਾਲ, ਡਾ. ਕੁਲਦੀਪ ਦੀਪ, ਡਾ. ਸੁਰੇਸ਼ ਮਹਿਤਾ, ਗੁਰਵਿੰਦਰ ਸਿੰਘ, ਗੁਰਮੀਤ ਪਾਹੜਾ, ਬਲਬੀਰ ਮੂਦਲ, ਗਮਨੂ ਬਾਂਸਲ, ਪ੍ਰਦੀਪ ਸ਼ਰਮਾ, ਡਾ.ਹਰਭਜਨ ਸਿੰਘ, ਨਰਿੰਦਰ ਨੀਨਾ, ਅਸ਼ੋਕ ਪੁਰੀ, ਵਿੱਕੀ ਮਹੇਸਰੀ, ਇੰਦਜੀਤ ਮੋਗਾ, ਦੀਪਕ ਚੋਪੜਾ ਅਤੇ ਸਰਘੀ ਪਰਵਾਰ ਦੇ ਰੰਗਕਰਮੀ ਰੰਜੀਵਨ ਸਿੰਘ, ਸੰਜੀਵ ਦੀਵਾਨ ‘ਕੁੱਕੂ’ ਅਤੇ ਰਿੱਤੂਰਾਗ ਨੇ ਵਿਛੋੜੇ ਉਪਰ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਉਨਾਂ ਹੋਰਾਂ ਦੇ ਪਰਵਾਰ ਦੇ ਦੁੱਖ ਵਿਚ ਸ਼ਰੀਕ ਹੁੰਦੇ ਕਿਹਾ ਕਿ ਤ੍ਰਿਲੋਚਨ ਸਿੰਘ ਰਾਣਾ ਦਾ ਟਰੇਡ ਯੂਨੀਅਨ ਲਹਿਰ ਅਤੇ ਮੁਲਾਜ਼ਮ ਸੰਘਰਸ਼ਾਂ ਵਿਚ ਯੋਗਦਾਨ ਹਮੇਸ਼ਾ ਚੇਤੇ ਰੱਖਿਆ ਜਾਵੇਗਾ। ਉਨਾਂ ਜਿੱਥੇ ਸਮਾਜਿਕ ਸਰੋਕਾਰਾਂ ਤੇ ਦੱਬੇ-ਕੁੱਚਲੇ ਵਰਗ ਖਾਸ ਤੌਰ ’ਤੇ ਮੁਲਾਜ਼ਮ ਵਰਗ ਦੇ ਮਸਲੇ ਬੜੀ ਗੰਭੀਰਤਾ ਨਾਲ ਉਠਾਏ।

ਸੀ ਐਚ ਸੀ ਕਾਲਾ ਬੱਕਰਾ ਵਿਖੇ ਵਿਸ਼ਵ ਕੁਸਟ ਦਿਵਸ ਜਾਗਰੂਕਤਾ ਕੈਂਪ ਲਗਾਇਆ

ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)

ਡਾ. ਰਮਨ ਸ਼ਰਮਾ ਸਿਵਲ ਸਰਜਨ ਜਲੰਧਰ ਦੇ ਹੁਕਮਾਂ ਅਤੇ ਡਾ. ਰਿਚਰਡ ਓਹਰੀ ਐਸ.ਐਮ.ਓ ਦੇ ਅਧੀਨ ਸੀ ਐਚ ਸੀ ਕਾਲਾ ਬੱਕਰਾ ਵਿਖੇ ਵਿਸ਼ਵ ਕੁਸ਼ਟ ਦਿਵਸ ਦੇ ਸੰਬੰਧ ’ਚ ਜਾਗਰੂਕਤਾ ਕੈਂਪ ਲਗਾਇਆ ਗਿਆ। ਡਾ.ਰਿਚਰਡ ਓਹਰੀ ਨੇ ਦੱਸਿਆ ਕਿ ਰਾਸ਼ਟਰੀ ਕੁਸ਼ਟ ਰੋਗ ਦੇ ਖ਼ਾਤਮੇ ਦਾ ਪ੍ਰੋਗਰਾਮ (ਐਨ.ਐਲ.ਈ.ਪੀ) ਨੂੰ ਆਮ ਸਿਹਤ ਦੇਖਭਾਲ ਪ੍ਰਣਾਲੀ ਦੁਆਰਾ ਦੇਸ਼ ਵਿੱਚ ਕੁਸ਼ਟ ਬਾਰੇ ਜਾਗਰੂਕਤਾ ਵਧਾਉਣ, ਬਿਮਾਰੀ ਦੇ ਬੋਝ ਨੂੰ ਘਟਾਉਣ, ਅਪਾਹਜਤਾ ਨੂੰ ਰੋਕਣ ਦੇ ਮੁੱਖ ਉਦੇਸ਼ਾਂ ਨਾਲ ਲਾਗੂ ਕੀਤਾ ਗਿਆ ਹੈ। ਵਰਤਮਾਨ ਸਮੇਂ ਵਿੱਚ ਕੁਸ਼ਟ ਰੋਗ ਦੀਆਂ ਸੇਵਾਵਾਂ ਜਿਵੇਂ ਕਿ ਇਲਾਜ ਅਤੇ ਮਲਟੀ ਡਰੱਗ ਥੈਰੇਪੀ, ਦਵਾਈਆਂ ਦੀ ਖਰੀਦ ਅਤੇ ਸਰਲ ਸੂਚਨਾ ਪ੍ਰਣਾਲੀ ਸਬ ਸੈਂਟਰਾਂ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਹੈੱਡਕੁਆਰਟਰ ਹਸਪਤਾਲਾਂ ਅਤੇ ਤੀਜੇ ਦਰਜੇ ਦੇ ਸਿਹਤ ਸੰਭਾਲ ਸੰਸਥਾਵਾਂ ਵਿੱਚ ਆਮ ਸਿਹਤ ਸੰਭਾਲ ਪ੍ਰਣਾਲੀ ਵਿੱਚ ਚੰਗੀ ਤਰ੍ਹਾਂ ਸਥਾਪਿਤ ਕੀਤੀ ਗਈ ਹੈ। ਅਪਾਹਜਤਾ ਦੀ ਰੋਕਥਾਮ ਅਤੇ ਡਾਕਟਰੀ ਪੁਨਰਵਾਸ ਸੇਵਾਵਾਂ ਕੋੜ੍ਹ ਦੇ ਸਾਰੇ ਪੁਰਾਣੇ ਅਤੇ ਨਵੇਂ ਅਪਾਹਜ ਮਾਮਲਿਆਂ ਨੂੰ ਪ੍ਰਦਾਨ ਕਰਨ ਲਈ ਵਿਆਪਕ ਦੇਖਭਾਲ ਹਨ ਤਾਂ ਜੋ ਉਹਨਾਂ ਦੀ ਹਾਲਤ ਵਿਗੜ ਨਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾਂ ਬੀ.ਈ.ਈ ਨੀਤੀਰਾਜ ਬੀ ਸਿੰਘ ਸਮੇਤ ਬਲਾਕ ਦੇ ਹੋਰ ਸਿਹਤ ਕਰਮੀ ਆਦਿ ਹਾਜਰ ਸਨ।

ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਮਾਈਨਿੰਗ ਵਿਭਾਗ ਦੀ ਬੈਠਕ

ਕਪੂਰਥਲਾ, (ਰਵਿੰਦਰ ਸਿੰਘ) –ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਦੀ ਪ੍ਰਧਾਨਗੀ ਹੇਠ ਮਾਈਨਿੰਗ ਵਿਭਾਗ ਦੀ ਜ਼ਿਲ੍ਹਾ ਸਰਵੇ ਰਿਪੋਰਟ ਬਾਰੇ ਮੀਟਿੰਗ ਕੀਤੀ ਗਈ। ਜਿਸ ਵਿਚ ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਅਤੇ ਮਾਈਨਿੰਗ ਵਿਭਾਗ ਦੇ ਉਪ ਮੰਡਲ ਅਫਸਰ-ਕਮ- ਸਹਾਇਕ ਜ਼ਿਲ੍ਹਾ ਮਾਈਨਿੰਗ ਅਫਸਰ ਕਪੂਰਥਲਾ ਸੁਖਪਾਲ ਸਿੰਘ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਸਰਵੈ ਰਿਪੋਰਟ ਮਾਈਨਿੰਗ ਸਬੰਧੀ ਇਕ ਜਰੂਰੀ ਰਿਪੋਰਟ ਹੈ,ਜਿਸ ਨੂੰ ਸੂਬਾ ਸਰਕਾਰ ਵਲੋਂ ਗੰਭੀਰਤਾ ਨਾਲ ਲੈਂਦੇ ਹੋਏ ਜਲਦ ਤੋਂ ਜਲਦ ਪੂਰਾ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ ਤਾਂ ਜੋ ਜ਼ਿਲ੍ਹੇ ਵਿਚ ਰੇਤ ਦੀ ਕਮੀ ਨੂੰ ਪੂਰਾ ਕਰਦੇ ਹੋਏ ਸਰਕਾਰ ਦੇ ਵਿੱਤੀ ਮਾਲੀਏ ਨੂੰ ਵਧਾਇਆ ਜਾ ਸਕੇ। ਮੀਟਿੰਗ ਵਿਚ ਮਾਈਨਿੰਗ ਵਿਭਾਗ ਦੇ ਉਪ ਮੰਡਲ ਅਫਸਰ-ਕਮ- ਸਹਾਇਕ ਜ਼ਿਲ੍ਹਾ ਮਾਈਨਿੰਗ ਅਫਸਰ ਕਪੂਰਥਲਾ ਸੁਖਪਾਲ ਸਿੰਘ ਵਲੋਂ ਡੀ.ਐਸ.ਆਰ ਦੀ ਤਾਜਾ ਸਥਿਤੀ ਬਾਰੇ ਡਿਪਟੀ ਕਮਿਸ਼ਨਰ ਨੂੰ ਜਾਣੂੰ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਰਵੇ ਰਿਪੋਰਟ ਦਾ ਪੋਸਟ ਮਾਨਸੂਨ ਸਰਵੇ ਪੂਰਾ ਹੋ ਗਿਆ ਹੈ। ਡਿਪਟੀ ਕਮਿਸ਼ਨਰ ਵਲੋਂ ਮਾਈਨਿੰਗ ਵਿਭਾਗ ਦੇ ਅਧਿਕਾਰੀਆਂ ਨੂੰ ਡੀ.ਐਸ.ਆਰ ਜਲਦ ਤੋਂ ਜਲਦ ਮੁਕੰਮਲ ਕਰਨ ਐਸ.ਸੀ.ਏ.ਸੀ ਨੂੰ ਭੇਜਣ ਦੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।

ਜੀ ਟੀ ਯੂ ਬੁਲੋਵਾਲ ਵੱਲੋਂ ਪ ਸ ਸ ਫ ਦਾ 2023 ਦਾ ਕੈਲੰਡਰ ਰਿਲੀਜ਼

ਬੁਲੋਵਾਲ, (ਵਿਰਦੀ)

ਜੀ ਟੀ ਯੂ ਬਲਾਕ ਬੁਲ੍ਹੋਵਾਲ ਦੇ ਪ੍ਰਧਾਨ ਜਸਵਿੰਦਰਪਾਲ ਸਿੰਘ ਦੀ ਅਗਵਾਈ ਹੇਠ ਬੀ.ਪੀ.ਈ.ਓ. ਦਫਤਰ ਵਿਖੇ ਇੱਕ ਇਕੱਤਰਤਾ ਕੀਤੀ ਗਈ। ਇਸ ਮੌਕੇ ਪ.ਸ.ਸ.ਫ. ਦਾ ਸਾਲ 2023 ਦਾ ਕੈਲੰਡਰ ਵੀ ਰਿਲੀਜ਼ ਕੀਤਾ ਗਿਆ। ਜੀ.ਟੀ.ਯੂ. ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਪ.ਸ.ਸ.ਫ. ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਬਲਾਕ ਬੁਲ੍ਹੋਵਾਲ ਵਲੋਂ ਇਹ ਕੈਲੰਡਰ ਸਾਬਕਾ ਬਲਾਕ ਪ੍ਰਧਾਨ ਸਾਥੀ ਦਵਿੰਦਰ ਸਿੰਘ ਧਨੋਤਾ ਨੂੰ ਸਮਰਪਿਤ ਕੀਤਾ ਗਿਆ ਅਤੇ ਉਹਨਾਂ ਵਲੋਂ ਬਲਾਕ ਅਤੇ ਜ਼ਿਲ੍ਹੇ ਅੰਦਰ ਮੁਲਾਜ਼ਮ ਸੰਘਰਸ਼ਾਂ ਵਿੱਚ ਪਾਏ ਯੋਗਦਾਨ ਸਬੰਧੀ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ ਗਏ। ਇਸ ਮੌਕੇ ਵਿਸ਼ੇਸ਼ ਤੌਰ ’ਤੇ ਪਹੁੰਚੀ ਸਾਥੀ ਦਵਿੰਦਰ ਧਨੋਤਾ ਦੀ ਧਰਮ ਪਤਨੀ ਮੈਡਮ ਜਗਜੀਤ ਕੌਰ ਵਲੋਂ ਇਹ ਕੈਲੰਡਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਇਕੱਤਰ ਸਮੂਹ ਮੁਲਾਜ਼ਮਾਂ ਵਲੋਂ ਸਾਥੀ ਧਨੋਤਾ ਦੇ ਅਧੂਰੇ ਜੱਥੇਬੰਦਕ ਕਾਰਜਾਂ ਨੂੰ ਪੂਰਾ ਕਰਨ ਦਾ ਅਹਿਦ ਵੀ ਲਿਆ ਗਿਆ। ਇਕੱਤਰਤਾ ਵਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੁਲਾਜ਼ਮ ਅਤੇ ਅਧਿਆਪਕ ਵਰਗ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇ। ਮੈਡਮ ਜਗਜੀਤ ਕੌਰ ਵਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਬੁਲ੍ਹੋਵਾਲ ਨੂੰ 5000 ਰੁਪਏ ਅਤੇ ਬਲਾਕ ਬੁਲ੍ਹੋਵਾਲ ਦੇ ਫੈਡਰੇਸ਼ਨ ਦੇ ਕੈਲੰਡਰ ਲਈ 6000 ਰੁਪਏ ਸਹਾਇਤਾ ਵਜੋਂ ਦਿੱਤੇ ਗਏ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਪ੍ਰਿੰਸੀਪਲ ਹਰਜੀਤ ਸਿੰਘ, ਅਸ਼ੋਕ ਕੁਮਾਰ, ਜਸਵੰਤ ਸਿੰਘ, ਸਵਰਨ ਸਿੰਘ, ਮਨੋਜ ਰਤਨ, ਬਲਵੀਰ ਸਿੰਘ ਧਾਮੀ, ਸੁਰਿੰਦਰ ਸਿੰਘ, ਸਤਨਾਮ ਸਿੰਘ, ਰਜਿੰਦਰ ਸਿੰਘ, ਅਵਤਾਰ ਸਿੰਘ, ਪ੍ਰਦੀਪ ਸਿੰਘ, ਅੰਜੂ ਬਾਲਾ, ਗੁਰਦੇਵ ਕੌਰ, ਬਲਵੀਰ ਕੌਰ, ਬਲਜਿੰਦਰ ਸਿੰਘ, ਕ੍ਰਾਂਤੀਪਾਲ, ਵਾਸਦੇਵ, ਰਜਨੀ ਅਰੋੜਾ, ਨਰੇਸ਼ ਕੁਮਾਰ ਆਦਿ ਮੁਲਾਜ਼ਮ ਅਤੇ ਅਧਿਆਪਕ ਵੀ ਹਾਜਰ ਸਨ।

ਹਾਰਟਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ ਆਰੰਭ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਹਾਰਟਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਦੇ ਅਸਥਾਨ ’ਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪ੍ਰਭਾਤ ਫੇਰੀਆਂ 03 ਫਰਵਰੀ ਤੱਕ ਕੱਢੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 03 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ। 04 ਫਰਵਰੀ ਨੂੰ ਸਵੇਰੇ 10 ਵਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਭਾਈ ਰਛਪਾਲ ਸਿੰਘ ਇੰਟਰਨੈਸ਼ਨਲ ਢਾਡੀ ਜੱਥਾ, ਪ੍ਰਭਾਤ ਫੇਰੀ ਜੱਥਾ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। 05 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਗਏ, ਉਪਰੰਤ ਦੀਵਾਨ ਹਾਲ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਮਲਕੀਅਤ ਸਿੰਘ, ਡਾਕਟਰ ਹਰਮਿੰਦਰ ਸਿੰਘ ਲੱਕੀ, ਪ੍ਰਿਥੀਪਾਲ ਸਿੰਘ, ਕਸ਼ਮੀਰ ਸਿੰਘ, ਬਾਬਾ ਕੁਲਵੰਤ ਸਿੰਘ, ਧਰਮ ਪਾਲ ਖਜਾਨਚੀ, ਮਲਕੀਅਤ ਸਿੰਘ, ਰਾਮ ਪੇਂਟਰ, ਗੁਰਪ੍ਰੀਤ ਸਿੰਘ, ਬਿੱਟੂ, ਦਵਿੰਦਰ ਸਿੰਘ ਕਾਕਾ, ਗਿਆਂਨ ਸਿੰਘ, ਪੂਜਾ ਦੇਵੀ, ਮੀਨਾ ਕੁਮਾਰੀ, ਅੰਨੂ, ਸਤਵਿੰਦਰ ਕੌਰ, ਸੁਰਿੰਦਰ ਕੌਰ ਆਦਿ ਹਾਜਰ ਸਨ।

ਰਾਸ਼ਟਰਪਿਤਾ ਦੇ ਬਲੀਦਾਨ ਦਿਵਸ ’ਤੇ ਕੁਸ਼ਟ ਰੋਗ ਸੰਬੰਧੀ ਪ੍ਰਣ ਲਿਆ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਅਧੀਨ ਵੱਖ-ਵੱਖ ਸਿਹਤ ਕੇਂਦਰਾਂ ਵਿੱਚ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ (70ਵੇਂ ਵਿਸ਼ਵ ਕੁਸ਼ਟ ਨਿਵਾਰਣ ਦਿਵਸ) ਦੇ ਮੌਕੇ ਸਮੂਹ ਸਿਹਤ ਸਟਾਫ ਅਤੇ ਪਿੰਡ ਵਾਸੀਆਂ ਵੱਲੋਂ ਪ੍ਰਣ ਲਿਆ ਗਿਆ, ਕਿ ਮੈਂ ਅੱਜ ਰਾਸ਼ਟਰ ਪਿਤਾ ਮਹਾਤਮਾਂ ਗਾਂਧੀ ਜੀ ਦੇ ਬਲੀਦਾਨ ਦਿਵਸ ਤੇ ਪ੍ਰਣ ਕਰਦਾ ਹਾਂ ਕਿ ਮੈਂ ਕੁਸ਼ਟ ਰੋਗ ਦੇ ਲੱਛਣ ਵਾਲੇ ਵਿਅਕਤੀ ਨੂੰ ਨਜਦੀਕੀ ਸਿਹਤ ਕੇਂਦਰ ਵਿੱਚ ਜਾਣ ਲਈ ਪ੍ਰੇਰਿਤ ਕਰਾਗਾਂ। ਮੈਂ ਇਹ ਵੀ ਯਕੀਨ ਦਿਵਾਉਂਦਾਂ ਹਾਂ ਕਿ ਜੇਕਰ ਕੁਸ਼ਟ ਰੋਗ ਹੈ ਤਾਂ ਉਸਦਾ ਇਲਾਜ ਕਰਵਾਉਣ ਵਿੱਚ ਉਸ ਦੀ ਪੂਰੀ ਮਦਦ ਕਰਾਂਗਾ। ਜੇਕਰ ਮੇਰੀ ਨਜਰ ਵਿੱਚ ਮੇਰੇ ਪਰਵਾਰ, ਗਵਾਂਢ ਅਤੇ ਸਮਾਜ ਵਿੱਚ ਕੋਈ ਕੁਸ਼ਟ ਦਾ ਰੋਗੀ ਹੈ ਤਾਂ ਮੈਂ ਉਸਦੇ ਨਾਲ ਬੈਠਣ, ਖਾਣ, ਘੁੰਮਣ-ਫਿਰਨ ਤੇ ਕਿਸੇ ਵੀ ਤਰ੍ਹਾਂ ਦਾ ਭੇਦ-ਭਾਵ ਨਹੀਂ ਕਰਾਂਗਾ। ਮੈਂ ਇਹ ਵੀ ਪ੍ਰਣ ਲੈਂਦਾ ਹਾਂ ਕਿ ਮੈਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਬਲੀਦਾਨ ਦਿਵਸ ਤੇ ਕੁਸ਼ਟ ਮੁਕਤ ਭਾਰਤ ਲਈ ਸਦਾ ਯਤਨਸ਼ੀਲ ਰਹਾਂਗਾ। ਇਸ ਮੌਕੇ ’ਤੇ ਸਮੂਹ ਸੀ.ਐਚ.ਓਜ਼, ਸਮੂਹ ਏ.ਐਨ.ਐਮਜ਼ ਅਤੇ ਪਤਵੰਤੇ ਸੱਜਣ ਹਾਜਰ ਸਨ।

ਸੈਣੀ ਭਾਈਚਾਰੇ ਦੀ ਤਰੱਕੀ ਲਈ ਨੌਜਵਾਨ ਵਰਗ ਇਕਜੁੱਟ ਹੋ ਕੇ ਯਤਨ ਕਰੇ : ਕੁਲਵੰਤ ਸਿੰਘ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਸੈਣੀ ਜਾਗ੍ਰਿਤੀ ਮੰਚ ਪੰਜਾਬ ਦੀ ਕਾਰਜਕਾਰਨੀ ਦੀ ਮੀਟਿੰਗ ਪੰਜਾਬ ਪ੍ਰਧਾਨ ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਸੈਣੀ ਭਵਨ ਹੁਸ਼ਿਆਰਪੁਰ ਵਿਖੇ ਹੋਈ। ਇਸ ਮੌਕੇ ਵਰਕਿੰਗ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿਚ ਪ੍ਰਭਜੋਤ ਸਿੰਘ ਸੈਣੀ, ਜਗਤਾਰ ਸਿੰਘ ਸੈਣੀ, ਸਰਪੰਚ ਧਰਮਿੰਦਰ ਸਿੰਘ ਸੈਣੀ, ਸਰਪੰਚ ਗੁਰਪਾਲ ਸਿੰਘ ਸੈਣੀ, ਸਰਬਜੀਤ ਸਿੰਘ ਸੈਣੀ ਟਾਂਡਾ, ਉੱਤਮਜੀਤ ਸੈਣੀ ਸ਼ੇਰਗੜ੍ਹ ਸ਼ਾਮਿਲ ਸਨ, ਨੂੰ ਡਿਪਟੀ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਮੰਚ ਦੇ ਸੰਸਥਾਪਕ ਸੰਦੀਪ ਸੈਣੀ, ਜ਼ਿਲ੍ਹਾ ਪ੍ਰਧਾਨ ਪ੍ਰੇਮ ਸੈਣੀ, ਜਨਰਲ ਸਕੱਤਰ ਪੰਜਾਬ ਹਰਿੰਦਰ ਕੁਮਾਰ ਸੈਣੀ, ਅੰਤਰਰਾਸ਼ਟਰੀ ਗਾਇਕ ਹਰਪਾਲ ਲਾਡਾ, ਦੀਪਕ ਸੈਣੀ, ਹਰਜਿੰਦਰ ਸਿੰਘ ਸੈਣੀ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਚ ਦੇ ਸੰਸਥਾਪਕ ਸੰਦੀਪ ਸੈਣੀ ਨੇ ਨੌਜਵਾਨਾਂ ਨੂੰ ਦੇਸ਼ ਅਤੇ ਸਮਾਜ ਦੀ ਬਿਹਤਰੀ ਲਈ ਇਕਜੁੱਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼-ਵਿਦੇਸ਼ ਵਿਚ ਸੈਣੀ ਭਾਈਚਾਰੇ ਦੇ ਬਹੁਤ ਸਾਰੇ ਨੌਜਵਾਨਾਂ ਨੇ ਆਪਣੀ ਮਿਹਨਤ ਸਦਕਾ ਕੌਮ ਦਾ ਮਾਣ-ਸਨਮਾਨ ਵਧਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਜਿਸ ਲਈ ਸੈਣੀ ਭਾਈਚਾਰਾ ਆਪਣੇ ਹੋਣਹਾਰ ਨੌਜਵਾਨਾਂ ’ਤੇ ਮਾਣ ਕਰਦਾ ਹੈ। ਉਨ੍ਹਾਂ ਕਿਹਾ ਕਿ ਆਪਣੇ ਲਈ ਤਾਂ ਸਾਰੇ ਕੋਸ਼ਿਸ਼ ਕਰਦੇ ਹਨ, ਪਰ ਅਸਲ ਕੋਸ਼ਿਸ਼ ਪੂਰੀ ਤਰ੍ਹਾਂ ਨਾਲ ਉਦੋਂ ਹੀ ਸਫਲ ਹੁੰਦੀ ਹੈ ਜਦੋਂ ਅਸੀਂ ਸਮੁੱਚੇ ਸਮਾਜ ਅਤੇ ਦੇਸ਼ ਦੇ ਭਲੇ ਲਈ ਜ਼ਮੀਨੀ ਪੱਧਰ ’ਤੇ ਪੂਰੀ ਮਿਹਨਤ ਨਾਲ ਯਤਨ ਕਰਦੇ ਹਾਂ। ਉਨ੍ਹਾਂ ਯੂਥ ਵਿੰਗ ਦੇ ਸਾਰੇ ਕਾਰਜਕਾਰੀ ਟੀਮ ਦੇ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਅਪੀਲ ਕੀਤੀ ਕਿ ਉਹ ਸੈਣੀ ਭਾਈਚਾਰੇ ਦੀ ਇੱਕ ਜੁੱਟਤਾ ਨਾਲ ਜ਼ਮੀਨੀ ਪੱਧਰ ’ਤੇ ਪੂਰੀ ਮਿਹਨਤ ਨਾਲ ਕੋਸ਼ਿਸ਼ ਕਰਨ ਤਾਂ ਕਿ ਜ਼ਮੀਨੀ ਪੱਧਰ ’ਤੇ ਕੀਤੇ ਗਏ ਕੰਮਾਂ ਨਾਲ ਸੈਣੀ ਭਾਈਚਾਰੇ ਵਿੱਚ ਨਵੀਂ ਚੇਤਨਾ ਅਤੇ ਇਕਜੁੱਟਤਾ ਦਾ ਸੰਚਾਰ ਹੋ ਸਕੇ। ਇਸ ਮੌਕੇ ਸੈਣੀ ਜਾਗ੍ਰਿਤੀ ਮੰਚ ਦੇ ਪੰਜਾਬ ਦੇ ਪ੍ਰਧਾਨ ਕੁਲਵੰਤ ਸਿੰਘ ਸੈਣੀ ਨੇ ਕਿਹਾ ਕਿ ਜੁਗਾਂ ਜੁਗਾਂ ਤੋਂ ਸੈਣੀ ਭਾਈਚਾਰਾ ਆਪਣੀ ਮਿਹਨਤ ਅਤੇ ਇਮਾਨਦਾਰੀ ਲਈ ਦੇਸ਼ ਵਿੱਚ ਜਾਣਿਆ ਜਾਂਦਾ ਹੈ ਅਤੇ ਇਸੇ ਯਤਨ ਨੂੰ ਅੱਗੇ ਵਧਾਉਣ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਅੱਜ ਸੈਣੀ ਭਾਈਚਾਰਾ ਦੇ ਨੌਜਵਾਨ ਵਰਗ ਨੂੰ ਇੱਕਜੁੱਟ ਹੋ ਕੇ ਸੈਣੀ ਭਾਈਚਾਰੇ ਦੇ ਮਾਨ ਸਨਮਾਨ ਨੂੰ ਹੋਰ ਅੱਗੇ ਲਿਜਾਣ ਲਈ ਠੋਸ ਯਤਨ ਕਰਨੇ ਹੋਣਗੇ। ਉਨ੍ਹਾਂ ਕਿਹਾ ਕਿ ਅੱਜ ਸੈਣੀ ਭਾਈਚਾਰੇ ਨੂੰ ਨੌਜਵਾਨ ਨੇਤਾਵਾਂ ਦੀ ਬਹੁਤ ਵੱਡੇ ਪੱਧਰ ਤੇ ਲੋੜ ਹੈ ਕਿਉਂਕਿ ਆਉਣ ਵਾਲਾ ਸਮਾਂ ਸਮਾਜ ਲਈ ਰਾਜਸੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਅੱਜ ਸਮਾਜ ਦੇ ਹਰ ਖੇਤਰ ਵਿੱਚ ਭਾਈਚਾਰਕ ਸਾਂਝ ਵਾਲੇ ਨੌਜਵਾਨਾਂ ਮਿਲਕੇ ਅੱਗੇ ਲਿਆਉਣਾ ਹੋਵੇਗਾ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸੈਣੀ ਨੌਜਵਾਨਾਂ ਨੂੰ ਰਾਜਨੀਤੀ ਦੇ ਖੇਤਰ ਵਿੱਚ ਵੱਡੇ ਪੱਧਰ ’ਤੇ ਮੌਕੇ ਮਿਲ ਸਕਨ। ਉਨ੍ਹਾਂ ਕਿਹਾ ਕਿਹਾ ਕਿ ਅੱਜ ਆਪਣੀ ਮਿਹਨਤ ਨਾਲ ਸਮਾਜ ਦੇ ਹਰ ਖੇਤਰ ਵਿੱਚ ਸੈਣੀ ਭਾਈਚਾਰੇ ਦੇ ਨੌਜਵਾਨਾਂ ਨੇ ਆਪਣਾ ਸਥਾਨ ਬਣਾਇਆ ਹੈ ਅਤੇ ਇਹ ਹੀ ਮੰਚ ਦੀ ਕੋਸ਼ਿਸ਼ ਹੈ। ਜ਼ਿਲ੍ਹਾ ਪ੍ਰਧਾਨ ਪ੍ਰੇਮ ਸੈਣੀ ਨੇ ਸਾਰੇ ਨੌਜਵਾਨ ਸਾਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸੈਣੀ ਭਵਨ ਹੁਸ਼ਿਆਰਪੁਰ ਨੌਜਵਾਨ ਸਾਥੀਆਂ ਵੱਲੋਂ ਆਪਣੇ ਭਾਈਚਾਰੇ ਲਈ ਕੀਤੀ ਗਈ ਮਿਹਨਤ ਦਾ ਹਮੇਸ਼ਾ ਰਿਣੀ ਰਹੇਗਾ ਅਤੇ ਇਸ ਦੇ ਦਰਵਾਜ਼ੇ ਹਮੇਸ਼ਾ ਅਜਿਹੇ ਸਾਥੀਆਂ ਲਈ ਖੁੱਲ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਸੈਣੀ ਭਾਈਚਾਰੇ ਦੇ ਸ਼ਾਨਮੱਤੇ ਇਤਿਹਾਸ ਤੋਂ ਸਾਨੂੰ ਸਾਰਿਆਂ ਨੂੰ ਸਬਕ ਲੈ ਕੇ ਉੱਜਵਲ ਭਵਿੱਖ ਵੱਲ ਵਧਣਾ ਪਵੇਗਾ। ਜਿਸ ਲਈ ਨੌਜਵਾਨਾਂ ਦਾ ਅਤੀਤ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਮੌਕੇ ਮਹਿਲਾ ਵਿੰਗ ਤੋਂ ਸ੍ਰੀਮਤੀ ਸੰਤੋਸ਼ ਸੈਣੀ, ਗੁਰਪਾਲ ਸਿੰਘ ਪਾਲੀ ਸੈਣੀ, ਜਿੰਦੂ ਸੈਣੀ, ਰਾਜਾ ਸੈਣੀ, ਵਿਨੋਦ ਸੈਣੀ, ਰਾਜੀਵ ਸੈਣੀ, ਗੁਰਪ੍ਰੀਤ ਸੈਣੀ, ਕਰਨ ਸੈਣੀ, ਤਲਵਿੰਦਰ ਸਿੰਘ ਸੈਣੀ, ਰਾਜੇਸ਼ ਕੁਮਾਰ ਸੈਣੀ, ਗੋਨੀ ਸੈਣੀ, ਹਰਪ੍ਰੀਤ ਸਿੰਘ ਸੈਣੀ, ਇੰਦਰਪ੍ਰੀਤ ਸਿੰਘ ਸੈਣੀ, ਰਵਿੰਦਰ ਸਿੰਘ ਸੈਣੀ, ਕਮਲਪ੍ਰੀਤ ਸਿੰਘ ਸੈਣੀ, ਰੋਸ਼ਨ ਲਾਲ ਸੈਣੀ, ਸੁਰੇਸ਼ ਸੈਣੀ, ਸੁਖਦੇਵ ਸਿੰਘ ਸੈਣੀ, ਮੱਖਣ ਸਿੰਘ ਸੈਣੀ, ਜਤਿੰਦਰ ਕੁਮਾਰ ਸੈਣੀ, ਕਮਲ ਸੈਣੀ, ਮੰਗੀ ਰਾਮ ਸੈਣੀ, ਵਰੁਣ ਸੈਣੀ, ਬਲਵਿੰਦਰ ਸਿੰਘ ਸੈਣੀ, ਓਂਕਾਰ ਸਿੰਘ ਸੈਣੀ, ਸ਼ਿਵਨੰਦਨ ਸੈਣੀ, ਅਵਤਾਰ ਸਿੰਘ ਸੈਣੀ, ਜਸਕਰਨ ਸਿੰਘ ਸੈਣੀ, ਮਨਪ੍ਰੀਤ ਸਿੰਘ ਸੈਣੀ ਬਾਲਕਰਨ ਸਿੰਘ ਸੈਣੀ, ਸੁਖਕਰਨ ਸਿੰਘ ਸੈਣੀ, ਦਿਲਬਾਗ ਸਿੰਘ ਸੈਣੀ, ਮਨਜਿੰਦਰ ਸਿੰਘ ਸੈਣੀ, ਜੁਝਾਰ ਸਿੰਘ ਸੈਣੀ, ਇੰਦਰਜੀਤ ਸਿੰਘ ਸੈਣੀ, ਜਸਪਾਲ ਸਿੰਘ ਲੌਂਗੀਆ ਆਦਿ ਹਾਜਰ ਸਨ।

ਸੇਂਟ ਸੋਲਜਰ ਹੋਟਲ ਮੈਨੇਜਮੈਂਟ ਨੇ ਵਿਦਿਆਰਥੀਆਂ ਨੂੰ ਸਿਖਾਈ ਇਨਟੀਰਿਅਰ ਡੈਕੋਰੇਸ਼ਨ

ਜਲੰਧਰ (ਇਕਬਾਲ ਸਿੰਘ ਉੱਭੀ)

ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਐਂਡ ਕੇਟਰਿੰਗ ਟੈਕਨਾਲੋਜੀ ਨੇ ਥੀਮ ਆਧਾਰਿਤ ਇਨਟੀਰਿਅਰ ਡੇਕੋਰੇਸ਼ਨ ਗਤੀਵਿਧੀ ਦਾ ਆਯੋਜਨ ਕੀਤਾ। ਇਸ ਥੀਮ ਆਧਾਰਿਤ ਗਤੀਵਿਧੀ ਵਿੱਚ ਵਿਦਿਆਰਥੀਆਂ ਅਨਿਰੁਧ, ਕੈਲਵਿਨ, ਹਰਮਨ ਮਹੇ, ਅੰਮ੍ਰਿਤ, ਹਰਮਨਜੀਤ, ਮੋਨਿਕਾ, ਆਕਾਸ਼, ਕੋਮਲ, ਅਮਨਦੀਪ ਆਦਿ ਨੇ ਉਤਸ਼ਾਹ ਨਾਲ ਭਾਗ ਲਿਆ ਅਤੇ ਐਨੀਵਰਸਰੀ, ਬਰਥਡੇ, ਪ੍ਰੋਪੋਜ਼ਲ, ਹਨੀਮੂਨ ਆਦਿ ਥੀਮਾਂ ’ਤੇ ਕਮਰੇ ਨੂੰ ਸਜਾਇਆ। ਗੌਤਮ ਸੋਢੀ ਦੀ ਅਗਵਾਈ ਹੇਠ ਗਤੀਵਿਧੀ ਕਰਵਾਈ ਗਈ। ਸੋਢੀ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਸ ਤਰੀਕੇ ਨਾਲ ਅਸੀਂ ਆਪਣੇ ਘਰਾਂ ਨੂੰ ਖਾਸ ਮੌਕਿਆਂ ’ਤੇ ਚੀਜ਼ਾਂ ਨਾਲ ਸਜ ਸਕਦੇ ਹਾਂ। ਪ੍ਰਿੰਸੀਪਲ ਸੰਦੀਪ ਲੋਹਾਨੀ ਨੇ ਵਿਦਿਆਰਥੀਆਂ ਨੂੰ ਥੀਮ ਆਧਾਰਿਤ ਇਨਟੀਰਿਅਰ ਡੈਕੋਰੇਸ਼ਨ ਲਈ ਉਤਸ਼ਾਹਿਤ ਕੀਤਾ ਅਤੇ ਵਿਦਿਆਰਥੀਆਂ ਦੀ ਨਵੀਨਤਾ ਬਾਰੇ ਦੱਸਿਆ ਅਤੇ ਦੱਸਿਆ ਕਿ ਹੋਰ ਵੀ ਕਈ ਰਚਨਾਤਮਕ ਤਰੀਕੇ ਹਨ ਜਿਨ੍ਹਾਂ ਨਾਲ ਅਸੀਂ ਮੌਕੇ ਦੇ ਅਨੁਸਾਰ ਕਮਰੇ ਨੂੰ ਸਜਾ ਸਕਦੇ ਹਾਂ। ਐਚ.ਓ.ਡੀ. ਸ਼੍ਰੀਮਤੀ ਕੀਰਤੀ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਵਿਦਿਆਰਥੀਆਂ ਦੀ ਰਚਨਾਤਮਕਤਾ ਨੂੰ ਦੇਖਿਆ ਅਤੇ ਪ੍ਰਬੰਧਿਤ ਕੀਤਾ। ਗਰੁੱਪ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਹੋਟਲ ਉਦਯੋਗ ਵਿੱਚ ਥੀਮ ਆਧਾਰਿਤ ਸਜਾਵਟ ਦੀ ਮੰਗ ਨੂੰ ਦੇਖਦੇ ਹੋਏ ਇਹ ਗਤੀਵਿਧੀ ਆਯੋਜਿਤ ਕੀਤੀ ਗਈ ਹੈ।

2-FEB-PAGE-10.qxd 2/1/2023 10:03 PM Page 1

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਕੌਮੀ ਇਨਸਾਫ ਮੋਰਚੇ 'ਚ ਕਰੇਗੀ ਸ਼ਮੂਲੀਅਤ : ਗੁਰਭੇਜ ਟਿੱਬੀ

ਮਮਦੋਟ (ਜਸਬੀਰ ਸਿੰਘ ਕੰਬੋਜ) ਬੰਦੀ ਸਿੰਘਾਂ ਦੀ ਰਿਹਾਈ ਤੇ ਸ਼੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੇ ਇਨਸਾਫ ਲਈ ਚੰਡੀਗੜ੍ਹ ਹੱਦ 'ਤੇ ਕੌਮੀ ਇਨਸਾਫ ਮੋਰਚਾ ਚੱਲ ਰਿਹਾ ਹੈ, ਜਿਸ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵਲੋਂ ਪਹਿਲੇ ਦਿਨ ਤੋਂ ਸਮਰਥਨ ਦਿੱਤਾ ਗਿਆ ਹੈ, ਪਰ 26 ਜਨਵਰੀ ਦੀ ਜੀਂਦ ਵਿਖੇ ਕਿਸਾਨ ਮਹਾਂਪੰਚਾਇਤ ਤੋ ਬਾਅਦ ਹੁਣ 4 ਫਰਵਰੀ ਨੂੰ ਵੱਡੇ ਜਥੇ ਲੈ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਮੋਰਚੇ ਵਿੱਚ ਸ਼ਮੂਲੀਅਤ ਕਰੇਗੀ।

ਯੂਨੀਅਨ ਦੇ ਬਲਾਕ ਮਮਦੋਟ ਦੇ ਪ੍ਰਧਾਨ ਗੁਰਭੇਜ ਸਿੰਘ ਟਿੱਬੀ ਨੇ ਦੱਸਿਆ ਕਿ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਦੇਸ਼ ਦੇ ਕਿਸਾਨਾਂ ਦੀਆ ਸਾਰੀਆਂ ਮੰਗਾਂ ਪੂਰੀਆਂ ਹੋਣ ਤੱਕ ਸੰਘਰਸ਼ ਜਾਰੀ ਰੱਖੇਗੀ ਤੇ ਅਗਲੇ ਪੜਾਅ ਵਿੱਚ ਦਿੱਲੀ ਵਿੱਚ ਵੱਡਾ ਇਕੱਠ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਜ਼ਾ ਪੂਰੀ ਕਰ ਚੁੱਕੇ ਸਾਰੇ ਸਿੱਖ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ ਤੇ ਜਿਨ੍ਹਾਂ ਬੁੱਧੀਜੀਵੀਆਂ, ਪੱਤਰਕਾਰਾਂ, ਵਿਦਿਆਰਥੀਆਂ ਤੇ ਸਮਾਜਿਕ ਕਾਰਕੁੰਨਾਂ ਨੂੰ ਸਿਰਫ਼ ਇਸ ਲਈ ਜੇਲ੍ਹ ਅੰਦਰ ਬੰਦ ਕੀਤਾ ਹੋਇਆ ਹੈ ਕਿ ਉਹ ਸਰਕਾਰ ਦੀਆਂ ਸਿਆਸੀ ਨੀਤੀਆਂ ਦਾ ਵਿਰੋਧ ਕਰਦੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਪੰਜਾਬ ਅੰਦਰ ਚੱਲ ਰਹੇ ਵੱਖ-ਵੱਖ ਮੋਰਚੇ ਜਿਵੇਂ ਮਾਲਬਰੋਜ ਇੰਟਰਨੈਸ਼ਨਲ ਜੀਰਾ ਸ਼ਰਾਬ ਫੈਕਟਰੀ ਮੋਰਚਾ, ਕੌਮੀ ਇਨਸਾਫ ਮੋਰਚਾ, ਲਤੀਫਪੁਰਾ ਆਦਿ ਮੋਰਚਿਆਂ ਨੂੰ ਸਮਰਥਨ ਦੇਣ ਦੇ ਨਾਲ-ਨਾਲ ਪਟਿਆਲਾ ਅਤੇ ਫ਼ਾਜ਼ਿਲਕਾ ਅੰਦਰ ਛੋਟੇ ਕਿਸਾਨਾਂ ਦੀਆ ਜ਼ਮੀਨਾਂ ਬਚਾਉਣ ਲਈ ਮੋਰਚੇ ਲਾ ਰੱਖੇ ਹਨ।

ਉਨ੍ਹਾਂ ਕਿਹਾ ਕਿ ਆਬਾਦਕਾਰ ਕਿਸਾਨਾਂ ਦਾ ਉਜਾੜਾ ਰੋਕਣ ਤੇ ਉਨ੍ਹਾਂ ਨੂੰ ਮਾਲਕੀ ਹੱਕ ਦਿਵਾਉਣ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਅਗਲੇ ਦਿਨਾਂ ਵਿੱਚ ਵੱਡੇ ਪ੍ਰੋਗਰਾਮ ਉਲੀਕੇਗੀ।

ਲੀਗਲ ਏਡ ਡਿਫੈਂਸ ਕੌਂਸਲ ਦਫਤਰ ਦਾ ਉਦਘਾਟਨ

ਬਠਿੰਡਾ, (ਪਰਵਿੰਦਰ ਜੀਤ ਸਿੰਘ) : ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਲੀਗਲ ਏਡ ਡਿਫੈਂਸ ਕੌਂਸਲ ਸਕੀਮ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਠਿੰਡਾ ਵਿਖੇ ਲੀਗਲ ਏਡ ਡਿਫੈਂਸ ਕੌਂਸਲ, ਦਫਤਰ ਦਾ ਉਦਘਾਟਨ ਵੀਡੀਓ ਕਾਨਫਰੰਸਿੰਗ ਰਾਹੀਂ ਮਾਣਯੋਗ ਚੀਫ ਜਸਟਿਸ, ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਸਹਿਤ-ਪੈਟਰਨ ਇਨ ਚੀਫ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਰਵੀ ਸ਼ੰਕਰ ਝਾਅ ਵੱਲੋਂ ਮਾਣਯੋਗ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ-ਸਹਿਤ-ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਤੇਜਿੰਦਰ ਸਿੰਘ ਢੀਂਡਸਾ, ਮਾਣਯੋਗ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਰੁਣ ਪੱਲੀ, ਮਾਣਯੋਗ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਸੰਜੀਵ ਬੇਰੀ ਅਤੇ ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਰੁਣ ਗੁਪਤਾ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਸ ਮੌਕੇ ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਸੁਮੀਤ ਮਲਹੋਤਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਲੀਗਲ ਏਡ ਡਿਫੈਂਸ ਕੌਂਸਲ ਸਕੀਮ ਦਾ ਮੁੱਖ ਮੰਤਵ ਫੌਜਦਾਰੀ ਕੇਸਾਂ ਵਿੱਚ ਗ੍ਰਿਫਤਾਰੀ ਤੋਂ ਪਹਿਲਾਂ, ਗ੍ਰਿਫਤਾਰੀ ਸਮੇਂ, ਰਿਮਾਂਡ ਸਟੇਜ, ਕੇਸ ਟ੍ਰਾਇਲ ਅਤੇ ਅਪੀਲਾਂ ਵਿੱਚ ਸਮਾਜ ਦੇ ਪਛੜੇ ਤਬਕਿਆਂ ਨੂੰ ਪੇਸ਼ੇਵਰ ਤਰੀਕੇ ਨਾਲ ਪੈਰਵੀ ਕਰਨ ਲਈ ਮੁਫਤ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਉਨ੍ਹਾ ਦੱਸਿਆ ਕਿ ਜ਼ਿਲ੍ਹਾ ਬਠਿੰਡਾ 'ਚ ਇਹ ਸਹੂਲਤ ਮੁਹੱਈਆ ਕਰਵਾਉਣ ਲਈ ਇੱਕ ਚੀਫ ਡਿਫੈਂਸ ਕੌਂਸਲ, ਦੋ ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਤਿੰਨ ਸਹਾਇਕ ਲੀਗਲ ਏਡ ਕੌਂਸਲ ਨਿਯੁਕਤ ਕੀਤੇ ਗਏ ਹਨ। ਉਨ੍ਹਾ ਆਮ ਲੋਕਾਂ ਨੂੰ ਇਸ ਦਫਤਰ ਰਾਹੀਂ ਦਿੱਤੀ ਜਾ ਰਹੀ ਸਹੂਲਤ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ।

ਤਰਕਸ਼ੀਲਾਂ ਨੇ ਦਿੱਤਾ ਵਿਗਿਆਨਕ ਸੋਚ ਦਾ ਸੱਦਾ

ਸੰਗਰੂਰ (ਪ੍ਰਵੀਨ ਸਿੰਘ) ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਚਰਨ ਕਮਲ ਸਿੰਘ, ਸੀਤਾ ਰਾਮ, ਮਾਸਟਰ ਪਰਮਵੇਦ, ਰਘਬੀਰ ਸਿੰਘ ਛਾਜਲੀ ਤੇ ਸੁਰਿੰਦਰ ਪਾਲ ਅਧਾਰਤ ਤਰਕਸ਼ੀਲ ਟੀਮ ਵੱਲੋਂ ਬੀ ਐਸ ਐਨ ਐਲ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਵਿੱਚ ਤਰਕਸ਼ੀਲ ਪ੍ਰੋਗਰਾਮ ਦਿੱਤਾ।

ਬ੍ਰਾਂਚ ਸਕੱਤਰ ਰਜਨੀਸ਼ ਕੁਮਾਰ ਨੇ ਪੈਨਸ਼ਨਰਜ਼ ਵੱਲੋਂ ਤਰਕਸ਼ੀਲ ਟੀਮ ਦਾ ਸਵਾਗਤ ਕੀਤਾ। ਇਸ ਮਗਰੋਂ ਮਾਸਟਰ ਪਰਮ ਵੇਦ ਨੇ ਆਪਣੇ ਸੰਬੋਧਨ ਵਿੱਚ ਹਾਜ਼ਰੀਨ ਨੂੰ ਅੰਧਵਿਸ਼ਵਾਸਾਂ, ਵਹਿਮਾਂ - ਭਰਮਾ, ਵੇਲਾ ਵਿਹਾਅ ਚੁੱਕੀਆਂ ਰਸਮਾਂ ਤੇ ਰੂੜੀਵਾਦੀ ਵਿਚਾਰਾਂ ਦੇ ਹਨ੍ਹੇਰੇ 'ਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਆਉਣ ਦਾ ਸੱਦਾ ਦਿੱਤਾ। ਉਨ੍ਹਾਂ ਕੀ, ਕਿਉਂ ਤੇ ਕਿਵੇਂ ਗੁਣਾਂ ਨੂੰ ਗ੍ਰਹਿਣ ਕਰਨ ਤੇ ਹਰ ਘਟਨਾ/ਗੱਲ ਨੂੰ ਸੋਚ, ਸਮਝ, ਪਰਖ ਕੇ ਮੰਨਣ ਲਈ ਪ੍ਰੇਰਤ ਕੀਤਾ। ਉਨ੍ਹਾਂ ਅਖੌਤੀ ਸਿਆਣਿਆਂ, ਤਾਂਤਰਿਕਾਂ ਦੇ ਫੈਲਾਏ ਭਰਮ ਜਾਲ ਵਿੱਚੋਂ ਨਿਕਲਣ ਲਈ ਕਹਿੰਦਿਆਂ ਆਪਣੇ ਸੁਨੇਹਾ ਵਿੱਚ ਕਿਹਾ ਕਿ ਵਿਗਿਆਨਕ ਜਾਗਰੂਕਤਾ ਸਮੇਂ ਦੀ ਮੁੱਖ ਲੋੜ ਤੇ ਇਹ ਹੀ ਸੁਖਾਵੇਂ ਸਮਾਜ ਦਾ ਰਾਹ ਦਸੇਰਾ ਹੈ। ਇਸ ਸਮੇਂ ਸਾਧਾ ਸਿੰਘ ਨੇ ਵੀ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਗੱਲ ਕਰਦਿਆਂ ਆਪਣਾ ਸੋਚਣ ਢੰਗ ਵਿਗਿਆਨਕ ਬਣਾਉਣ ਦਾ ਹੋਕਾ ਦਿੱਤਾ।

ਤਰਕਸ਼ੀਲ ਆਗੂ ਚਰਨ ਕਮਲ ਸਿੰਘ, ਰਘਬੀਰ ਸਿੰਘ ਤੇ ਸੀਤਾ ਰਾਮ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਬੁਲਾਰੇ ਤਰਕਸ਼ੀਲ ਮੈਗਜ਼ੀਨ ਦੇ ਪਾਠਕ ਬਣਨ ਦਾ ਭਾਵਪੂਰਤ ਸੰਦੇਸ਼ ਦਿੱਤਾ ਤੇ ਕਾਫੀ ਸਾਥੀਆਂ ਨੇ ਇਸ 'ਤੇ ਅਮਲ ਕੀਤਾ। ਇਸ ਸਮੇਂ ਤਰਕਸ਼ੀਲ ਸਾਹਿਤ ਵੀ ਵੰਡਿਆ। ਐਸੋਸੀਏਸ਼ਨ ਵੱਲੋਂ ਤਰਕਸ਼ੀਲ ਟੀਮ ਸਮੇਤ ਬੁਲਾਰਿਆਂ ਦਾ ਸਨਮਾਨ ਵੀ ਕੀਤਾ ਗਿਆ।

ਦੇਸ਼ ਦੇ ਵਿਕਾਸ ਲਈ ਹਰ ਵਿਅਕਤੀ ਦਾ ਅਹਿਮ ਯੋਗਦਾਨ : ਡਾ. ਅਮਿਤ ਕਾਂਸਲ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅਤਰੀ) : ਦੇਸ਼ ਦੇ ਵਿਕਾਸ ਵਿੱਚ ਹਰ ਵਿਅਕਤੀ ਦਾ ਅਹਿਮ ਯੋਗਦਾਨ ਹੈ , ਉਹ ਚਾਹੇ ਕਿਸੇ ਵੀ ਰੂਪ ਵਿੱਚ ਹੋਵੇ ਭਾਵੇਂ ਉਹ ਸਮਾਜਕ , ਰਾਜਨੀਤਕ ,ਆਰਥਕ, ਧਾਰਮਿਕ ਕਿਸੇ ਵੀ ਰੂਪ ਵਿੱਚ ਹੋਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐਨ ਐਚ ਪੀ ਸੀ ਡਾਇਰੈਕਟਰ ਡਾ. ਅਮਿਤ ਕਾਂਸਲ ਪਾਵਰ ਮੰਤਰਾਲਾ ਭਾਰਤ ਸਰਕਾਰ ਨੇ ਦੁਰਗਾ ਮੰਦਰ ਲੌਂਗੋਵਾਲ ਵਿਖੇ ਪਤਵੰਤੇ ਸੱਜਣਾਂ ਨੂੰ ਮਿਲਣ ਉਪਰੰਤ ਕੀਤਾ। ਉਨ੍ਹਾ ਦੱਸਿਆ ਕਿ ਭਾਰਤ ਸਰਕਾਰ ਦੇ ਨੁਮਾਇੰਦੇ ਦੇ ਤੌਰ 'ਤੇ ਉਨ੍ਹਾ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਦੇਸ਼ ਦੇ ਵਿਕਾਸ ਨਾਲ- ਨਾਲ ਲੋਕਾਂ ਦੀ ਸੇਵਾ ਕਰਨਾ ਹੈ। ਨਾਲ ਹੀ ਆਪਣੀ ਸੰਸਕ੍ਰਿਤੀ ਅਤੇ ਧਰਮ ਦੀ ਅਵਾਜ਼ ਨੂੰ ਬੁਲੰਦ ਕਰਨਾ ਹੈ । ਇਸੇ ਲੜੀ ਤਹਿਤ ਹਜ਼ਾਰਾਂ ਦੀ ਗਿਣਤੀ ਵਿੱਚ ਭਗਵਤ ਗੀਤਾ ਦੇਸ਼ ਦੇ ਹਜ਼ਾਰਾਂ ਲੋਕਾਂ ਨੂੰ ਸਮਰਪਤ ਕਰ ਚੁੱਕੇ ਹਨ, ਤਾਂ ਜੋ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਧਰਮ ਹਸਤਾਂਤਰਣ ਵਰਗੀਆਂ ਅਲਾਮਤਾਂ ਤੋਂ ਬਚਿਆ ਜਾ ਸਕੇ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਸਕੇ।

ਉਨ੍ਹਾ ਦੱਸਿਆ ਕਿ ਨੈਸ਼ਨਲ ਹਾਈਡਰੋ ਪਾਵਰ ਲਿਮਟਡ ਅਧੀਨ ਪਾਵਰ ਮੰਤਰਾਲਾ ਭਾਰਤ ਸਰਕਾਰ ਸੌਰ ਊਰਜਾ ਦੇ ਖੇਤਰ ਵਿੱਚ ਵੱਖ ਵੱਖ ਵਿਕਲਪਕ ਤਲਾਸ਼ ਰਹੀ ਹੈ । ਆਉਣ ਵਾਲੇ ਦਿਨਾਂ ਵਿੱਚ ਇਸ ਦਾ ਵਿਸਥਾਰ ਕਰਨ ਲਈ ਉਨ੍ਹਾ ਕਿਹਾ ਕਿ ਭਾਰਤ ਨੂੰ ਊਰਜਾ ਦੇ ਖੇਤਰ ਵਿੱਚ ਆਤਮ-ਨਿਰਭਰ ਬਣਾਉਣਾ ਹੈ । ਇਸੇ ਲੜੀ ਤਹਿਤ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਮੁੱਚੀ ਟੀਮ ਕਾਰਜ ਕਰ ਰਹੀ ਹੈ। ਉਨ੍ਹਾ ਕਿਹਾ ਕਿ ਰਾਸ਼ਟਰ ਦੇ ਨਿਰਮਾਣ ਲਈ ਸਮਾਜਕ ਅਤੇ ਧਾਰਮਿਕ ਹਾਲਤਾਂ ਦਾ ਵਿਕਾਸ ਕਰਨਾ ਬਹੁਤ ਜ਼ਰੂਰੀ ਹੈ, ਧਰਮ ਦੀ ਰੱਖਿਆ ਲਈ ਅਤੇ ਇਸ ਦੇ ਪ੍ਰਚਾਰ ਪ੍ਰਸਾਰ ਲਈ ਕੌਮ ਨੂੰ ਜਾਗਰਿਤ ਹੋਣਾ ਪਵੇਗਾ।

ਉਨ੍ਹਾ ਕਿਹਾ ਕਿ ਧਰਮ ਦੀ ਰੱਖਿਆ ਲਈ ਗੁਰੂ ਸਹਿਬਾਨ ਦੀਆਂ ਦਿੱਤੀਆਂ ਕੁਰਬਾਨੀਆਂ ਤੋਂ ਸਿੱਖਿਆ ਲੈਣ ਦੀ ਜ਼ਰੂਰਤ ਹੈ ਤਾਂ ਜੋ ਤਾਂ ਜੋ ਆਪਣੇ ਧਰਮ ਦੀ ਰੱਖਿਆ ਲਈ ਸਿੱਖਿਆ ਪ੍ਰਾਪਤ ਕੀਤੀ ਜਾ ਸਕੇ। ਕਿਸੇ ਵੀ ਲਾਲਚ ਵਿੱਚ ਆਪਣੇ ਧਰਮ ਨੂੰ ਨਾ ਬਦਲਿਆ ਜਾਵੇ। ਇਸ ਮੌਕੇ ਪੈਨਸ਼ਨ ਯੂਨੀਅਨ ਸੰਗਰੂਰ ਦੇ ਪ੍ਰਧਾਨ ਮੁਕੰਦ ਲਾਲ ਗਰਗ, ਮੁਨੀਸ਼ ਕੁਮਾਰ ਆੜ੍ਹਤੀਆ, ਨੌਜਵਾਨ ਸਮਾਜ ਸੇਵੀ ਆਗੂ ਰਾਜ ਕੁਮਾਰ ਰਾਜੂ, ਬੀ ਜੇ ਪੀ ਆਗੂ ਬੱਬਲੂ ਸਿੰਗਲਾ , ਐਡਵੋਕੇਟ ਨੰਦ ਕਿਸ਼ੋਰ ਵਪਾਰ ਮੰਡਲ ਲੌਂਗੋਵਾਲ, ਐਡਵੋਕੇਟ ਮੋਹਿਤ ਗਰਗ, ਪ੍ਰਦੀਪ ਕੁਮਾਰ ਐਲ ਆਈ ਸੀ ਸਲਾਹਕਾਰ , ਵਿਜੇ ਕੁਮਾਰ ਭੋਲਾ ਦੁਰਗਾ ਮੰਦਰ ਕਮੇਟੀ, ਠੇਕੇਦਾਰ ਅਮਰੀਕ ਸਿੰਘ ਢਿੱਲੋਂ , ਪ੍ਰਧਾਨ ਲੋਕ ਸੇਵਾ ਦਲ ਜੋਨੀ ਗਰਗ , ਰਾਮਲੀਲ੍ਹਾ ਗਰਾਊਂਡ ਬਜ਼ਾਰ ਕਮੇਟੀ ਆਗੂ ਜਸਵਿੰਦਰ ਸਿੰਘ , ਕਸ਼ਮੀਰ ਸਿੰਘ , ਕੇਵਲ ਸ਼ਰਮਾ ਜਰਨਲ ਸਕੱਤਰ, ਬੀ ਜੇ ਪੀ ਮੰਡਲ ਪ੍ਰਧਾਨ ਰਤਨ ਕੁਮਾਰ ਮੰਗੂ, ਸਮਾਜ ਸੇਵੀ ਆਗੂ ਮੋਹਨ ਲਾਲ , ਕਾਂਤਾ ਦੇਵੀ ਅਗਰਵਾਲ ਸਭਾ ਮਹਿਲਾ ਵਿੰਗ ਲੌਂਗੋਵਾਲ , ਰਾਜੀਵ ਕੁਮਾਰ ਗਰਗ ਕੰਪਿਊਟਰ , ਸਮਾਜ ਸੇਵੀ ਆਗੂ ਸੋਨੂੰ ਮੋਨੂੰ , ਸਾਬਕਾ ਇੰਸਪੈਕਟਰ ਪੀ ਆਰ ਟੀ ਸੀ ਰਮੇਸ਼ ਜਿੰਦਲ, ਰਾਮਗੋਪਾਲ , ਪਰਵੀਨ ਕੁਮਾਰ, ਨਛੱਤਰ ਸਿੰਘ , ਅਵਨੀਸ਼ ਲੌਂਗੋਵਾਲ ਅਤੇ ਭਾਰੀ ਗਿਣਤੀ ਵਿੱਚ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਨੌਜਵਾਨ ਆਗੂ ਸ਼ਾਮਲ ਹੋਏ।

ਕਾਤਰਾਂ

ਸਤੀਸ਼ ਕੁਮਾਰ ਗਰਗ ਨੇ ਕੇਕ ਕੱਟ ਕੇ ਜਨਮ ਦਿਨ ਮਨਾਇਆ

ਧੂਰੀ (ਸੁਖਦੇਵ ਧੂਰੀ) ਸੇਵਾ ਮੁਕਤ ਕਾਰਜ ਸਾਧਕ ਅਫ਼ਸਰ ਸਤੀਸ਼ ਕੁਮਾਰ ਗਰਗ ਨੇ ਅਪਣਾ 64ਵਾਂ ਜਨਮ ਦਿਨ ਪ੍ਰਸਾਦ ਵੰਡ ਕੇ ਮਨਾਇਆ। ਇਸ ਦੇ ਨਾਲ ਹੀ ਉਨ੍ਹਾਂ ਅਪਣੇ ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਨਾਲ ਕੇਕ ਵੀ ਕੱਟਆ ਅਤੇ ਹਾਜ਼ਰੀਨ ਦਾ ਮੂੰਹ ਮਿੱਠਾ ਕਰਾਇਆ ਗਿਆ। ਇਸ ਮੌਕੇ ਸੋਸ਼ਲ ਵੈਲਫੇਅਰ ਯੂਨਿਟ ਦੇ ਪ੍ਰਧਾਨ ਸਤੀਸ਼ ਕੁਮਾਰ ਅਰੋੜਾ, ਸੇਵਾਮੁਕਤ ਡੀ. ਪੀ.ਆਰ. ਓ. ਮਨਜੀਤ ਬਖ਼ਸ਼ੀ, ਦਵਿੰਦਰ ਦੀਪਕ, ਮਨੋਹਰ ਸਿੰਘ ਸੱਗੂ, ਵਿਨੋਦ ਗੁਪਤਾ, ਕ੍ਰਿਸ਼ਨ ਕੁਮਾਰ ਕੇ ਕੇ, ਗੁਰਦਾਸ ਰਾਮ ਬਾਂਸਲ, ਬਿੱਟੂ ਸੋਫਤ, ਵਿਸ਼ਾਲ ਜੈਨ, ਸੁੰਦਰ ਲਾਲ ਅਤੇ ਹੋਰ ਕਈ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਮੌਕੇ ਸਾਰਿਆਂ ਨੇ ਸਤੀਸ਼ ਗਰਗ ਨੂੰ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੀ ਲੰਮੀ ਤੇ ਸਿਹਤਮੰਦ ਜ਼ਿੰਦਗੀ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ।

ਦੇਸੀ ਪਿਸਤੌਲ ਸਮੇਤ ਕਾਬੂ

ਮਲੋਟ, (ਗੁਰਮੀਤ ਸਿੰਘ ਮੱਕੜ) ਸਿਟੀ ਪੁਲਿਸ ਨੇ ਦੇਸੀ ਪਿਸਤੌਲ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਪੁਲਸ ਪਾਰਟੀ ਗਸ਼ਤ ਦੇ ਦੌਰਾਨ ਬੱਸ ਸਟੈਂਡ ਮਲੋਟ ਸੀ ਤਾਂ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਸੁਨੀਲ ਕੁਮਾਰ ਵਾਸੀ ਕਟਹੈੜਾ (ਫ਼ਾਜ਼ਿਲਕਾ) ਜੋ ਪੈਦਲ ਸੜਕ 'ਤੇ ਅਬੋਹਰ ਨੂੰ ਜਾ ਰਿਹਾ ਹੈ ਤੇ ਉਸਦੇ ਕੋਲ ਦੇਸੀ ਪਿਸਤੌਲ ਹੈ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਉਕਤ ਵਿਅਕਤੀ ਨੂੰ ਦੇਸੀ ਪਿਸਤੌਲ ਸਮੇਤ ਕਾਬੂ ਕਰ ਲਿਆ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ. 26 ਧਾਰਾ 25/54/59 ਅਸਲਾ ਐਕਟ ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਭਾਕਿਯੂ (ਏਕਤਾ) ਸਿੱਧੂਪੁਰ ਵੱਲੋਂ ਫਰਵਾਹੀ 'ਚ ਕਮੇਟੀ ਦਾ ਗਠਨ

ਮਾਨਸਾ (ਆਤਮਾ ਸਿੰਘ ਪਮਾਰ) ਭੀਖੀ ਬਲਾਕ ਦੇ ਪਿੰਡ ਫਰਵਾਹੀ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ) ਸਿੱਧੂਪੁਰ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਅਕਲੀਆ ਦੀ ਅਗਵਾਈ 'ਚ ਮੀਟਿੰਗ ਹੋਈ। ਮੀਟਿੰਗ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ ਅਤੇ ਮੌਕੇ 'ਤੇ ਹੀ ਪਿੰਡ ਕਮੇਟੀ ਦਾ ਗਠਿਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਦੇਵ ਸਿੰਘ, ਜਨਰਲ ਸਕੱਤਰ ਕੌਰਾ ਸਿੰਘ ਧਾਲੀਵਾਲ, ਖ਼ਜ਼ਾਨਚੀ ਜਗਜੀਤ ਸਿੰਘ ਗਾਂਧੀ, ਸੀਨੀਅਰ ਮੀਤ ਪ੍ਰਧਾਨ ਸੀਤਾ ਰਾਮ ਅਤੇ ਕਾਰਜਕਾਰੀ ਕਮੇਟੀ ਮੈਂਬਰ ਗਗਨਦੀਪ ਸਿੰਘ, ਠਾਕੁਰ ਸਿੰਘ, ਬੱਲਬਦੀਪ ਸਿੰਘ, ਇੰਦਰਜੀਤ ਸਿੰਘ, ਰੂਪ ਸਿੰਘ, ਮੋਹਨ ਲਾਲ, ਗੁਰਦਿਆਲ ਸਿੰਘ, ਨਰਾਤਾ ਰਾਮ, ਸੀਤਾ ਰਾਮ, ਰਾਮ ਜੀ ਦਾਸ ਅਤੇ ਮੱਖਣ ਸਿੰਘ ਚੁਣੇ ਗਏ।

ਜ਼ਿਲ੍ਹਾ ਸਕੱਤਰ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਕਿਸਾਨੀ ਆਏ ਦਿਨ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੋ ਰਹੀ ਹੈ, ਪਰ ਕੇਂਦਰ ਸਰਕਾਰ ਵੱਲੋਂ ਸਬਸਿਡੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਨਵੇਂ ਬਜਟ ਵਿੱਚ 110 ਰੁਪਏ ਦਾ ਬੋਨਸ ਕਿਰਤੀ ਵਰਗ ਨਾਲ ਮਜ਼ਾਕ ਤੋਂ ਸਿਵਾਏ ਹੋਰ ਵੀ ਕੁੱਝ ਨਹੀਂ। ਸਰਕਾਰ ਨੂੰ ਕਿਸਾਨੀ ਪ੍ਰਤੀ ਸੁਹਿਰਦ ਹੋ ਕੇ ਲੰਮੇ ਸਮੇਂ ਤੋਂ ਠੰਡੇ ਬਸਤੇ ਵਿੱਚ ਪਾਈ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨਾ ਚਾਹੀਦਾ ਹੈ।

ਉਨ੍ਹਾਂ ਲੋਕਾਂ ਨੂੰ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਘਰਸਾਂ 'ਤੇ ਟੇਕ ਰੱਖਣ ਦੀ ਅਪੀਲ ਵੀ ਕੀਤੀ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਦੂ ਵਿਖੇ ਹੋਇਆ ਰੋਲ ਮਾਡਲ ਸਮਾਗਮ

ਸਿਰਸਾ (ਸੁਰਿੰਦਰ ਪਾਲ ਸਿੰਘ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਦੂ ਵਿਖੇ ਰੋਲ ਮਾਡਲ ਪ੍ਰੋਗਰਾਮ ਕਰਾਇਆ ਗਿਆ, ਜਿਸ ਵਿੱਚ ਐਡਵੋਕੇਟ ਭਾਗਵੰਤੀ ਦੇਵੀ ਅਤੇ ਕੁਲਵਿੰਦਰ ਕੌਰ ਏ.ਐਨ.ਐਮ ਨੇ ਵਿਦਿਆਰਥਣਾਂ ਨੂੰ ਰੋਲ ਮਾਡਲ ਵਜੋਂ ਪ੍ਰੇਰਤ ਕੀਤਾ। ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਐਡਵੋਕੇਟ ਭਾਗਵੰਤੀ ਦੇਵੀ ਨੇ ਕਿਹਾ ਕਿ ਪੇਂਡੂ ਖੇਤਰ ਵਿੱਚੋਂ ਉਚੇਰੀ ਵਿੱਦਿਆ ਹਾਸਲ ਕਰਨਾ ਵਿਦਿਆਰਥੀ ਉਚੇ ਮੁਕਾਮਾਂ 'ਤੇ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਵਿਦਿਆਥੀ ਭਾਰਤ ਦਾ ਸੁਨਹਿਰਾ ਭਵਿੱਖ ਹਨ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਸਕੂਲ ਦੇ ਪ੍ਰਿੰਸੀਪਲ ਅਵਤਾਰ ਸਿੰਘ ਨੇ ਕੀਤੀ ਤੇ ਮੁੱਖ ਮਹਿਮਾਨ ਪਿੰਡ ਦਾਦੂ ਦੇ ਸਾਬਕਾ ਸਰਪੰਚ ਜਗਰੂਪ ਸਿੰਘ ਸਨ। ਸਕੂਲ ਸਟਾਫ਼ ਵਲੋਸਾਬਕਾ ਵਿਦਿਆਰਥਣਾਂ ਅਮਨਦੀਪ ਕੌਰ ਤੇ ਗਗਨਦੀਪ ਕੌਰ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਬੀਆਰਪੀ ਮਨੂੰ, ਭਗੀਰਥ, ਏਬੀਆਰਸੀ ਸੰਨੀ ਤੇ ਸੋਨੂੰ ਮਹਿਤਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਆਂਗਣਵਾੜੀ ਵਰਕਰ ਰਮਨਦੀਪ, ਮੈਡਮ ਕੰਚਨ ਗੋਦਾਰਾ, ਅਮਨਦੀਪ, ਰੀਤੂ ਅਤੇ ਕਿਰਨ ਨੇ ਵੀ ਵਿਦਿਆਰਥੀਆਂ ਨੂੰ ਆਦਰਸ਼ ਵਿਦਿਆਰਥੀ ਬਣਨ ਲਈ ਪ੍ਰੇਰਤ ਕੀਤਾ। ਇਸ ਤੋਂ ਇਲਾਵਾ ਰਵੀ ਜਲੰਧਰੀ, ਰੋਹਿਤ ਕੁਮਾਰ, ਰੋਹਿਤ ਡੱਡੀ, ਜਤਿਨ, ਸੁਖਵੰਤ ਸਿੰਘ ਨੇ ਵੀ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ। ਵਿਦਿਆਰਥਣਾਂ ਰੀਆ ਹਰਪ੍ਰੀਤ, ਰਮਨਦੀਪ, ਜੋਤੀ ਅਤੇ ਯਮਨ ਨੇ ਵੀ ਸਟੇਜ 'ਤੇ ਕ੍ਰਮਵਾਰ ਪੇਸ਼ਕਾਰੀ ਕੀਤੀ। ਸਟੇਜ ਸੰਚਾਲਨ ਫੂਲ ਸਿੰਘ ਲੁਹਾਣੀ ਨੇ ਕੀਤਾ। ਅੰਤ ਵਿੱਚ ਪ੍ਰਿੰਸੀਪਲ ਅਵਤਾਰ ਸਿੰਘ ਵੱਲੋਂ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

ਸੰਤ ਜਸਵੀਰ ਸਿੰਘ ਖਾਲਸਾ ਕਾਲਾਮਾਲਾ ਸਾਹਿਬ ਦੀ ਯਾਦ 'ਚ ਧਾਰਮਿਕ ਸਮਾਗਮ

ਮਹਿਲ ਕਲਾਂ (ਬਲਵਿੰਦਰ ਸਿੰਘ ਵਜੀਦਕੇ, ਪ੍ਰਦੀਪ ਸਿੰਘ ਲੋਹਗੜ੍ਹ) : ਇਤਿਹਾਸਕ ਗੁਰਦੁਆਰਾ ਸਿੱਧਸਰ ਕਾਲਾਮਲ੍ਹਾ ਸਾਹਿਬ ਛਾਪਾ ਦੇ ਮੁੱਖ ਸੇਵਾਦਾਰ ਸੱਚਖੰਡ ਵਾਸੀ ਸੰਤ ਬਾਬਾ ਜਸਵੀਰ ਸਿੰਘ ਖਾਲਸਾ (ਮੈਂਬਰ ਸ਼੍ਰੋਮਣੀ ਕਮੇਟੀ) ਦੀ ਯਾਦ ਨੂੰ ਸਮਰਪਤ ਸ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲ੍ਹਾ ਸਾਹਿਬ ਛਾਪਾ ਵਿਖੇ ਧਾਰਮਿਕ ਸਮਾਗਮ ਇੰਚਾਰਜ ਭਾਈ ਗੁਰਸੇਵਕ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸੰਤ ਬਾਬਾ ਜਸਵੀਰ ਸਿੰਘ ਖਾਲਸਾ ਦੇ ਚਰਨ ਸੇਵਕ ਭਾਈ ਆਗਿਆਪਾਲ ਸਿੰਘ ਖਾਲਸਾ, ਨੰਬਰਦਾਰ ਪ੍ਰੀਤਮ ਸਿੰਘ ਬਦੇਸ਼ੇ, ਸ਼ਮਸ਼ੇਰ ਸਿੰਘ ਬਦੇਸ਼ਾ, ਬਾਬਾ ਬਖ਼ਸ਼ੀਸ਼ ਸਿੰਘ, ਬਾਬਾ ਧਰਮ ਸਿੰਘ ਨੇ ਕਿਹਾ ਕਿ ਸੱਚਖੰਡ ਸੰਤ ਜਸਵੀਰ ਸਿੰਘ ਖਾਲਸਾ ਵੱਲੋਂ ਲੰਬਾ ਸਮਾਂ ਧਰਮ ਪ੍ਰਚਾਰ ਤੇ ਸਮਾਜ ਸੇਵੀ ਕਾਰਜਾਂ 'ਚ ਪਾਏ ਅਹਿਮ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਉਨ੍ਹਾਂ ਕਿਹਾ ਕਿ ਸੰਤ ਖਾਲਸਾ ਵੱਲੋਂ ਵਿਸ਼ੇਸ਼ ਉਪਰਾਲੇ ਕਰਕੇ ਸਿੱਖ ਇਤਿਹਾਸ 'ਚ ਅਹਿਮ ਮੁਕਾਮ ਰੱਖਦੇ 1762 ਈਸਵੀ ਦੇ ਵੱਡੇ ਘੱਲੂਘਾਰੇ ਦੇ 35000 ਮਹਾਨ ਸ਼ਹੀਦਾਂ ਦੀ ਯਾਦ 'ਚ ਸ਼ੁਰੂ ਕਰਵਾਏ ਸ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਲ੍ਹਾ ਸਾਹਿਬ ਛਾਪਾ ਵਿੱਚੋਂ ਸੈਂਕੜੇ ਨੌਜਵਾਨ ਗੁਰਮਤਿ ਦੀ ਵਿੱਦਿਆ ਪ੍ਰਾਪਤ ਕਰਕੇ ਦੇਸ਼, ਵਿਦੇਸ਼ਾਂ ਤੱਕ ਗੁਰਸਿੱਖੀ ਦਾ ਪ੍ਰਚਾਰ ਕਰਕੇ ਨਾਮਣਾ ਖੱਟ ਰਹੇ ਹਨ। ਇਸ ਸਮੇਂ ਭਾਈ ਆਗਿਆਪਾਲ ਸਿੰਘ ਖਾਲਸਾ, ਨੰਬਰਦਾਰ ਪ੍ਰੀਤਮ ਸਿੰਘ ਬਦੇਸ਼ੇ, ਸ਼ਮਸ਼ੇਰ ਸਿੰਘ ਬਦੇਸ਼ਾ ਵੱਲੋਂ ਸ਼ਰਧਾਲੂ ਸੰਗਤਾਂ ਦੇ ਸਹਿਯੋਗ ਨਾਲ ਵਿਦਿਆਲਿਆ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਖੋਏ ਦੀ ਮਠਿਆਈ, ਪਿੰਨੀਆਂ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰੈੱਸ ਕਲੱਬ ਮਹਿਲ ਕਲਾਂ ਦੇ ਚੇਅਰਮੈਨ ਅਵਤਾਰ ਸਿੰਘ ਅਣਖੀ, ਪ੍ਰਧਾਨ ਬਲਵਿੰਦਰ ਸਿੰਘ ਵਜੀਦਕੇ, ਭਾਈ ਹਰਜੀਤ ਸਿੰਘ ਕੈਰੇ, ਜਥੇ: ਧਰਮ ਸਿੰਘ, ਭਾਈ ਬਲਵੰਤ ਸਿੰਘ, ਭਾਈ ਚਰਨਪ੍ਰੀਤ ਸਿੰਘ, ਬਲਦੇਵ ਸਿੰਘ ਚੁਹਾਣਕੇ, ਰਾਜਵਿੰਦਰ ਸਿੰਘ ਬਦੇਸ਼ਾ, ਭਾਈ ਮਨਜੀਤ ਸਿੰਘ ਆਦਿ ਹਾਜ਼ਰ ਸਨ।

ਹਵਾਈ ਜਹਾਜ਼ਾਂ ਦੇ ਮਾਡਲਾਂ ਦਾ ਸ਼ੋਅ ਬਣੇਗਾ ਖਿੱਚ ਦਾ ਕੇਂਦਰ : ਸਾਕਸ਼ੀ ਸਾਹਨੀ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪਟਿਆਲ ਹੈਰੀਟੇਜ ਫੈਸਟੀਵਲ ਦੇ ਸਮਾਰੋਹਾਂ ਦੀ ਲੜੀ ਤਹਿਤ ਸੰਗਰੂਰ ਰੋਡ 'ਤੇ ਸਥਿਤ ਸਿਵਲ ਏਵੀਏਸ਼ਨ ਕਲੱਬ ਵਿਖੇ 4 ਫਰਵਰੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਾਏ ਜਾਣ ਵਾਲੇ ਵੱਖ-ਵੱਖ ਹਵਾਈ ਜਹਾਜ਼ਾਂ ਦੇ ਮਾਡਲਾਂ ਦੇ ਸ਼ੋਅ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਬਣੇਗਾ। ਇਹ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਹੈਰੀਟੇਜ ਫੈਸਟੀਵਲ ਨਾਲ ਜਿੱਥੇ ਸਥਾਨਕ ਸੈਰ ਸਪਾਟੇ ਨੂੰ ਬੜ੍ਹਾਵਾ ਮਿਲਦਾ ਹੈ, ਉੱਥੇ ਹੀ ਇਹ ਸਾਡੀ ਅਨਮੋਲ ਵਿਰਾਸਤ ਨੂੰ ਵੀ ਦਰਸਾਉਂਦੇ ਹਨ।

ਡਿਪਟੀ ਕਮਿਸ਼ਨਰ ਨੇ ਐਰੋ ਮਾਡਲਿੰਗ ਦਾ ਪੋਸਟਰ ਜਾਰੀ ਕਰਕੇ ਲੋਕਾਂ ਨੂੰ ਇਸਦਾ ਆਨੰਦ ਮਾਨਣ ਦਾ ਖੁੱਲ੍ਹਾ ਸੱਦਾ ਦਿੰਦਿਆਂ ਜ਼ਿਲ੍ਹਾ ਵਾਸੀਆਂ ਨੂੰ 4 ਫਰਵਰੀ ਨੂੰ ਹੋਣ ਵਾਲੇ ਇਸ ਉਤਸਵ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਇਸ ਪ੍ਰਦਰਸ਼ਨੀ ਦੌਰਾਨ ਏਵੀਏਸ਼ਨ ਕਲੱਬ ਪਟਿਆਲਾ ਦੇ ਚੀਫ਼ ਇੰਸਟ੍ਰਕਟਰ ਕੈਪਟਨ ਹਰਪ੍ਰੀਤ ਸਿੰਘ ਵੱਲੋਂ ਕਰਤੱਬ ਦਿਖਾਉਣ ਸਮੇਤ ਵੱਖ-ਵੱਖ ਏਅਰੋ ਮਾਡਲਿੰਗ ਕਲੱਬਾਂ ਦੀਆਂ ਟੀਮਾਂ ਵੱਖ-ਵੱਖ ਜਹਾਜ਼ਾਂ ਦੇ ਮਾਡਲਾਂ ਦੇ ਕਰਤੱਬ ਦਿਖਾਉਣਗੀਆਂ।

ਸਾਕਸ਼ੀ ਸਾਹਨੀ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਭਾਰਤੀ ਫ਼ੌਜ 'ਚ ਭਰਤੀ ਹੋਣ ਲਈ ਪ੍ਰੇਰਤ ਕਰਨ ਵਾਸਤੇ ਕਰਾਏ ਜਾਣ ਵਾਲੀ ਇਸ ਐਰੋ ਮਾਡਲਿੰਗ ਦੌਰਾਨ ਮਾਈਕ੍ਰੋ-ਲਾਈਟ ਏਅਰਕਰਾਫ਼ਟ ਫਲਾਇੰਗ, ਹਵਾਈ ਜਹਾਜ਼ ਤੋਂ ਪਰਚੇ ਸੁੱਟਣਾ, ਪੈਰਾਮੋਟਰ ਤੇ ਪੈਰਾਗਲਾਈਡਿੰਗ ਸ਼ੋਅ, ਐਨ.ਸੀ.ਸੀ, ਪੀ.ਏ.ਐਮ.ਈ.ਸੀ. ਤੇ ਡੀ.ਬੀ.ਈ.ਈ. ਵੱਲੋਂ ਕੈਰੀਅਰ ਕਾਊਂਸਲਿੰਗ ਵੀ ਹੋਵੇਗੀ। ਉਨ੍ਹਾਂ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਇਸ ਸ਼ੋਅ ਦਾ ਆਨੰਦ ਮਾਨਣ ਦਾ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਇਸ ਲਈ ਦਾਖਲਾ ਬਿਲਕੁਲ ਮੁਫ਼ਤ ਹੈ।

ਇਸ ਮੌਕੇ ਏ.ਡੀ.ਸੀ. ਸ਼ਹਿਰੀ ਵਿਕਾਸ ਗੌਤਮ ਜੈਨ, ਸਹਾਇਕ ਕਮਿਸ਼ਨਰ (ਯੂ.ਟੀ.) ਡਾ. ਅਕਸ਼ਿਤਾ ਗੁਪਤਾ, ਨੋਡਲ ਅਫ਼ਸਰ ਐਸ.ਡੀ.ਐਮ. ਚਰਨਜੀਤ ਸਿੰਘ ਵੀ ਮੌਜੂਦ ਸਨ।

ਹੈੱਲਪ ਏਜ ਇੰਡੀਆ ਵੱਲੋਂ ਬਜ਼ੁਰਗਾਂ ਦੀ 3 ਹਜ਼ਾਰ ਪ੍ਰਤੀ ਮਹੀਨਾ ਪੈਨਸ਼ਨ ਲਗਾਉਣ ਦੀ ਵਿੱਤ ਮੰਤਰਾਲੇ ਨੂੰ ਸਿਫਾਰਸ਼

ਮਮਦੋਟ, (ਜਸਬੀਰ ਸਿੰਘ ਕੰਬੋਜ) : ਹੈਲਪ ਏਜ ਇੰਡੀਆ ਫਿਰੋਜ਼ਪੁਰ ਦੇ ਐਫ ਆਰ ਓ ਨੇ ਦੱਸਿਆ ਕਿ ਬਜ਼ੁਰਗ ਔਰਤਾਂ ਦੀਆਂ ਲੋੜਾਂ ਅਤੇ ਬਜ਼ੁਰਗਾਂ ਲਈ ਵੱਖਰੇ ਮੰਤਰਾਲੇ ਦੀ ਮੰਗ ਦੇ ਨਾਲ, ਹੈਲਪਏਜ ਇੰਡੀਆ ਨੇ ਬਜ਼ੁਰਗਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਕੰਮ ਕਰਨ ਵਾਲੀ ਇੱਕ ਗੈਰ ਸਰਕਾਰੀ ਸੰਸਥਾ ਹੈਲਪਏਜ ਦੀ ਆਮਦਨ ਅਤੇ ਸਿਹਤ ਸੁਰੱਖਿਆ ਵੱਲ ਤੁਰੰਤ ਧਿਆਨ ਦੇਣ ਦੀ ਮੰਗ ਕਰਦਿਆਂ ਸੰਸਦ ਵਿੱਚ ਪੇਸ਼ ਹੋਣ ਵਾਲੇ ਬਜਟ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਸਿਫਾਰਸ਼ਾਂ ਕੀਤੀਆਂ ਗਈਆ ਹਨ। ਇਨ੍ਹਾਂ ਸਿਫਾਰਸ਼ਾਂ ਵਿੱਚ ਵਿੱਤ ਮੰਤਰੀ ਨੂੰ ਬਜ਼ੁਰਗਾਂ ਲਈ ਵਿਸ਼ੇਸ਼ ਮੰਤਰਾਲਾ ਸਥਾਪਤ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਸੰਬੰਧੀ ਰੋਹਿਤ ਪ੍ਰਸਾਦ, ਸੀ ਈ ਓ, ਹੈਲਪ ਏਜ ਇੰਡੀਆ ਨੇ ਕਿਹਾ ਕਿ ਮਹਾਂਮਾਰੀ ਤੋਂ ਬਾਅਦ ਦੇ ਯੁੱਗ ਵਿੱਚ ਬਜ਼ੁਰਗਾਂ ਦੀ ਦੇਖਭਾਲ ਦੇ ਉਪਾਵਾਂ ਨੂੰ ਤੁਰੰਤ ਕਾਰਵਾਈ ਕਰਨ, ਸ਼ਾਮਲ ਕਰਨ ਅਤੇ ਲਾਗੂ ਕਰਨ ਦੀ ਜ਼ਰੂਰਤ ਹੁਣ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਮਹਾਂਮਾਰੀ ਨੇ ਇਹ ਉਜਾਗਰ ਕੀਤਾ ਹੈ ਕਿ ਬਜ਼ੁਰਗ ਕਿੰਨੇ ਕਮਜ਼ੋਰ ਹਨ। ਭਾਰਤ, 140 ਮਿਲੀਅਨ ਦੀ ਮੌਜੂਦਾ ਅਨੁਮਾਨਤ ਬਜ਼ੁਰਗ ਅਬਾਦੀ ਅਗਲੇ ਤਿੰਨ ਦਹਾਕਿਆਂ ਵਿੱਚ ਤੇਜ਼ੀ ਨਾਲ ਬੁੱਢੇ ਹੋ ਜਾਣਗੇ ਅਤੇ 2047 ਤੱਕ ਇਸ ਦੀ ਬਜ਼ੁਰਗ ਅਬਾਦੀ ਵਿੱਚ 20 ਪ੍ਰਤੀਸ਼ਤ ਦਾ ਵਾਧਾ ਹੋਵੇਗਾ। ਉਨ੍ਹਾਂ ਦੀਆਂ ਆਰਥਕ ਅਤੇ ਸਿਹਤ ਲੋੜਾਂ ਨੂੰ ਪੂਰਾ ਕਰਨ ਲਈ ਜ਼ਰੂਰੀ ਉਪਾਵਾਂ ਦੀ ਲੋੜ ਹੈ, ਜਿਸ ਲਈ ਸਰੋਤਾਂ ਦੀ ਢੁਕਵੀਂ ਵੰਡ ਦੀ ਲੋੜ ਹੈ। ਅਸੀਂ ਪਰਵਾਰ ਦੀ ਦੇਖਭਾਲ ਕਰਨ ਵਾਲਿਆਂ ਨੂੰ ਟੈਕਸ ਛੋਟ ਦੇ ਕੇ ਦੇਖਭਾਲ ਕਰਨ ਵਾਲਿਆਂ ਦਾ ਸਮਰਥਨ ਕਰਾਂਗੇ, ਬੁਢਾਪਾ ਪੈਨਸ਼ਨ ਨੂੰ ਘੱਟੋ-ਘੱਟ 3000 ਰੁਪਏ ਪ੍ਰਤੀ ਮਹੀਨਾ ਵਧਾਉਣ ਨੂੰ ਤਰਜੀਹ ਦੇ ਕੇ, ਬਜ਼ੁਰਗ ਔਰਤਾਂ ਅਤੇ ਬਜ਼ੁਰਗਾਂ ਲਈ ਵਿਆਪਕ ਕਵਰੇਜ ਮੌਜੂਦਾ ਵਿੱਤੀ, ਸਿਹਤ ਦੇਖਭਾਲ ਅਤੇ ਸਮਾਜਕ ਦੇਖਭਾਲ ਪ੍ਰਣਾਲੀਆਂ ਨੂੰ ਉਤਸ਼ਾਹਤ, ਮਜ਼ਬੂਤ ਕਰਾਂਗੇ। ਉਚਿਤ ਫੰਡ ਅਲਾਟਮੈਂਟ ਦੇ ਨਾਲ ਅਤੇ ਬਜ਼ੁਰਗਾਂ ਨਾਲ ਸੰਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਸਰਕਾਰ ਨੂੰ ਆਯੁਸ਼ਮਾਨ (ਲੰਬੀ ਉਮਰ) ਮੰਤਰਾਲਾ ਸਥਾਪਤ ਕਰਨ ਦੀ ਅਪੀਲ ਤਹਿਤ ਉਨ੍ਹਾਂ ਲਈ ਵੱਖ-ਵੱਖ ਮੁੱਦਿਆਂ ਅਤੇ ਪ੍ਰੋਗਰਾਮਾਂ ਦਾ ਬਿਹਤਰ ਪ੍ਰਬੰਧਨ ਕੀਤਾ ਜਾ ਸਕਦਾ ਹੈ। ਫੋਟੋ ਕੈਪਸ਼ਨ : ਹੈਲਪ ਏਜ ਇੰਡੀਆ ਐੱਨ ਜੀ ਓ ਵੱਲੋਂ ਕੀਤੀ ਜਾਂ ਰਹੀ ਮੀਟਿੰਗ ਦਾ ਦ੍ਰਿਸ਼।

ਬਕਾਇਆ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ ਨਿਪਟਾਰਾ : ਡੀ ਸੀ

ਬਠਿੰਡਾ, (ਪਰਵਿੰਦਰ ਜੀਤ ਸਿੰਘ) ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਵੱਖ-ਵੱਖ ਕਮਿਸ਼ਨਾਂ ਤੋਂ ਪ੍ਰਾਪਤ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਇੱਕ ਵਿਸ਼ੇਸ਼ ਬੈਠਕ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਬੈਠਕ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਵਿਭਾਗਾਂ ਅਧਿਕਾਰੀਆਂ ਕੋਲੋਂ ਪੰਜਾਬ ਹਿਊਮਨ ਰਾਈਟਸ, ਪੰਜਾਬ ਐਸ.ਸੀ. ਕਮਿਸ਼ਨ, ਪੰਜਾਬ ਮਹਿਲਾ ਕਮਿਸ਼ਨ, ਨੈਸ਼ਨਲ ਹਿਊਮਨ ਰਾਈਟਸ ਤੇ ਨੈਸ਼ਨਲ ਐਸ.ਸੀ. ਕਮਿਸ਼ਨ ਆਦਿ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਬਾਰੇ ਸਮੀਖਿਆ ਕੀਤੀ। ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵੱਖ-ਵੱਖ ਕਮਿਸ਼ਨਾਂ ਤੋਂ ਪ੍ਰਾਪਤ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਬਕਾਇਆ ਪਈਆਂ ਸ਼ਿਕਾਇਤਾਂ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਿਆ ਜਾਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪਲਵੀ, ਐਸਡੀਐਮ ਮੌੜ ਸ਼੍ਰੀ ਵਰਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸ਼੍ਰੀ ਸ਼ਿਵਪਾਲ, ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਸਰਤਾਜ ਸਿੰਘ ਚੀਮਾ, ਜ਼ਿਲ੍ਹਾ ਸਮਾਜਿਕ ਤੇ ਨਿਆਂ ਅਧਿਕਾਰਤ ਅਫ਼ਸਰ ਬਰਿੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

ਕੇਂਦਰ ਤੋਂ ਕਰੋੜਾਂ ਰੁਪਏ ਦੀ ਮਦਦ ਮਿਲਣ ਦੇ ਬਾਵਜੂਦ ਲੋਕ ਭੋਗ ਰਹੇ ਨਰਕ : ਸੱਤਪਾਲ ਡੋਡ

ਜੈਤੋ (ਸਤੀਸ਼ ਕੁਮਾਰ ਭੀਰੀ) : ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਮੋਨੀਟਰਿੰਗ ਕਮੇਟੀ ਫਰੀਦਕੋਟ ਦੀ ਮੀਟਿੰਗ ਮੈਂਬਰ ਪਾਰਲੀਮੈਂਟ ਜਨਾਬ ਮੁਹੰਮਦ ਸਦੀਕ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਡਿਪਟੀ ਕਮਿਸ਼ਨਰ ਮੈਡਮ ਰੂਹੀ ਦੁੱਗ ਸਮੇਤ ਜ਼ਿਲ੍ਹੇ ਦੇ ਆਲ੍ਹਾ ਅਧਿਕਾਰੀ ਅਤੇ ਗੈਰ ਸਰਕਾਰੀ ਮੈਂਬਰਾਂ ਨੇ ਸ਼ਿਰਕਤ ਕੀਤੀ। ਅੱਜ ਨਵਾਂ ਜ਼ਮਾਨਾ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਮੇਟੀ ਮੈਂਬਰ ਸੱਤ ਪਾਲ ਡੋਡ ਨੇ ਜ਼ਿਲ੍ਹਾ ਫਰੀਦਕੋਟ ਵਿੱਚ ਚੱਲ ਰਹੇ ਵੱਖ ਵੱਖ ਵਿਕਾਸ ਪ੍ਰੋਜੈਕਟਾਂ ਵਿੱਚ ਕਰੋੜਾਂ ਰੁਪਏ ਖਰਚ ਕਰਨ ਦੇ ਬਾਵਜੂਦ ਵੀ ਨਜ਼ਰ ਨਾ ਆਉਣ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕੀਤੇ ਗਏ ਖਰਚਿਆਂ ਸੰਬੰਧੀ ਸੀ ਬੀ ਆਈ ਜਾਂਚ ਦੀ ਮੰਗ ਕੀਤੀ। ਜੈਤੋ ਮੰਡੀ ਵਿਖੇ ਸੀਵਰੇਜ ਸਿਸਟਮ ਨੂੰ ਮਜ਼ਬੂਤ ਕਰਨ ਲਈ ਕਰੋੜਾਂ ਰੁਪਏ ਲਾਏ ਗਏ ਪ੍ਰੰਤੂ ਫਿਰ ਵੀ ਮੰਡੀ ਵਾਸੀ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਇਸ ਵਿਸ਼ੇ 'ਤੇ ਸੱਤਪਾਲ ਡੋਡ ਵੱਲੋਂ ਮੀਟਿੰਗ ਵਿੱਚ ਸਵਾਲ ਪੁੱਛਣ 'ਤੇ ਸੀਵਰੇਜ ਬੋਰਡ ਦੇ ਐਸ ਡੀ ਓ ਗੁਰਪਾਲ ਸਿੰਘ ਨੇ ਦੱਸਿਆ ਕਿ ਇਹ ਪੈਸਾ ਸੀਵਰੇਜ ਪਾਉਣ ਲਈ ਖਰਚ ਕੀਤਾ ਗਿਆ ਹੈ ਨਾ ਕਿ ਗੰਦੇ ਪਾਣੀ ਦੀ ਨਿਕਾਸੀ ਲਈ। ਸੱਤਪਾਲ ਡੋਡ ਨੇ ਅੱਗੇ ਕਿਹਾ ਕਿ ਉਨ੍ਹਾਂ ਵੱਲੋਂ ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਵੱਲੋਂ ਅਨਾਪ ਸ਼ਨਾਪ ਖਰਚੇ ਅਤੇ ਕੀਤੀਆਂ ਜਾਂਦੀਆਂ ਕੁਤਾਹੀਆਂ ਪ੍ਰਤੀ ਉਠਾਈ ਗਈ ਅਵਾਜ਼ ਦਾ ਅਗਲੀ ਆਉਣ ਵਾਲੀ ਮੀਟਿੰਗ ਤੱਕ ਕੋਈ ਮੁੱਲ ਨਹੀਂ ਪਾਇਆ ਜਾਂਦਾ। ਡੋਡ ਨੇ ਕਿਹਾ ਕਿ ਉਨ੍ਹਾਂ ਵੱਲੋਂ ਮਨਰੇਗਾ ਮਜ਼ਦੂਰਾਂ ਸੰਬੰਧੀ ਇਸ ਨਾਲ ਸੰਬੰਧਤ ਵਿਅਕਤੀਆਂ ਵੱਲੋਂ ਫਰਜ਼ੀ ਨਾਵਾਂ ਹੇਠ ਖੁਰਦ ਬੁਰਦ ਕੀਤੀ ਜਾਂਦੀ ਰਾਸ਼ੀ ਦੀ ਜਾਂਚ ਲਈ ਉਠਾਈ ਗਈ ਅਵਾਜ਼ 'ਤੇ ਕੋਈ ਕਾਰਵਾਈ ਜਾਂ ਜਾਂਚ ਕੀਤੇ ਬਗੈਰ ਮੁੱਦੇ ਨੂੰ ਹੀ ਵਿਸਾਰ ਦਿੱਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੇਂਦਰ ਸਰਕਾਰ ਦੀ ਸਿਹਤ ਸਕੀਮ ਅਧੀਨ ਗਰਭਵਤੀ ਔਰਤਾਂ ਅਤੇ ਜਣੇਪਾ ਕਰਨ ਵਾਲੀਆਂ ਔਰਤਾਂ ਨੂੰ ਮਿਲਣ ਵਾਲੀ ਰਕਮ ਦੇ ਲਾਭਪਾਤਰੀਆਂ ਦਾ ਉਨ੍ਹਾਂ ਵੱਲੋਂ ਵਾਰ ਵਾਰ ਮੰਗ ਕਰਨ ਤੋਂ ਬਾਅਦ ਵੀ ਕੋਈ ਰਿਕਾਰਡ ਪੇਸ਼ ਨਾ ਕਰਨਾ ਵੀ ਸ਼ੰਕੇ ਪੈਦਾ ਕਰਦਾ ਹੈ। ਜਦਕਿ ਹੈਲਥ ਵਿਭਾਗ ਵੱਲੋਂ ਲੋਕਾਂ ਨੂੰ ਮਿਲਣ ਵਾਲੀਆਂ ਸਿਹਤ ਸਹੂਲਤਾਂ ਪ੍ਰਤੀ ਜਾਗਰੂਕ ਕਰਨ ਲਈ ਅਭਿਆਨ ਚਲਾਉਣਾ ਚਾਹੀਦਾ ਹੈ ਜਦਕਿ ਹੋ ਇਸ ਦੇ ਬਿਲਕੁਲ ਉਲਟ ਰਿਹਾ ਹੈ ਤੇ ਲੋਕਾਂ ਖਾਸਕਰ ਅਨਪੜ੍ਹ ਤੇ ਪੇਂਡੂ ਲੋਕਾਂ ਨੂੰ ਸਹੂਲਤਾਂ ਪ੍ਰਾਪਤ ਕਰਨ ਲਈ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤੋਂ ਅੱਗੇ ਸੱਤਪਾਲ ਡੋਡ ਨੇ ਕਿਹਾ ਕਿ ਮੀਟਿੰਗ ਵਿੱਚ ਉਨ੍ਹਾਂ ਵੱਲੋਂ ਸਰਵ ਸਿੱਖਿਆ ਅਭਿਆਨ ਤਹਿਤ ਖਰਚ ਕੀਤੀ ਰਾਸ਼ੀ ਸਮੇਤ ਲਾਭਪਾਤਰੀਆਂ ਦਾ ਰਿਕਾਰਡ ਮੰਗਣ 'ਤੇ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ। ਅੰਤ ਵਿੱਚ ਦੱਸਣਾ ਬਣਦਾ ਹੈ ਕਿ ਕੇਂਦਰ ਵੱਲੋਂ ਸੂਬਿਆਂ ਦੇ ਹਰ ਜ਼ਿਲ੍ਹੇ ਨੂੰ ਕਰੋੜਾਂ ਰੁਪਏ ਦੀ ਰਾਸ਼ੀ ਹਰ ਸਾਲ ਵਿਕਾਸ ਪ੍ਰੋਜੈਕਟਾਂ ਲਈ ਜਾਰੀ ਕੀਤੀ ਜਾਂਦੀ ਹੈ ਜਿਸ ਦਾ ਕਿ ਵੱਡੀ ਪੱਧਰ 'ਤੇ ਭ੍ਰਿਸ਼ਟਾਚਾਰ ਕਰਕੇ ਦੁਰਪ੍ਰਯੋਗ ਕੀਤਾ ਜਾਂਦਾ ਹੈ। ਇਸ ਲਈ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਮੋਨੀਟਰਿੰਗ ਕਮੇਟੀ ਦੇ ਮੈਂਬਰ ਸੱਤਪਾਲ ਡੋਡ ਵੱਲੋਂ ਉਠਾਈ ਜਾ ਰਹੀ ਅਵਾਜ਼ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਦੀ ਸੀ ਬੀ ਆਈ ਜਾਂਚ ਕਰਵਾਈ ਜਾਵੇ ਤਾਂ ਕਿ ਵਿਕਾਸ ਪ੍ਰੋਜੈਕਟਾਂ ਵਿੱਚ ਆਉਂਦੀ ਖੜੋਤ ਨੂੰ ਦੂਰ ਕੀਤਾ ਜਾ ਸਕੇ।

ਸਰਪੰਚ ਯੂਨੀਅਨ ਨੂੰ ਗਵਰਨਰ ਨਾਲ ਮਿਲਣ ਦਾ ਸਮਾਂ ਦਿੱਤਾ ਜਾਵੇ : ਹੰਸਾ ਸਿੰਘ

ਮਮਦੋਟ (ਜਸਬੀਰ ਸਿੰਘ ਕੰਬੋਜ) ਪੰਜਾਬ ਦੇ ਗਵਰਨਰ ਦੀ 2 ਫਰਵਰੀ ਨੂੰ ਫੇਰੀ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਪੱਬਾਂ ਭਾਰ ਹੋਇਆ ਪਿਆ ਹੈ। ਗਵਰਨਰ ਪੰਜਾਬ ਵੱਲੋਂ ਫ਼ਿਰੋਜ਼ਪੁਰ ਸਰਹੱਦੀ ਜ਼ਿਲ੍ਹੇ ਦੇ ਸਰਪੰਚਾਂ ਨੂੰ ਸੰਬੋਧਨ ਕੀਤਾ ਜਾਣਾ ਹੈ, ਜਿਸ ਸਬੰਧੀ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਸਰਹੱਦੀ ਪਿੰਡਾਂ ਦੇ ਸਰਪੰਚਾਂ ਨੂੰ 2 ਫਰਵਰੀ ਨੂੰ ਫ਼ਿਰੋਜ਼ਪੁਰ ਵਿਖੇ ਪਹੁੰਚਣ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ, ਪਰ ਸਰਪੰਚ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸਾ ਸਿੰਘ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਤੇ ਇਤਰਾਜ਼ ਜ਼ਾਹਰ ਕੀਤਾ ਜਾ ਰਿਹਾ ਹੈ ਕਿ ਪਹਿਲਾਂ ਵੀ ਜਦੋਂ ਗਵਰਨਰ 2022 ਵਿਚ ਫ਼ਿਰੋਜ਼ਪੁਰ ਵਿਖੇ ਆਏ ਸਨ ਤਾਂ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਸਰਪੰਚਾਂ ਨੂੰ ਆਪਣੀਆਂ ਮੁਸ਼ਕਲਾਂ ਗਵਰਨਰ ਨਾਲ ਸਾਂਝੀਆਂ ਨਹੀ ਕਰਨ ਦਿੱਤੀਆਂ ਗਈਆਂ ਅਤੇ ਨਾ ਹੀ ਗਵਰਨਰ ਨੇ ਸਾਡੀਆਂ ਮੁਸ਼ਕਲਾ ਸੁਣੀਆਂ ਹਨ।

ਉਨ੍ਹਾਂ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਭਰੇ ਲਹਿਜ਼ੇ ਨਾਲ ਕਿਹਾ ਕਿ ਉਨ੍ਹਾਂ ਨੂੰ ਸਮਾਂ ਰਹਿੰਦਿਆਂ ਗਵਰਨਰ ਨਾਲ ਮਿਲਣ ਦਾ ਵਿਸ਼ਵਾਸ ਨਾ ਦੁਆਇਆ ਗਿਆ ਤਾਂ ਸਰਪੰਚ ਯੂਨੀਅਨ ਵੱਲੋਂ ਗਵਰਨਰ ਦੇ ਪ੍ਰੋਗਰਾਮ ਦਾ ਬਾਈਕਾਟ ਵੀ ਕੀਤਾ ਜਾ ਸਕਦਾ ਹੈ।

ਇਸ ਮੌਕੇ ਮੁਖਤਿਆਰ ਸਿੰਘ ਸਰਪੰਚ ਹਜਾਰਾ ਸਿੰਘ, ਸੁਖਵਿੰਦਰ ਸਿੰਘ ਘੋੜਾ ਚੱਕ, ਹਰਭਜਨ ਕੌਰ ਸਰਪੰਚ, ਹਰਜੋਤ ਸਿੰਘ ਸਰਪੰਚ , ਬਲਵਿੰਦਰ ਸਿੰਘ ਰਾਜਾ ਰਾਏ,ਮੇਹਰ ਸਿੰਘ ਕਾਲੂ ਅਰਾਈ, ਸੁਰਿੰਦਰ ਸਿੰਘ ਸਰਪੰਚ ਤੇ ਪ੍ਰਗਟ ਸਿੰਘ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਵੱਖ-ਵੱਖ ਪਿੰਡਾਂ ਦੇ ਸਰਪੰਚ ਹਾਜ਼ਰ ਸਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਸਬੰਧੀ ਗਵਰਨਰ ਨਾਲ ਮਿਲਣ ਦਾ ਪ੍ਰੋਗਰਾਮ ਉਲੀਕਿਆ ਜਾਵੇ ਤਾਂ ਜੁ ਅਸੀਂ ਸਰਹੱਦੀ ਇਲਾਕੇ ਦੀਆਂ ਮੁਸ਼ਕਲਾਂ ਗਵਰਨਰ ਅੱਗੇ ਰੱਖ ਸਕੀਏ ਅਤੇ ਉਨ੍ਹਾਂ ਦਾ ਸਰਕਾਰ ਪਾਸੋਂ ਹੱਲ ਕਰਾ ਸਕੀਏ।

OFFICE OF THE DISTRICT & SESSIONS JUDGE, AMRITSAR

TENDER NOTICE

Separate tender sare invited from reputed, competent and responsible outsource companies/organizations/agencies having sufficient experience in the horticulture field for the allotment of work contract for maintenance of greenery and plantation work of respective Judicial Courts Complexes at Ajnala and Baba Bakala Sahib for period from 1.3.2023 to 29.2.2024. The information qua total landscaping area for the purpose of greenery and plantation work as well as total number of Malis required to be employed for the said Judicial Complexes is given below:

Sr. No.	Name of the Judicial Courts Complex	Total landscaping area to be maintained by the Malis for greenery and plantation work	No. of Malis to be Employed
1.	New Judicial Courts Complex, Ajnala	8600 Sq. Mtr.	6
2.	New Judicial Courts Complex, Baba Bakala Sahib	4309 Sq. Mtr.	5

Proper and efficient maintenance of greenery and plantation work i.e. upkeeping of green area, landscaping, lawns, pots etc. In the Judicial Courts Complex have to be done on all days of the week except Sunday on all the floors of Courts Complexes and landscaping area inter alia including intercultural works, watering, weed removeal, plants pit preparation/maintenance, pruning, hedge trimming and timely addition of manure and fertilizer and planting of seasonal/perennial plants and flowers. Tender will be responsible for employment of 6 Malis at Ajnala and 5 Malis at Baba Bakala Sahib. The agency shall provide all tools, equipments and machines required for the maintenance of greenery and plantation work. The detailed terms and conditions along with application form can be obtained free of cost from office of undersigned on any working day by hand/by post by sending self addressed adequately stamped envelope. Last date for receipt of tenders will be 20.2.2023. Tenders will be opened in the presence of contractors or their authorized representatives on 22.2.2023 at 3.00 PM. This office will not take any responsibility for any postal delay and tenders received after due date will not be accepted. Any other information be obtained from this office during working hours.

District & Sessions Judge,
Amritsar

ਵਿੱਤ ਮੰਤਰੀ ਦੀ ਪਹਿਲਕਦਮੀ ਨਾਲ ਪੰਜਾਬੀ 'ਵਰਸਿਟੀ 'ਚ ਜਲਦੀ ਤਨਖਾਹਾਂ ਮਿਲਣ ਦੀ ਆਸ ਬੱਝੀ

ਸਮਾਣਾ/ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਪੰਜਾਬੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਨੂੰ ਹੱਲ ਕਰਨ ਲਈ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਚੰਡੀਗੜ੍ਹ ਵਿਖੇ ਮੁਲਕਾਤ ਕੀਤੀ। ਸੁਖਾਵੇਂ ਮਾਹੌਲ ਵਿੱਚ ਹੋਈ ਇਸ ਸਾਕਾਰਾਤਮਕ ਮੁਲਾਕਾਤ ਦੌਰਾਨ ਵਾਈਸ ਚਾਂਸਲਰ ਪ੍ਰੋ. ਅਰਵਿੰਦ ਤੇ ਉਨ੍ਹਾਂ ਦੀ ਟੀਮ ਵੱਲੋਂ ਯੂਨੀਵਰਸਿਟੀ ਦੇ ਵਿੱਤ ਨਾਲ ਜੁੜਿਆ ਸਾਰਾ ਮਾਮਲਾ ਤਫ਼ਸੀਲ ਸਹਿਤ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਅਤੇ ਸਰਕਾਰ ਵੱਲੋਂ ਇਸ ਦਿਸ਼ਾ ਵਿੱਚ ਉਠਾਏ ਜਾਣ ਵਾਲੇ ਲੋੜੀਂਦੇ ਕਦਮਾਂ ਬਾਰੇ ਗੱਲ ਕੀਤੀ।

ਵਿੱਤ ਮੰਤਰੀ ਵੱਲੋਂ ਸਮੁੱਚਾ ਮਾਮਲਾ ਸੁਹਿਰਦਤਾ ਸਹਿਤ ਸੁਣਿਆ ਗਿਆ। ਉਨ੍ਹਾਂ ਇਸ ਦੇ ਹੱਲ ਲਈ ਵਿੱਤੀ ਸਾਲ 2022-23 ਦੇ ਸਮੁੱਚੇ ਘਾਟੇ ਨੂੰ ਤੁਰੰਤ ਪੂਰਾ ਕਰਨ ਸੰਬੰਧੀ ਕਾਰਵਾਈ ਆਰੰਭ ਦਿੱਤੀ। ਜ਼ਿਕਰਯੋਗ ਹੈ ਕਿ ਅਜਿਹਾ ਹੋਣ ਨਾਲ ਇਸ ਚਾਲੂ ਵਿੱਤੀ ਵਰ੍ਹੇ ਦੌਰਾਨ ਸਾਰੇ ਕਰਮਚਾਰੀਆਂ ਦੀਆਂ ਬਕਾਇਆ ਤਨਖਾਹਾਂ ਜਾਰੀ ਕੀਤੀਆਂ ਜਾ ਸਕਣਗੀਆਂ। ਨਾਲ ਹੀ ਉਨ੍ਹਾਂ ਯੂਨੀਵਰਸਿਟੀ ਲਈ ਲੋੜੀਂਦੇ ਹੋਰ ਵਾਧੂ ਫੰਡ, ਜਿਸ ਵਿੱਚ ਯੂਨੀਵਰਸਿਟੀ ਸਿਰ ਚੜ੍ਹੇ ਕਰਜ਼ੇ ਦੀਆਂ ਅਦਾਇਗੀਆਂ ਆਦਿ ਸਭ ਕੁੱਝ ਸ਼ਾਮਲ ਹੈ, ਅਗਲੇ ਵਿੱਤੀ ਸਾਲ 2023-24 ਦੌਰਾਨ ਵਿੱਚ ਮੁਹੱਈਆ ਕਰਾਉਣ ਦਾ ਵੀ ਵਾਅਦਾ ਕੀਤਾ।

ਵਿੱਤੀ ਮੰਤਰੀ ਵੱਲੋਂ ਇਸ ਮੌਕੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੱਲੋਂ ਭੇਟ ਕੀਤੇ ਗਏ ਟੇਬਲ-ਕੈਲੰਡਰ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਰਸੇ ਨੂੰ ਸੰਭਾਲਣ ਅਤੇ ਅੱਗੇ ਤੋਰਨ ਲਈ ਜੋ ਅਜਿਹੇ ਉਪਰਾਲੇ ਕਰਦੀ ਹੈ, ਉਹ ਸਲਾਹੁਣਯੋਗ ਹਨ। ਵਰਨਣਯੋਗ ਹੈ ਕਿ ਇਸ ਵਾਰ ਦਾ ਇਹ ਟੇਬਲ-ਕੈਲੰਡਰ ਵਾਰਿਸ ਸ਼ਾਹ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਤ ਹੈ। ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵੱਲੋਂ ਤਿਆਰ ਕੀਤੇ ਇਸ ਕੈਲੰਡਰ ਦੇ ਸਾਰੇ ਪੰਨੇ ਵਾਰਿਸ ਸ਼ਾਹ ਅਤੇ ਉਸ ਦੀ ਮਹਾਨ ਕ੍ਰਿਤ 'ਹੀਰ' ਨਾਲ ਸੰਬੰਧਤ ਚਿੱਤਰਕਾਰੀਆਂ ਨਾਲ ਸਜਾਏ ਗਏ ਹਨ। ਇਹ ਸਾਰੇ ਚਿੱਤਰ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਹੀ ਬਣਾਏ ਗਏ ਹਨ।

ਵਿੱਤ ਮੰਤਰੀ ਵੱਲੋਂ ਇਸ ਮੌਕੇ ਗੱਲ ਕਰਦਿਆਂ ਵਿਸ਼ੇਸ਼ ਤੌਰ 'ਤੇ ਕਿਹਾ ਕਿ ਅਸੀਂ ਜਦੋਂ ਆਪਣੇ ਸੂਬੇ ਵਿੱਚ ਕੰਮ-ਕਾਜ ਵਾਲੇ ਸੱਭਿਆਚਾਰ ਦੀ ਸਿਰਜਣਾ ਦੀ ਗੱਲ ਕਰਦੇ ਹਾਂ ਤਾਂ ਇਹ ਗੱਲ ਸਾਡੀਆਂ ਯੂਨੀਵਰਸਿਟੀ ਜਿਹੇ ਸਾਰੇ ਅਦਾਰਿਆਂ ਤੇ ਉਨ੍ਹਾਂ ਦੇ ਪ੍ਰੋਫੈਸਰਾਂ ਅਤੇ ਹੋਰ ਕ੍ਰਮਚਾਰੀਆਂ ਉੱਤੇ ਵੀ ਲਾਗੂ ਹੁੰਦੀ ਹੈ।

ਪ੍ਰੋ. ਅਰਵਿੰਦ ਵੱਲੋਂ ਇਸ ਮੌਕੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਹੁਣ ਜਦੋਂ ਸਰਕਾਰ ਆਪਣੇ ਹਿੱਸੇ ਦੇ ਫ਼ਰਜ਼ਾਂ ਦੀ ਅਦਾਇਗੀ ਕਰਦਿਆਂ ਲੋੜੀਂਦੇ ਫੰਡਾਂ ਆਦਿ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਹੀ ਹੈ ਤਾਂ ਪੰਜਾਬੀ ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਵਿੱਚ ਹੋਰ ਵਧੇਰੇ ਗੁਣਵੱਤਾ ਲਿਆਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

ਇਸ ਮੀਟਿੰਗ ਵਿੱਚ ਡੀਨ ਅਕਾਦਮਿਕ ਮਾਮਲੇ ਪ੍ਰੋ. ਏ. ਤਿਵਾੜੀ, ਰਜਿਸਟਰਾਰ ਪ੍ਰੋ. ਨਵਜੋਤ ਕੌਰ ਅਤੇ ਵਿੱਤ ਅਫ਼ਸਰ ਪ੍ਰਮੋਦ ਕੁਮਾਰ ਅਗਰਵਾਲ ਵੀ ਸ਼ਾਮਲ ਸਨ। ਉਨ੍ਹਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਸਾਬਕਾ ਡੀਨ ਅਕਾਦਮਿਕ ਮਾਮਲੇ ਪ੍ਰੋ. ਬਲਬੀਰ ਸਿੰਘ ਸੰਧੂ ਵੀ ਹਾਜ਼ਰ ਸਨ।

CMYK

2-FEB-2023-page-11-Majha.qxd 2/1/2023 10:14 PM Page 1

ਦਫਤਰੀ ਕਾਮਿਆਂ ਵੱਲੋਂ ਸੰਘਰਸ਼ ਦਾ ਐਲਾਨ

6 ਨੂੰ ਸਮੂਹਿਕ ਛੁੱਟੀ ਲੈ ਕੇ ਮੋਹਾਲੀ ਵਿਖੇ ਕਰਨਗੇ ਰੋਸ ਪ੍ਰਦਰਸ਼ਨ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਹੱਕੀ ਮੰਗਾਂ ਦਾ ਹੱਲ ਹੋਣ ਦੀ ਆਸ ਲਾਈ ਬੈਠੇ ਕੱਚੇ ਦਫਤਰੀ ਕਾਮਿਆਂ ਦੀ ਆਸ ਪਹਿਲੇ 10 ਮਹੀਨਿਆਂ ਵਿੱਚ ਹੀ ਟੁੱਟਦੀ ਨਜ਼ਰ ਆ ਰਹੀ ਹੈ ਕਿਉਂਕਿ ਆਮ ਆਦਮੀ ਪਾਰਟੀ ਤੋਂ ਕੱਚੇ ਮੁਲਾਜ਼ਮਾਂ ਨੂੰ ਬਹੁਤ ਉਮੀਦਾਂ ਸੀ ਪਰ ਮੁਲਾਜ਼ਮਾਂ ਨੂੰ ਹੁਣ ਇਹ ਲੱਗਣ ਲੱਗ ਗਿਆ ਹੈ ਕਿ ਇਹ ਪਾਰਟੀ ਵੀ ਦੂਜੀਆਂ ਰਾਜਨੀਤਿਕ ਪਾਰਟੀਆਂ ਵਾਂਗ ਕੱਚੇ ਮੁਲਾਜ਼ਮਾਂ ਦੀਆਂ ਭਾਵਨਾਵਾਂ ਨਾਲ ਖੇਡ ਰਹੀ ਹੈ। ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਲਈ ਮੁੱਖ ਮੰਤਰੀ ਪੰਜਾਬ ਵੱਲੋਂ 5 ਸਤੰਬਰ ਨੂੰ ਐਲਾਨ ਕੀਤਾ ਅਤੇ 7 ਅਕਤੂਬਰ ਨੂੰ ਨੋਟੀਫਿਕੇਸ਼ਨ ਜਾਰੀ ਹੋ ਗਿਆ ਸੀ ਪਰ ਅੱਜ ਤੱਕ 5 ਮਹੀਨੇ ਬੀਤਣ ਤੇ ਦਫਤਰੀ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਦੇ ਆਰਡਰ ਨਹੀਂ ਮਿਲੇ। ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਮੁਲਾਜ਼ਮ ਆਗੂ ਜ਼ਿਲ੍ਹਾ ਪ੍ਰਧਾਨ ਮੈਡਮ ਅਨੂੰ ਅਰੋੜਾ, ਮੈਂਬਰ ਵਨੀਤ ਮਹਾਜਨ, ਮਲਕਿੰਦਰ ਸਿੰਘ, ਜਸਬੀਰ, ਪ੍ਰਿੰਸਪਾਲ, ਪ੍ਰਿਤਿਕਾ, ਰਜਨੀ ਆਦਿ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਦਫਤਰੀ ਮੁਲਾਜ਼ਮਾਂ ਦੀ ਲੰਬੇ ਸਮੇਂ ਤੋਂ ਤਨਖਾਹ ਅਨਾਮਲੀ ਚੱਲ ਰਹੀ ਹੈ। ਇੱਕ ਹੀ ਦਫਤਰ ਵਿੱਚ ਇੱਕ ਹੀ ਕਾਡਰ ਦੇ ਮੁਲਾਜ਼ਮ ਨੂੰ ਵੱਖਰੀ-ਵੱਖਰੀ ਤਨਖਾਹ ਮਿਲ ਰਹੀ ਹੈ, ਜਿਸ ਸਬੰਧੀ ਸਮੇਂ ਸਮੇਂ 'ਤੇ ਸਰਕਾਰ ਨਾਲ ਮੀਟਿੰਗਾਂ ਹੋਈਆਂ ਹਨ।

ਉਨ੍ਹਾਂ ਦੱਸਿਆ ਕਿ 15 ਜੂਨ 2022 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਵਿਭਾਗੀ ਅਧਿਕਾਰੀਆਂ ਦੀ ਮੌਜੂਦਗੀ ਵਿਚ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਮੀਟਿੰਗ ਹੋਈ, ਜਿਸ ਵਿੱਚ ਉਨ੍ਹਾਂ ਵੱਲੋਂ ਤਨਖਾਹ ਅਨਾਮਲੀ ਨੂੰ ਦੂਰ ਕਰਕੇ ਤੁਰੰਤ ਤਨਖਾਹਾਂ ਦਾ ਫੰਡ ਜਾਰੀ ਕਰਨ ਦੇ ਆਦੇਸ਼ ਦਿੱਤੇ ਗਏ ਪਰ ਸਿੱਖਿਆ ਮੰਤਰੀ ਦੇ ਆਦੇਸ਼ ਹਵਾ ਹਵਾਈ ਹੋ ਗਏ। ਇਸ ਉਪਰੰਤ ਨਵੇਂ ਬਣੇ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਸਮੇਂ ਸਮੇਂ 'ਤੇ ਵੱਖ-ਵੱਖ ਮੀਟਿੰਗਾਂ ਹੋਈਆਂ ਜਿਸ ਵਿਚ ਉਨ੍ਹਾਂ ਵੱਲੋਂ ਦਫਤਰੀ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਸਬੰਧੀ ਸਹਿਮਤੀ ਦਿੱਤੀ ਗਈ ਪਰ ਨਵੀਂ ਸਰਕਾਰ ਦੇ 10 ਮਹੀਨਿਆਂ ਦੌਰਾਨ ਮੁਲਾਜ਼ਮਾਂ ਦੀ ਤਨਖਾਹ ਅਨਾਮਲੀ ਹੀ ਦੂਰ ਨਹੀਂ ਹੋ ਰਹੀ ਜਿਸ ਕਰਕੇ ਮੁਲਾਜ਼ਮ ਵਰਗ 'ਚ ਨਿਰਾਸ਼ਾ ਪਾਈ ਜਾ ਰਹੀ ਹੈ।

ਆਗੂਆਂ ਨੇ ਦੱਸਿਆ ਕਿ ਇਕ ਹੀ ਦਫਤਰ ਵਿਚ ਇਕ ਕਾਡਰ ਦੇ ਕੰਮ ਕਰ ਰਹੇ 2 ਮੁਲਾਜ਼ਮਾਂ ਦੀ ਤਨਖਾਹ ਦਾ ਪਾੜਾ 5000 ਰੁਪਏ ਪ੍ਰਤੀ ਮਹੀਨਾ ਹੈ। ਆਗੂਆਂ ਨੇ ਐਲਾਨ ਕੀਤਾ ਕਿ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪੂਰਤੀ ਕਰਵਾਉਣ ਲਈ ਸਿੱਖਿਆ ਵਿਭਾਗ ਦੇ ਸਮੂਹ ਕੱਚੇ ਦਫਤਰੀ ਮੁਲਾਜ਼ਮ 6 ਫਰਵਰੀ ਨੂੰ ਸਮੂਹਿਕ ਛੁੱਟੀ ਲੈ ਕੇ ਮੋਹਾਲੀ ਡੀਜੀਐੱਸਈ ਦਫਤਰ ਦੇ ਬਾਹਰ ਰੋਸ ਜ਼ਾਹਿਰ ਕਰਨਗੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮੈਡਮ ਅਨੂੰ ਅਰੋੜਾ, ਮੈਂਬਰ ਵਨੀਤ, ਮਲਕਿੰਦਰ ਸਿੰਘ, ਜਸਬੀਰ ਸਿੰਘ, ਪ੍ਰਿੰਸਪਾਲ ਸਿੰਘ, ਪ੍ਰਿਤਿਕਾ, ਰਜਨੀ ਆਦਿ ਹਾਜ਼ਰ ਸਨ।

ਅੱਜ ਬਿਜਲੀ ਬੰਦ ਰਹੇਗੀ

ਗੁਰਦਾਸਪੁਰ (ਜਨਕ ਮਹਾਜਨ)-ਪਾਵਰਕਾਮ ਦੀ ਸਬ-ਡਵੀਜ਼ਨ ਪੁਰਾਣਾ ਸ਼ਾਲਾ ਅਧੀਨ ਪੈਂਦੇ ਸਾਰੇ ਇਲਾਕੇ ਦੀ 2 ਫਰਵਰੀ ਨੂੰ ਬਿਜਲੀ ਬੰਦ ਰਹੇਗੀ। ਪਾਵਰਕਾਮ ਕੰਟਰੋਲ ਰੂਮ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 66 ਕੇ ਵੀ ਸਬ-ਸਟੇਸ਼ਨ ਦੇ ਪਾਵਰ ਟਰਾਂਸਫਾਰਮਰ ਟੀ 1 ਅਤੇ 11 ਕੇ ਵੀ ਬ੍ਰੇਕਰਾਂ ਦੀ ਜ਼ਰੂਰੀ ਮੁਰੰਮਤ ਲਈ 2 ਫਰਵਰੀ 2023 ਦਿਨ ਵੀਰਵਾਰ ਨੂੰ ਸਾਰੇ ਇਲਾਕੇ ਦੀ ਬਿਜਲੀ ਸਪਲਾਈ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਹ ਜਾਣਕਾਰੀ ਉਪ ਮੰਡਲ ਅਫਸਰ ਪੁਰਾਣਾ ਸ਼ਾਲਾ ਇੰਜੀ. ਜਤਿੰਦਰ ਸ਼ਰਮਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਬਿਜਲੀ ਸਪਲਾਈ ਬੰਦ ਰਹਿਣ ਦੌਰਾਨ ਰੁੱਖਾਂ ਦੀ ਕਟਾਈ, ਖਰਾਬ ਜੰਪਰ ਬਦਲੀ ਕਰਨ ਅਤੇ ਲਾਈਨ ਦੀ ਮੁਰੰਮਤ ਕੀਤੀ ਜਾਵੇਗੀ।

50 ਕਿੱਲੋ ਲਾਹਣ ਬਰਾਮਦ, ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਥਾਣਾ ਘੁੰਮਣ ਕਲਾਂ ਵਲੋਂ ਨਾਮਾਲੂਮ ਵਿਅਕਤੀ ਪਾਸੋਂ 50 ਕਿਲੋ ਲਾਹਣ ਬਰਾਮਦ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਏਐੱਸਆਈ ਸੁਲੱਖਣ ਸਿੰਘ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਸਨ। ਮੁਖਬਰ ਖਾਸ ਦੀ ਇਤਲਾਹ 'ਤੇ ਪਿੰਡ ਵੜੈਚ ਛੱਪੜ ਦੇ ਕੰਢੇ ਪੰਚਾਇਤੀ ਜਗ੍ਹਾ ਵਿਖੇ ਦੌਰਾਨੇ ਸਰਚ ਇਕ ਡਰੰਮੀ ਲੋਹਾ ਜੋ ਕਿਸੇ ਨਾਮਾਲੂਮ ਵਿਅਕਤੀ ਵਲੋਂ ਛੁਪਾਈ ਗਈ ਸੀ, ਬਰਾਮਦ ਹੋਈ ਜਿਸ ਨੂੰ ਚੈੱਕ ਕਰਨ 'ਤੇ ਉਸ ਵਿਚੋਂ 50 ਕਿਲੋ ਲਾਹਣ ਬਰਾਮਦ ਕਰਕੇ ਨਾਮਾਲੂਮ ਵਿਅਕਤੀ ਖਿਲਾਫ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ।

ਕੌਮੀ ਇਨਸਾਫ ਮੋਰਚਾ ਚੰਡੀਗੜ੍ਹ ਲਈ ਸੰਘਰਸ਼ੀ ਯੋਧਿਆਂ ਦਾ ਜਥਾ ਰਵਾਨਾ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨਤਾਰਨ ਦੇ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਜ਼ੋਨ ਖਡੂਰ ਸਾਹਿਬ ਦੇ ਸੰਘਰਸ਼ੀ ਯੋਧੇ ਅੱਜ ਚੰਡੀਗੜ੍ਹ ਵਿਖੇ ਲੱਗੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੌਮੀ ਇਨਸਾਫ ਮੋਰਚੇ 'ਚ ਸ਼ਾਮਲ ਹੋਣ ਲਈ ਬਿਆਸ ਦਰਿਆ ਪੁਲ ਤੋਂ ਸੂਬਾ ਸੰਗਠਨ ਸਕੱਤਰ ਸੁਖਵਿੰਦਰ ਸਿੰਘ ਸਭਰਾਂ, ਜ਼ਿਲਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ ਅਤੇ ਜ਼ੋਨ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਦੀ ਅਗਵਾਈ ਵਿੱਚ ਇੱਕ ਵੱਡੇ ਕਾਫਲੇ ਦੇ ਰੂਪ ਵਿੱਚ ਰਵਾਨਾ ਹੋਏ। ਇਸ ਮੌਕੇ ਪ੍ਰੈੱਸ ਨੋਟ ਜਾਰੀ ਕਰਦਿਆਂ ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ, ਹਰਜਿੰਦਰ ਸਿੰਘ ਘੱਗੇ, ਭੁਪਿੰਦਰ ਸਿੰਘ ਖਡੂਰ ਸਾਹਿਬ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਅਤੇ ਇਸ ਤੋਂ ਪਹਿਲਾਂ ਬਣੀਆਂ ਸਰਕਾਰਾਂ ਅਤੇ ਨਾਲ ਦੀ ਨਾਲ ਪੰਜਾਬ ਸਰਕਾਰ ਹਮੇਸ਼ਾ ਹੀ ਖਾਸ ਕਰਕੇ ਪੰਜਾਬੀਆਂ ਨਾਲ ਵਿਤਕਰਾ ਕਰਦੀਆਂ ਆਈਆਂ ਹਨ। ਉਨ੍ਹਾਂ ਕਿਹਾ ਕਿ ਜਦ ਰਾਜੀਵ ਗਾਂਧੀ ਦੇ ਕਾਤਲਾਂ ਨੂੰ ਰਿਹਾਅ ਕੀਤਾ ਗਿਆ ਹੈ ਜਾਂ ਬਲਾਤਕਾਰੀ ਸਾਧ ਸਿਰਸੇ ਵਾਲਾ ਹੋਵੇ ਜਾਂ ਲਖੀਮਪੁਰ ਖੀਰੀ ਵਿਖੇ ਕਿਸਾਨਾਂ ਦਾ ਕਾਤਲ ਕੇਂਦਰੀ ਮੰਤਰੀ ਦਾ ਲੜਕਾ ਅਸ਼ੀਸ਼ ਮਿਸ਼ਰਾ ਜੇਲਾਂ 'ਚੋਂ ਬਾਹਰ ਆ ਸਕਦੇ ਹਨ ਤਾਂ ਕੀ ਸਾਡੇ ਸਿੱਖ ਨੌਜਵਾਨ ਜੋ ਸਜ਼ਾਵਾਂ ਤੋਂ ਵੱਧ ਸਮਾਂ ਗੁਜ਼ਾਰ ਚੁੱਕੇ ਹਨ ਉਨ੍ਹਾਂ ਨੂੰ ਕਿਉਂ ਨਹੀਂ ਰਿਹਾਅ ਕੀਤਾ ਜਾ ਰਿਹਾ? ਕੀ ਸਿੱਖਾਂ ਵਾਸਤੇ ਕੋਈ ਵੱਖਰਾ ਕਾਨੂੰਨ ਹੈ? ਉਨ੍ਹਾਂ ਰਾਜ ਕਰ ਰਹੀਆਂ ਹਕੂਮਤਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਦ ਤੱਕ ਸਾਡੇ ਸਿੱਖ ਨੌਜਵਾਨਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਉਨਾ ਚਿਰ ਇਸੇ ਤਰ੍ਹਾਂ ਸਰਕਾਰਾਂ ਦੇ ਖਿਲਾਫ ਲੰਬੇ ਮੋਰਚੇ ਲੱਗਦੇ ਰਹਿਣਗੇ ਅਤੇ ਮੰਗ ਕੀਤੀ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਇਸ ਮੌਕੇ ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ, ਤਰਸੇਮ ਸਿੰਘ ਏਕਲ ਗੱਡਾ, ਗੁਲਜ਼ਾਰ ਸਿੰਘ ਮੀਆਂਵਿੰਡ, ਅਮਨਦੀਪ ਸਿੰਘ ਭਲੋਜਲਾ, ਲਵਜੀਤ ਸਿੰਘ ਖੋਜਕੀਪੁਰ, ਜਗਜੀਤ ਸਿੰਘ ਭਲੋਜਲਾ, ਰਣਜੀਤ ਸਿੰਘ ਸੈਕਟਰੀ ਬਲਜੀਤ ਸਿੰਘ ਘੱਗੇ, ਸੁਖਦੇਵ ਸਿੰਘ ਘੱਗੇ, ਬਿਕਰਮਜੀਤ ਸਿੰਘ ਵਿੱਕੀ ਮੀਆਂਵਿੰਡ, ਸੁਲੱਖਣ ਸਿੰਘ ਖੋਜਕੀਪੁਰ, ਪਰਸਨ ਸਿੰਘ ਬਦੇਸਾ, ਗੁਰਪਾਲ ਸਿੰਘ ਜਲਾਲਾਬਾਦ, ਹਰਦੀਪ ਸਿੰਘ ਜਵੰਦਪੁਰ, ਅੰਮ੍ਰਿਤਪਾਲ ਸਿੰਘ ਭਲੋਜਲਾ, ਗੁਰਪ੍ਰੀਤ ਸਿੰਘ ਘੱਗੇ, ਬੀਬੀ ਕਸ਼ਮੀਰ ਕੌਰ ਮੀਆਂਵਿੰਡ, ਬੀਬੀ ਕੰਵਲਜੀਤ ਕੌਰ ਵਡਾਲਾ ਕਲਾਂ, ਬੀਬੀ ਕੁਲਵਿੰਦਰ ਕੌਰ ਢਿੱਲੋਂ ਬੂਲੇਨੰਗਲ, ਬੀਬੀ ਪਰਮਜੀਤ ਕੌਰ ਮੀਆਂਵਿੰਡ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਅਤੇ ਬੀਬੀਆਂ ਕਾਫਲੇ ਵਿਚ ਸ਼ਾਮਿਲ ਸਨ।

ਸਿਵਲ ਸਰਜਨ ਵੱਲੋਂ ਸੀ ਐੱਚ ਸੀ ਮੀਆਂਵਿੰਡ ਦੀ ਅਚਨਚੇਤ ਚੈਕਿੰਗ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸਿਵਲ ਸਰਜਨ ਤਰਨਤਾਰਨ ਡਾ. ਦਿਲਬਾਗ ਸਿੰਘ ਵੱਲੋਂ ਆਪਣੀ ਟੀਮ ਸਮੇਤ ਸੀਐੱਚਸੀ ਮੀਆਂਵਿੰਡ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਸਾਰਾ ਸਟਾਫ ਹਾਜ਼ਰ ਪਾਇਆ ਗਿਆ। ਡਾ. ਦਿਲਬਾਗ ਸਿੰਘ ਵੱਲੋਂ ਵੈਕਸੀਨੇਸ਼ਨ, ਜੱਚਾ-ਬੱਚਾ ਸਿਹਤ ਸੇਵਾਵਾਂ, ਐਮਰਜੈਂਸੀ ਸੇਵਾਵਾਂ, ਓਪੀਡੀ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਸਟਾਫ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਡਿਊਟੀ ਤੇ ਸਮੇਂ ਸਿਰ ਹਾਜ਼ਰੀ ਯਕੀਨ ਬਣਾਈ ਜਾਵੇ ਅਤੇ ਹਸਪਤਾਲ 'ਚ ਆਉਣ ਵਾਲੇ ਮਰੀਜ਼ਾਂ ਨਾਲ ਹਮਦਰਦੀ ਭਰਿਆ ਰਵੱਈਆ ਅਪਣਾਇਆ ਜਾਵੇ। ਚੈਕਿੰਗ ਟੀਮ 'ਚ ਡਾ. ਵਰਿੰਦਰ ਕੌਰ ਜ਼ਿਲਾ ਟੀਕਾਕਰਨ ਅਫਸਰ, ਡਾ. ਇਸ਼ਤਾ ਸਰਵੀਲੈਂਸ ਮੈਡੀਕਲ ਅਫਸਰ ਵੀ ਸਨ। ਇਸ ਮੌਕੇ ਡਾ. ਅਸ਼ੀਸ਼ ਗੁਪਤਾ ਸੀਨੀਅਰ ਮੈਡੀਕਲ ਅਫਸਰ ਮੀਆਂਵਿੰਡ, ਤੇਜਿੰਦਰ ਸਿੰਘ ਬੀਈਈ, ਵਿਸ਼ਾਲ ਸ਼ਰਮਾ ਡੀਲਿੰਗ ਸਹਾਇਕ, ਮਧੂ ਸੀਨੀਅਰ ਫਾਰਮੇਸੀ ਅਫਸਰ, ਜਸਬੀਰ ਕੌਰ ਨਰਸਿੰਗ ਅਫਸਰ, ਸ਼ਮਿੰਦਰ ਕੌਰ ਨਰਸ, ਰਾਜਬੀਰ ਕੌਰ ਸਟਾਫ ਨਰਸ, ਕੰਵਲਜੀਤ ਸਿੰਘ, ਹਰਜਿੰਦਰ ਸਿੰਘ, ਬਲਜਿੰਦਰ ਕੌਰ, ਸੁਰਜੀਤ ਸਿੰਘ ਆਦਿ ਸਮੂਹ ਸਟਾਫ ਹਾਜ਼ਰ ਸੀ।

ਨੈਤਿਕ ਸਿੱਖਿਆ ਦੀ ਪ੍ਰੀਖਿਆ 'ਚ ਸਕੂਲੀ ਬੱਚਿਆਂ ਨੇ ਮਾਰੀਆਂ ਮੱਲਾਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਨਜ਼ਦੀਕੀ ਸੁਖਮਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਡੇਰਾ ਬਾਬਾ ਨਾਨਕ ਵੱਲੋਂ ਕਰਵਾਈ ਗਈ ਨੈਤਿਕ ਸਿੱਖਿਆ ਦੀ ਪ੍ਰੀਖਿਆ ਵਿੱਚ ਵਧੀਆ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇਹ ਪ੍ਰੀਖਿਆ 28 ਅਗਸਤ 2022 ਨੂੰ ਹੋਈ ਸੀ, ਜਿਸ ਵਿੱਚ ਸਕੂਲ ਦੇ 30 ਵਿਦਿਆਰਥੀ ਅੱਵਲ ਰਹੇ ਸਨ।

ਉਸ ਤੋਂ ਬਾਅਦ ਜ਼ੋਨਲ ਆਧਾਰ 'ਤੇ 30 ਨਵੰਬਰ 2022 ਨੂੰ ਛੇ ਜ਼ਿਲ੍ਹਿਆਂ ਦੇ 10000 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਸ ਵਿੱਚ ਸੁਖਮਨੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਸਮਰਖਜੋਤ ਸਿੰਘ ਸਪੁੱਤਰ ਜਗਜੀਤ ਸਿੰਘ, ਮਨਦੀਪ ਸਿੰਘ ਪੁੱਤਰ ਹਰਪ੍ਰੀਤ ਸਿੰਘ ਅਤੇ ਹਰਮਨਪ੍ਰੀਤ ਸਪੁੱਤਰੀ ਗੁਰਦੀਪ ਸਿੰਘ ਦੂਜਾ ਅਤੇ ਤੀਜਾ ਸਥਾਨ ਲੈ ਕੇ ਅੱਵਲ ਰਹੇ ਸਨ।

ਉਨ੍ਹਾਂ ਨੂੰ ਮੈਡਲ, ਸਨਮਾਨ ਚਿੰਨ੍ਹ ਅਤੇ 600 ਰੁਪਏ ਦਾ ਨਗਦ ਇਨਾਮ ਦਿੱਤਾ ਗਿਆ ਸੀ। ਇਸ ਤੋਂ ਇਲਾਵਾ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਇੰਚਾਰਜ ਚਰਨਜੀਤ ਸਿੰਘ ਬੇਦੀ ਅਤੇ ਕਰਨੈਲ ਸਿੰਘ ਵੱਲੋਂ ਤਿੰਨ ਵਿਦਿਆਰਥੀ ਨਵਜੋਤ ਕੌਰ ਸਪੁੱਤਰੀ ਮਨਧੀਰ ਸਿੰਘ, ਨਵਪ੍ਰੀਤ ਕੌਰ ਸਪੁੱਤਰੀ ਮੰਗਲ ਸਿੰਘ ਅਤੇ ਮਹਿਕਪ੍ਰੀਤ ਕੌਰ ਸਪੁੱਤਰੀ ਕੁਲਦੀਪ ਸਿੰਘ ਨੂੰ ਸਨਮਾਨ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬੱਚਿਆਂ ਨੂੰ ਹੋਰ ਜ਼ਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਸਕੂਲ ਐੱਮਡੀ ਸਵਿੰਦਰ ਸਿੰਘ, ਪ੍ਰਿੰਸੀਪਲ ਮੈਡਮ ਅਨੀਤਾ, ਮੈਡਮ ਸੁਖਦੀਪ ਕੌਰ, ਮੈਡਮ ਨਵਜੋਤ ਕੌਰ, ਜੋਗਰਾਜ ਸਿੰਘ, ਮੈਡਮ ਮਨਦੀਪ ਕੌਰ ਅਤੇ ਮੈਡਮ ਪੱਲਵੀ ਆਦਿ ਹਾਜ਼ਰ ਸਨ।

ਆਦਰਸ਼ ਬਿਰਧ ਆਸ਼ਰਮ ਨੇ ਮਾਤਾ ਰਜਨੀਸ਼ ਮਹਾਜਨ ਦੀ ਕਰਵਾਈ ਘਰ ਵਾਪਸੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਮਾਤਾ ਰਜਨੀਸ਼ ਮਹਾਜਨ ਪਤਨੀ ਉਮਾ ਕਾਂਤ ਮਹਾਜਨ ਨਿਵਾਸੀ ਵਾਰਡ ਨੰਬਰ 39/15 ਮੁਹੱਲਾ ਰਜਰੀਆ, ਤਹਿ/ਜ਼ਿਲ੍ਹਾ ਪਠਾਨਕੋਟ, ਪੰਜਾਬ-145001 ਇਕ ਸਤੰਬਰ 2022 ਤੋਂ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿਚ ਰਹਿ ਰਹੇ ਸਨ। ਅੱਜ ਉਨ੍ਹਾਂ ਦੀ ਆਪਣੇ ਘਰ ਵਾਪਸੀ ਹੋਈ ਹੈ।

ਜਾਣਕਾਰੀ ਦਿੰਦੇ ਹੋਏ ਮਾਤਾ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਦੇ ਮਰਨ ਤੋਂ ਬਾਅਦ ਉਨ੍ਹਾਂ ਦਾ ਪੁੱਤਰ ਨਸ਼ੇ ਦਾ ਸ਼ਿਕਾਰ ਹੋ ਗਿਆ ਅਤੇ ਨਸ਼ੇ ਦੀ ਐਸੀ ਲਤ ਲੱਗੀ ਕਿ ਮੈਂ ਘਰੋਂ ਬੇਘਰ ਹੋ ਗਈ। ਮੈਂ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਸ਼ਰਨ ਲੈ ਲਈ। ਆਸ਼ਰਮ ਪ੍ਰਬੰਧਕਾਂ ਨੇ ਮੇਰਾ ਪੂਰਾ ਧਿਆਨ ਰੱਖਿਆ। ਅੱਜ ਆਸ਼ਰਮ ਪ੍ਰਬੰਧਕਾਂ ਨੇ ਮਿਲ ਕੇ ਮੇਰੇ ਪਰਿਵਾਰਕ ਮੈਂਬਰ ਪੰਕਜ ਮਹਾਜਨ ਪੁੱਤਰ ਉਮਾ ਕਾਂਤ ਮਹਾਜਨ ਤੇ ਮੇਰਾ ਜਵਾਈ ਅਸ਼ੀਸ਼ ਮਹਾਜਨ ਪੁੱਤਰ ਰਾਜ ਕੁਮਾਰ ਨਾਲ ਮਿਲਾਇਆ ਤੇ ਮੇਰੇ ਪੁੱਤਰ ਨੂੰ ਸਮਝਾਇਆ ਕਿ ਇਸ ਉਮਰ ਵਿੱਚ ਮਾਂ-ਬਾਪ ਨੂੰ ਘਰੋਂ ਬੇਘਰ ਨਹੀਂ ਕਰਨਾ ਚਾਹੀਦਾ ਅਤੇ ਉਨ੍ਹਾਂ ਦੀ ਸੇਵਾ ਕਰਨੀ ਚਾਹੀਦੀ ਹੈ ਕਿਉਂਕਿ ਮਾਤਾ ਪਿਤਾ ਦੀ ਸੇਵਾ ਹੀ ਸਭ ਤੋਂ ਉੱਤਮ ਸੇਵਾ ਹੈ। ਆਏ ਹੋਏ ਪਰਿਵਾਰਕ ਮੈਂਬਰਾਂ ਤੇ ਪੰਕਜ ਮਹਾਜਨ ਨੇ ਸਮੂਹ ਪ੍ਰਬੰਧਕਾਂ ਨੂੰ ਇਹ ਯਕੀਨ ਦਿਵਾਇਆ ਕਿ ਅੱਗੇ ਤੋਂ ਮੈਂ ਆਪਣੀ ਮਾਂ ਨੂੰ ਘਰੋਂ ਬੇਘਰ ਨਹੀਂ ਕਰਾਂਗਾ। ਇਸ ਮੌਕੇ ਆਸ਼ਰਮ ਪ੍ਰਧਾਨ ਸਤਨਾਮ ਸਿੰਘ, ਸੁਪਰਡੈਂਟ ਮਿਸ ਅੰਜਲੀ ਸ਼ਰਮਾ ਤੇ ਹੋਰ ਸਮੂਹ ਸਟਾਫ ਸਵਿਤਾ, ਕਾਜਲ, ਸੁਖਵਿੰਦਰ ਕੌਰ, ਸੁਨੀਤਾ, ਤਰਸੇਮ ਲਾਲ, ਰਾਜੇਸ਼ ਆਦਿ ਮੌਜੂਦ ਸਨ।

ਦਿੱਲੀ 'ਚ 'ਫੈਮਿਨਾ ਮਿਸ ਇੰਡੀਆ 2023 ਆਡੀਸ਼ਨਾਂ' ਨੂੰ ਜ਼ਬਰਦਸਤ ਹੁੰਗਾਰਾ

ਚੰਡੀਗੜ੍ਹ- VLCC ਅਤੇ TREND ਨੇ ਮਨੀਪੁਰ ਟੂਰਿਜ਼ਮ ਦੁਆਰਾ ਆਯੋਜਿਤ ਫੈਮਿਨਾ ਮਿਸ ਇੰਡੀਆ 2023 ਦੀ ਸਹਿ-ਪੇਸ਼ਕਾਰੀ ਕੀਤੀ ਜਿਸਦਾ ਆਯੋਜਨ ਓਰਾ ਫਾਈਨ ਜਵੈਲਰੀ ਦੁਆਰਾ ਕੀਤਾ ਗਿਆ। ਮੇਕਅੱਪ ਪਾਰਟਨਰ ਕਲਰਬਾਰ ਮੇਡ ਫਾਰ ਮੈਜਿਕ ਅਤੇ ਦਿੱਲੀ ਵਿੱਚ ਉੱਤਰੀ ਰਾਜਾਂ ਲਈ ਰਜਨੀਗੰਧਾ ਪਰਲ ਆਡੀਸ਼ਨਾਂ ਦੀ ਸਹਿ-ਮੇਜ਼ਬਾਨੀ ਕੀਤੀ। ਸ਼ਾਨਦਾਰ ਮੇਜ਼ਬਾਨ ਦੀ ਭੂਮਿਕਾ ਨਿਭਾਉਣ ਵਾਲੇ ਐਂਬੀਐਂਸ ਮਾਲ, ਵਸੰਤ ਕੁੰਜ ਵਿੱਚ ਜੇਟੀਐੱਮਡੀਕੇਈ ਸਟੋਰ ਵਿੱਚ ਆਯੋਜਿਤ ਆਡੀਸ਼ਨਾਂ ਵਿੱਚ ਉੱਤਰੀ ਭਾਰਤ ਦੇ ਸਾਰੇ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਪਾਰਟੀਸਿਪੈਂਟਸ ਨੇ ਹਿੱਸਾ ਲਿਆ। ਫੈਮਿਨਾ ਮਿਸ ਇੰਡੀਆ ਨੂੰ ਉਮੀਦ ਹੈ ਕਿ ਉਹ ਅੰਤਰਰਾਸ਼ਟਰੀ ਪ੍ਰਭਾਵ ਅਤੇ ਸਮਾਜਿਕ ਪ੍ਰਭਾਵ ਦਾ ਇੱਕ ਵਾਤਾਵਰਣ ਪੈਦਾ ਕਰੇਗੀ, ਜਿਸ ਨਾਲ ਭਾਰਤ ਨੂੰ ਇੱਕ ਗਲੋਬਲ ਲੀਡਰ ਬਣਨ ਵਿੱਚ ਮਦਦ ਮਿਲੇਗੀ। ਫੈਮਿਨਾ ਮਿਸ ਇੰਡੀਆ ਦਾ ਸੰਗਠਨ ਰਵੱਈਏ ਨੂੰ ਬਦਲਣ, ਆਤਮਵਿਸ਼ਵਾਸ ਨੂੰ ਪ੍ਰੋਜੈਕਟ ਕਰਨ ਅਤੇ ਨੌਜਵਾਨ ਔਰਤਾਂ ਨੂੰ ਵਿਅਕਤੀਗਤਤਾ ਅਤੇ ਵਿਲੱਖਣਤਾ ਦੀ ਭਾਵਨਾ ਨਾਲ ਸਸ਼ਕਤ ਕਰਨ, ਸਵੈ-ਪ੍ਰਗਟਾਵੇ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਵਿੱਚ ਮਹੱਤਵਪੂਰਣ ਅਤੇ ਅਭਿਲਾਸ਼ੀ ਮੁੱਲਾਂ ਨੂੰ ਬਣਾਉਣ ਲਈ ਸੁੰਦਰਤਾ ਦੀ ਸ਼ਕਤੀ ਵਿੱਚ ਵਿਸ਼ਵਾਸ ਕਰਦਾ ਹੈ। ਪ੍ਰਤੀਯੋਗਿਤਾ ਨੇ 29 ਰਾਜਾਂ (ਦਿੱਲੀ ਸਮੇਤ) ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ (ਜੰਮੂ ਅਤੇ ਕਸ਼ਮੀਰ ਸਮੇਤ) ਤੋਂ ਸਮੂਹਿਕ ਪ੍ਰਤੀਨਿਧੀ ਚੁਣਨ ਲਈ ਇੱਕ ਰਾਸ਼ਟਰੀ ਖੋਜ ਸ਼ੁਰੂ ਕੀਤੀ ਹੈ। ਕੁੱਲ 30 ਰਾਜ ਜੇਤੂ ਗ੍ਰੈਂਡ ਫਾਈਨਲ ਪੜਾਅ ਵਿੱਚ ਮੁਕਾਬਲਾ ਕਰਨਗੇ। ਆਨਲਾਈਨ ਰਜਿਸਟਰ ਕਰਨ ਵਾਲੇ ਸਾਰੇ ਬਿਨੈਕਾਰਾਂ ਨੂੰ ਉਨ੍ਹਾਂ ਦੇ ਸਬੰਧਤ ਜ਼ੋਨਲ ਆਡੀਸ਼ਨਾਂ ਲਈ ਬੁਲਾਇਆ ਜਾਵੇਗਾ ਅਤੇ ਉਥੋਂ ਸ਼ਾਰਟਲਿਸਟ ਕੀਤੇ ਭਾਗੀਦਾਰਾਂ ਨੂੰ ਮੁੰਬਈ ਵਿੱਚ ਮੈਗਾ ਆਡੀਸ਼ਨਾਂ ਲਈ ਸੱਦਾ ਦਿੱਤਾ ਜਾਵੇਗਾ ਤਾਂ ਜੋ ਮੁਕਾਬਲੇ ਵਿੱਚ ਆਪਣੇ-ਆਪਣੇ ਰਾਜਾਂ ਦੀ ਨੁਮਾਇੰਦਗੀ ਕਰਨ ਦਾ ਮੌਕਾ ਦਿੱਤਾ ਜਾ ਸਕੇ।

ਸਕੂਲ 'ਚ ਸਪੋਰਟਸ ਡੇ ਤੇ ਇਨਾਮ ਵੰਡ ਸਮਾਗਮ ਕਰਵਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਝਬਾਲ ਵਿਖੇ ਪ੍ਰੀ-ਪ੍ਰਾਇਮਰੀ ਵਿੰਗ ਦਾ ਸਪੋਰਟਸ ਡੇ ਅਤੇ ਇਨਾਮ ਵੰਡ ਸਮਾਗਮ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ 'ਤੇ ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਜਤਿੰਦਰਬੀਰ ਸਿੰਘ ਬਹਿਲ, ਰਮਣੀਕ ਸਿੰਘ ਫਰੀਡਮ ਨੇ ਸ਼ਿਰਕਤ ਕੀਤੀ। ਪ੍ਰਾਇਮਰੀ ਵਿੰਗ ਵਿੱਚੋਂ ਕੇਜੀ ਜਮਾਤ ਦੇ ਵਿਦਿਆਰਥੀਆਂ ਦੇ ਮਾਪੇ ਵੀ ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਰਾਹੀਂ ਕੀਤੀ ਗਈ। ਉਪਰੰਤ ਬੱਚਿਆਂ ਵੱਲੋਂ ਆਏ ਹੋਏ ਮਹਿਮਾਨਾਂ ਦਾ 'ਸੁਆਗਤੀ ਗੀਤ' ਰਾਹੀਂ ਸੁਆਗਤ ਕੀਤਾ ਗਿਆ। ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਸਕੂਲ ਦੇ ਪ੍ਰਿੰਸੀਪਲ ਅਤੇ ਆਏ ਹੋਏ ਮਹਿਮਾਨਾਂ ਵੱਲੋਂ ਗੁਬਾਰੇ ਉਡਾ ਕੇ ਖੇਡਾਂ ਦੀ ਆਰੰਭਤਾ ਕੀਤੀ ਗਈ। ਪਲੇਅ ਪੈੱਨ ਤੋਂ ਪਹਿਲੀ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਜਿਵੇਂ ਸਾਈਕਲਿੰਗ ਰੇਸ, ਬਾਸਕਿਟਬਾਲ, ਬੈਲੂਨ ਰੇਸ, ਮਿਊਜ਼ੀਕਲ ਚੇਅਰਜ਼, ਫਰੋਗ ਰੇਸ ਆਦਿ ਵਿਚ ਭਾਗ ਲਿਆ। ਸਕੂਲ ਦੇ ਵਿਦਿਆਰਥੀਆਂ ਨੇ ਐਰੋਬਿਕਸ, ਕੋਰੀਓਗ੍ਰਾਫੀ, ਭੰਗੜਾ, ਸੰਮੀ, ਕਾਲਬੇਲੀਆ ਡਾਂਸ ਆਦਿ ਰੰਗਾਰੰਗ ਪ੍ਰੋਗਰਾਮ ਪੇਸ਼ ਕਰਕੇ ਆਏ ਹੋਏ ਮਹਿਮਾਨਾਂ, ਮਾਪਿਆਂ ਅਤੇ ਬੱਚਿਆਂ ਦਾ ਮਨੋਰੰਜਨ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਮੈਂਬਰ ਇੰਚਾਰਜ ਅਤੇ ਪ੍ਰਿੰਸੀਪਲ ਨੇ ਆਪਣੇ ਕਰ-ਕਮਲਾਂ ਰਾਹੀਂ ਖੇਡਾਂ ਵਿਚੋਂ ਜੇਤੂ ਵਿਦਿਆਰਥੀਆਂ ਨੂੰ ਮੈਡਲ ਦਿੱਤੇ ਅਤੇ ਸੈਸ਼ਨ 2018- 2019 , 2019-2020 ਅਤੇ 2021-2022 ਦੇ ਵਿੱਦਿਅਕ ਖੇਤਰ ਵਿਚੋਂ ਮੱਲਾਂ ਮਾਰਨ ਵਾਲੇ ਪ੍ਰੀ-ਨਰਸਰੀ ਤੋਂ ਪਹਿਲੀ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਟਰਾਫੀਆਂ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਪ੍ਰਿੰ. ਉਰਮਿੰਦਰ ਕੌਰ ਨੇ ਖੇਡਾਂ ਤੇ ਵਿੱਦਿਅਕ ਖੇਤਰ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਹੋਰ ਮਿਹਨਤ ਕਰਕੇ ਜੀਵਨ ਵਿਚ ਬੁਲੰਦੀਆਂ ਨੂੰ ਛੂਹਣ ਲਈ ਪ੍ਰੇਰਿਤ ਕੀਤਾ। ਸਟੇਜ ਸੈਕਟਰੀ ਦੀ ਭੂਮਿਕਾ ਮੈਡਮ ਗੁਰਵਿੰਦਰ ਕੌਰ ਅਤੇ ਮੈਡਮ ਨਵਦੀਪ ਕੌਰ ਨੇ ਬਾਖੂਬੀ ਨਿਭਾਈ। ਇਸ ਸਮੇਂ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਸਿੰਧੀ ਸਮਾਜ ਨਾਲ ਇੰਦੌਰ 'ਚ ਵਾਪਰੀ ਘਟਨਾ ਨਿੰਦਣਯੋਗ: ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਸਬੰਧੀ ਇੰਦੌਰ ਵਿਚ ਸਿੰਧੀ ਸਮਾਜ ਨਾਲ ਵਾਪਰੀ ਅਫਸੋਸਨਾਕ ਦੁਖਦਾਈ ਘਟਨਾ ਕਾਰਨ ਪੈਦਾ ਹੋਈ ਸਥਿਤੀ ਉਪਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਥ ਤਖਤ ਚਲਦਾ ਵਹੀਰ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਬਲਬੀਰ ਸਿੰਘ ਨੇ ਅਫਸੋਸ ਪ੍ਰਗਟ ਕਰਦਿਆਂ ਕਿਹਾ ਕਿ ਕੁੱਝ ਅਗਿਆਨ ਤੇ ਫੁੱਟ ਪਾਉਣ ਵਾਲੇ ਲੋਕਾਂ ਵੱਲੋਂ ਸਿੰਧੀ ਸਮਾਜ ਅਤੇ ਸਿੱਖ ਪੰਥ ਦਰਮਿਆਨ ਆਪਸੀ ਬਣੇ ਹੋਏ ਚੰਗੇ ਸਬੰਧਾਂ ਵਿਚ ਤਰੇੜ ਪੈਦਾ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਨਿੰਦਣਯੋਗ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੰਧੀ ਸਿੱਖ ਧਰਮ ਦੇ ਪੈਰੋਕਾਰ ਹਨ ਅਤੇ ਸਿੱਖ ਪੰਥ ਦਾ ਅਟੁੱਟਵਾਂ ਅੰਗ ਹਨ। ਸਿੰਧੀ ਸਮਾਜ ਦੇ ਪੈਰੋਕਾਰਾਂ ਦੀ ਸ਼ਰਧਾ ਭਾਵਨਾ 'ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਜੇਕਰ ਕਿਤੇ ਥੋੜੀ ਬਹੁਤ ਢਿੱਲਮੱਠ ਹੋਏ ਤੇ ਉਥੋਂ ਸਰੂਪ ਚੁੱਕ ਲੈਣੇ ਕਦਾਚਿਤ ਉਚਿਤ ਨਹੀਂ ਹੈ, ਮਰਯਾਦਾ ਪਿਆਰ, ਸਤਿਕਾਰ ਨਾਲ ਪੂਰੀ ਕੀਤੀ ਤੇ ਕਰਵਾਈ ਜਾ ਸਕਦੀ ਹੈ। ਇੰਦੌਰ ਵਿਖੇ ਜੋ ਕੁੱਝ ਹੋਇਆ ਉਹ ਆਪਸੀ ਭਾਈਚਾਰੇ ਅੰਦਰ ਦੁਫੇੜ ਪੈਦਾ ਕਰਨ ਦਾ ਯਤਨ ਹੈ ਜੋ ਅਫਸੋਸਨਾਕ ਤੇ ਨਿੰਦਣਯੋਗ ਵੀ ਹੈ।

ਵਿਕਰਮ ਢਿੱਲੋਂ ਨੂੰ ਸਦਮਾ, ਮਾਤਾ ਦਾ ਦਿਹਾਂਤ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸੀਨੀਅਰ ਕਾਂਗਰਸੀ ਆਗੂ ਵਿਕਰਮ ਸਿੰਘ ਢਿੱਲੋਂ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਜਸਬੀਰ ਕੌਰ (ਸਾਬਕਾ ਸਰਪੰਚ) ਦਾ ਅਚਾਨਕ ਦਿਹਾਂਤ ਹੋ ਗਿਆ। ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਡਾ. ਸੰਦੀਪ ਅਗਨੀਹੋਤਰੀ, ਥਾਣਾ ਮੁੱਖੀ ਝਬਾਲ ਸਬ ਇੰਸ ਬਲਜਿੰਦਰ ਸਿੰਘ ਬਾਜਵਾ, ਚੇਅਰਮੈਨ ਬਲਾਕ ਸੰਮਤੀ ਗੰਡੀਵਿੰਡ ਰਣਜੀਤ ਸਿੰਘ ਰਾਣਾ ਢਿੱਲੋਂ, ਐਕਸੀਅਨ ਤਰਸੇਮ ਕੁਮਾਰ, ਬਲਵਿੰਦਰ ਸਿੰਘ ਝਬਾਲ, ਕਰਨਬੀਰ ਸਿੰਘ ਬੁਰਜ, ਸਰਪੰਚ ਗੁਰਪਾਲ ਸਿੰਘ ਜਗਤਪੁਰਾ, ਸਰਪੰਚ ਨਰਿੰਦਕ ਕੁਮਾਰ ਪੱਪਾ, ਮਖਤੂਲ ਸਿੰਘ ਲੀਡਰ, ਬੰਟੀ ਸੂਦ, ਅਜਮੇਰ ਸਿੰਘ ਢਿੱਲੋਂ, ਬਲਾਕ ਸੰਮਤੀ ਮੈਂਬਰ ਮਨਜੀਤ ਸਿੰਘ, ਬਲਦੇਵ ਸਿੰਘ, ਜੇਈ ਨੌਨਿਹਾਲ ਸਿੰਘ ਕਸੇਲ, ਮਾਣਕ ਸਿੰਘ ਹੈਪੀ, ਮਾਣਕ ਬੰਬੇ, ਸਰਪੰਚ ਅਮਰਜੀਤ ਸਿੰਘ, ਪ੍ਰਧਾਨ ਗੁਰਵਿੰਦਰ ਸਿੰਘ, ਨਰੇਸ਼ ਕੁਮਾਰ, ਹਰਪਾਲ ਸਿੰਘ ਭਾਲਾ, ਦਿਆਲ ਸਿੰਘ, ਸਾਬਕਾ ਸਰਪੰਚ ਜਸਬੀਰ ਸਿੰਘ, ਲੇਖਕ ਜਸਬੀਰ ਸਿੰਘ, ਗੁਰਜੀਤ ਸਿੰਘ ਸੋਨੀ ਬਾਬਾ, ਗੁਰਮੀਤ ਸਿੰਘ, ਮਨਜੀਤ ਸਿੰਘ, ਸੰਤੋਖ ਸਿੰਘ, ਹਰਜੀਤ ਸਿੰਘ, ਗੁਰਮੀਤ ਸਿੰਘ ਸਾਹ, ਹਰਪਾਲ ਸਿੰਘ,ਤੇਜਿੰਦਰ ਸਿੰਘ ਬੱਬੂ, ਪਵਨ ਕੁਮਾਰ ਪੀ ਏ ਹਲਕਾ ਵਿਧਾਇਕ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

ਜ਼ਿਲ੍ਹਾ ਪਠਾਨਕੋਟ ਦੇ 376 ਸਕੂਲ ਮੁਖੀਆਂ ਨੂੰ ਯੂ ਡਾਇਸ ਭਰਨ ਸਬੰਧੀ ਦਿੱਤੀ ਟ੍ਰੇਨਿੰਗ

ਪਠਾਨਕੋਟ (ਦਵਿੰਦਰ ਸਿੰਘ)-ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਯੂ ਡਾਇਸ ਸਰਵੇ ਦਾ ਕੰਮ ਮੁਕੰਮਲ ਕੀਤਾ ਜਾਣਾ ਹੈ ਜਿਸ ਤਹਿਤ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਕੋਆਰਡੀਨੇਟਰ ਐੱਮਆਈਐੱਸ ਮੁਨੀਸ਼ ਗੁਪਤਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਸਕੂਲ ਮੁਖੀਆਂ ਨੂੰ ਯੂ ਡਾਇਸ ਸਰਵੇ ਭਰਨ ਦੀ ਜਾਣਕਾਰੀ ਦੇਣ ਲਈ ਦੋ ਰੋਜ਼ਾ ਵਰਕਸ਼ਾਪ ਪ੍ਰਬੰਧਕੀ ਕੰਪਲੈਕਸ ਮਲਕਪੁਰ ਵਿਖੇ ਸ਼ੁਰੂ ਕੀਤੀ ਗਈ। ਵਰਕਸ਼ਾਪ ਦੇ ਪਹਿਲੇ ਦਿਨ ਜ਼ਿਲ੍ਹਾ ਪਠਾਨਕੋਟ ਦੇ 376 ਪ੍ਰਾਇਮਰੀ ਸਕੂਲਾਂ ਦੇ ਸਕੂਲ ਮੁਖੀਆਂ ਨੇ ਯੂ ਡਾਇਸ ਸਰਵੇ ਨੂੰ ਭਰਨ ਸਬੰਧੀ ਬਰੀਕੀਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਤਾਂ ਜੋ ਯੂ ਡਾਇਸ ਸਰਵੇ ਨੂੰ ਸੁਚੱਜੇ ਢੰਗ ਨਾਲ ਭਰਿਆ ਜਾ ਸਕੇ ਜਦਕਿ ਦੂਜੇ ਦਿਨ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀ ਇਸ ਵਰਕਸ਼ਾਪ ਵਿੱਚ ਭਾਗ ਲੈਕੇ ਯੂ ਡਾਇਸ ਸਰਵੇ ਦੀਆਂ ਬਰੀਕੀਆਂ ਜਾਨਣਗੇ। ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਕਮਲਦੀਪ ਕੌਰ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਹਰ ਸਾਲ ਇਹ ਸਰਵੇਖਣ ਕਰਵਾਇਆ ਜਾਂਦਾ ਹੈ ਜਿਸ ਦੇ ਅਧਾਰ ਤੇ ਭਵਿੱਖ ਦੀ ਯੋਜਨਾਬੰਦੀ ਕੀਤੀ ਜਾਂਦੀ ਹੈ। ਇਸ ਵਾਰ ਯੂ ਡਾਇਸ ਪਲੱਸ ਪੋਰਟਲ ਤੇ ਸਾਰੀ ਜਾਣਕਾਰੀ ਸਕੂਲਾ ਵੱਲੋਂ ਖੁਦ ਭਰੀ ਜਾਣੀ ਹੈ ਜਿਸ ਵਿੱਚ ਸਕੂਲਾਂ ਦੀਆਂ ਬੁਨਿਆਦੀ ਸਹੂਲਤਾਂ, ਵਿਦਿਆਰਥੀਆਂ ਦੀ ਗਿਣਤੀ, ਵਿਦਿਆਰਥੀ ਅਧਿਆਪਕ ਅਨੁਪਾਤ, ਵਿਦਿਆਰਥੀਆਂ ਦੇ ਨਤੀਜੇ, ਪ੍ਰਾਪਤ ਗ੍ਰਾਂਟਾਂ ਆਦਿ ਦੀ ਵਿਸਥਾਰਤ ਜਾਣਕਾਰੀ ਦਿੱਤੀ ਜਾਵੇਗੀ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਡੀਜੀ ਸਿੰਘ ਨੇ ਦੱਸਿਆ ਕਿ ਇਸ ਸਰਵੇਖਣ ਰਾਹੀਂ ਪ੍ਰਾਪਤ ਅੰਕੜਿਆਂ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਸਮੱਗਰ ਸਿੱਖਿਆ ਅਭਿਆਨ ਤਹਿਤ ਸੂਬਾ ਸਰਕਾਰ ਨੂੰ ਫੰਡ ਜਾਰੀ ਕਰਦੀ ਹੈ ਅਤੇ ਭਵਿੱਖ ਲਈ ਯੋਜਨਾਬੰਦੀ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਸਾਰਿਆਂ ਦੀ ਜ਼ੁੰਮੇਵਾਰੀ ਬਣਦੀ ਹੈ ਕਿ ਇਸ ਕੰਮ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀਏ। ਜ਼ਿਲ੍ਹਾ ਕੋਆਰਡੀਨੇਟਰ ਐੱਮਆਈਐੱਸ ਮੁਨੀਸ਼ ਗੁਪਤਾ ਨੇ ਦੱਸਿਆ ਕਿ ਇਸ ਸਰਵੇਖਣ ਰਾਹੀਂ ਜ਼ਿਲ੍ਹਾ ਪਠਾਨਕੋਟ ਦੇ 5 ਕੇਂਦਰੀ ਵਿਦਿਆਲੇ, 4 ਆਰਮੀ, 1 ਜਵਾਹਰ ਨਵੋਦਿਆ, 1 ਏਅਰਫੋਰਸ, 9 ਏਡਿਡ, 5 ਲੋਕਲ ਬਾਡੀ, 531 ਸਰਕਾਰੀ ਅਤੇ 220 ਪ੍ਰਾਈਵੇਟ ਸਕੂਲਾਂ ਸਮੇਤ ਕੁੱਲ 776 ਸਕੂਲਾਂ ਨੂੰ ਕਵਰ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਬਲਾਕ ਐੱਮਆਈਐੱਸ ਕੋਆਰਡੀਨੇਟਰ ਸੰਜੀਵ ਸ਼ਰਮਾ, ਪੰਕਜ ਸ਼ਰਮਾ ਅਤੇ ਧੀਰਜ ਕੁਮਾਰ ਵੱਲੋਂ ਹਾਜ਼ਰੀਨ ਨੂੰ ਬਾਖੂਬੀ ਟ੍ਰੇਨਿੰਗ ਦਿੱਤੀ ਜਾ ਰਹੀ। ਇਸ ਟ੍ਰੇਨਿੰਗ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਜ਼ਿਲ੍ਹੇ ਦੇ ਸਮੂਹ ਬੀਪੀਈਓ, ਸੀਐੱਚਟੀ ਅਤੇ ਸਕੂਲ ਮੁੱਖੀਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਗਿਆ। ਇਸ ਮੌਕੇ ਜ਼ਿਲ੍ਹਾ ਲੇਖਾਕਾਰ ਸੁਮਿਤ ਰਾਜ, ਡਾ. ਮਨਦੀਪ ਕੁਮਾਰ, ਬੀਪੀਈਓ ਰਿਸਮਾਂ ਦੇਵੀ, ਬੀਪੀਈਓ ਕੁਲਦੀਪ ਸਿੰਘ, ਬੀਪੀਈਓ ਰਾਕੇਸ਼ ਠਾਕੁਰ, ਬੀਪੀਈਓ ਨਰੇਸ ਪਨਿਆੜ, ਬੀਪੀਈਓ ਪੰਕਜ ਅਰੋੜਾ, ਜ਼ਿਲ੍ਹਾ ਕੋਆਰਡੀਨੇਟਰ ਮੀਡੀਆ ਸੈੱਲ ਬਲਕਾਰ ਅੱਤਰੀ ਆਦਿ ਹਾਜ਼ਰ ਸਨ।

ਸਾਬਕਾ ਨਗਰ ਕੌਂਸਲ ਪ੍ਰਧਾਨ ਪ੍ਰੇਮ ਸਾਗਰ ਗੁਪਤਾ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸਥਾਨਕ ਕਸਬੇ ਦੇ ਨਾਮਵਰ ਕਾਰੋਬਾਰੀ ਗੁਪਤਾ ਜਰਨਲ ਸਟੋਰ ਦੇ ਮਾਲਕ ਤੇ ਆਮ ਆਦਮੀ ਪਾਰਟੀ ਦੇ ਆਗੂ ਰਾਜੇਸ਼ ਕੁਮਾਰ ਗੁਪਤਾ (ਬਿੱਟਾ ਮਹਾਜਨ) ਦੇ ਪਿਤਾ ਅਤੇ ਕਾਂਗਰਸੀ ਆਗੂ ਮੁਨੀਸ਼ ਮਹਾਜਨ ਦੇ ਤਾਇਆ ਜੀ ਸਾਬਕਾ ਨਗਰ ਕੌਂਸਲ ਪ੍ਰਧਾਨ ਬਾਊ ਪ੍ਰੇਮ ਸਾਗਰ ਗੁਪਤਾ ਦਾ ਪਿਛਲੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਚਾਨਕ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਗਰੁੜ ਪ੍ਰਾਣ ਪਾਠ ਦੇ ਭੋਗ ਅੱਜ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ। ਉਪਰੰਤ ਅੰਤਿਮ ਅਰਦਾਸ, ਕੀਰਤਨ ਤੇ ਸ਼ਰਧਾਂਜਲੀ ਸਮਾਗਮ ਸਥਾਨਕ 10 ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਵਿਖੇ ਕਰਵਾਇਆ ਗਿਆ। ਇਸ ਮੌਕੇ ਭਾਈ ਮਨਜਿੰਦਰ ਸਿੰਘ ਧਾਰੋਵਾਲੀ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਕੀਰਤਨੀ ਜਥੇ ਵੱਲੋਂ ਵਿਰਾਗਮਈ ਕੀਰਤਨ ਕੀਤਾ ਗਿਆ। ਉਪਰੰਤ ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ ਵੱਲੋਂ ਬਾਊ ਪ੍ਰੇਮ ਸਾਗਰ ਗੁਪਤਾ ਦੀ ਆਤਮਿਕ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਸਾਬਕਾ ਨਗਰ ਕੌਂਸਲ ਪ੍ਰਧਾਨ ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਸਾਬਕਾ ਚੇਅਰਮੈਨ ਕੰਵਲਜੀਤ ਸਿੰਘ ਖੁਸ਼ਹਾਲਪੁਰ ਸਮੇਤ ਵੱਖ-ਵੱਖ ਬੁਲਾਰਿਆ ਨੇ ਸਵਰਗਵਾਸੀ ਬਾਊ ਪ੍ਰੇਮ ਸਾਗਰ ਗੁਪਤਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਉਹ ਇੱਕ ਦਰਵੇਸ਼ ਸਿਆਸਤਦਾਨ ਤੇ ਪੜ੍ਹੇ ਲਿਖੇ ਇਨਸਾਨ ਸਨ, ਜਿਨ੍ਹਾਂ ਨੂੰ 3 ਵਾਰ ਨਗਰ ਕੌਂਸਲ ਡੇਰਾ ਬਾਬਾ ਨਾਨਕ ਦੇ ਪ੍ਰਧਾਨ ਵਜੋਂ ਕਸਬੇ ਦੇ ਲੋਕਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਪ੍ਰਧਾਨਗੀ ਕਾਲ ਦੌਰਾਨ ਕਦੇ ਵੀ ਕਿਸੇ ਨੂੰ ਨਿਰਾਸ਼ ਨਹੀਂ ਕੀਤਾ ਅਤੇ ਸਾਰਿਆਂ ਦੇ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਦੇ ਸਨ, ਚਾਹੇ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਕਿਉਂ ਨਾ ਹੋਵੇ। ਉਨ੍ਹਾਂ ਕਿਹਾ ਕਿ ਬਾਊ ਪ੍ਰੇਮ ਸਾਗਰ ਦੇ ਅਸ਼ੀਰਵਾਦ ਸਦਕਾ ਅੱਜ ਉਨ੍ਹਾਂ ਦੇ ਸਪੁੱਤਰ ਰਾਜੇਸ਼ ਕੁਮਾਰ ਬਿੱਟਾ, ਮਹੇਸ਼ ਗੁਪਤਾ ਤੇ ਰਾਜਨ ਗੁਪਤਾ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦੇ ਕਾਰੋਬਾਰ ਦੇ ਨਾਲ ਨਾਲ ਸਮਾਜ ਦੀ ਸੇਵਾ ਕਰ ਰਹੇ ਹਨ। ਇਸ ਮੌਕੇ ਸਾਬਕਾ ਕੌਂਸਲਰ ਹੀਰਾ ਲਾਲ ਜੰਡਿਆਲ ਨੇ ਸ਼ਰਧਾਂਜਲੀ ਦੇਣ ਉਪਰੰਤ ਮਹਾਜਨ ਪਰਿਵਾਰ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜਨੀਤਕ, ਧਾਰਮਿਕ, ਸਮਾਜ ਸੇਵੀ ਆਗੂਆਂ ਤੋਂ ਇਲਾਵਾ ਐਡਵੋਕੇਟ ਬਾਬਾ ਸੁਖਦੀਪ ਸਿੰਘ ਬੇਦੀ, ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਕਾਂਗਰਸੀ ਆਗੂ ਮੁਨੀਸ਼ ਮਹਾਜਨ, ਬਾਬਾ ਰਜਿੰਦਰ ਸਿੰਘ ਬੇਦੀ, ਜਥੇਦਾਰ ਨਿਰਮਲ ਸਿੰਘ ਰੱਤਾ, ਚੇਅਰਮੈਨ ਮਨਮੋਹਨ ਸਿੰਘ ਪੱਖੋਕੇ, ਚੇਅਰਮੈਨ ਅਸ਼ੋਕ ਕੁਮਾਰ ਗੋਗੀ, ਸੁਸ਼ੀਲ ਮਹਾਜਨ, ਜਨਕਰਾਜ ਮਹਾਜਨ, ਗੋਗਾ ਮਹਾਜਨ, ਈਸ਼ਵਰ ਪ੍ਰਕਾਸ਼ ਗੁਪਤਾ, ਸਾਬਕਾ ਜ਼ਿਲਾ ਸਿੱਖਿਆ ਅਫਸਰ ਵਿਨੋਦ ਕੁਮਾਰ ਮੱਤਰੀ, ਕਾਂਗਰਸੀ ਆਗੂ ਮਹਿੰਗਾ ਰਾਮ ਗਰੀਬ, ਕਾਮਰੇਡ ਗੁਲਜ਼ਾਰ ਸਿੰਘ, ਤਰਸੇਮ ਮਹਾਜਨ ਕਲਾਨੌਰ, ਓਮ ਪ੍ਰਕਾਸ਼ ਸਾਬਕਾ ਸਰਪੰਚ ਕਲਾਨੌਰ, ਬਲਵੰਤ ਸਿੰਘ ਸਵਾਮੀ, ਆਸ਼ੂ ਹਾਂਡਾ ਸਾਬਕਾ ਕੌਂਸਲਰ ਫਤਿਹਗੜ੍ਹ ਚੂੜੀਆਂ, ਵਿਨੋਦ ਕਾਲੀਆ ਫਤਿਹਗੜ੍ਹ ਚੂੜੀਆਂ, ਚੇਅਰਮੈਨ ਕੁਲਵੰਤ ਸਿੰਘ ਅਗਵਾਨ, ਐਡਵੋਕੇਟ ਰਸ਼ਪਾਲ ਰੰਧਾਵਾ ਠੇਠਰਕੇ, ਡਾਕਟਰ ਤਰਲੋਚਨ ਸਿੰਘ ਸੋਖੀ, ਰਾਮ ਲੁਭਾਇਆ ਸੈਕਟਰੀ, ਹਰਜੀਤ ਸਿੰਘ ਠੇਠਰਕੇ, ਸੁਰਜੀਤ ਸਿੰਘ ਠੇਠਰਕੇ, ਕਾਂਗਰਸੀ ਆਗੂ ਦਵਿੰਦਰ ਪਾਲ ਸਿੰਘ ਬੇਦੀ, ਪਵਨ ਕੁਮਾਰ ਪੰਮਾ, ਮੱਖਣ ਸਿੰਘ ਸੈਕਟਰੀ, ਡਾਕਟਰ ਮਦਨ ਮੋਹਨ ਮਹਾਜਨ, ਖਰੈਤੀ ਲਾਲ ਮਹਾਜਨ, ਪ੍ਰਿੰਸੀਪਲ ਬਲਦੇਵ ਸਿੰਘ ਰੰਧਾਵਾ, ਚੇਅਰਮੈਨ ਲਾਡੀ ਸਮਰਾ, ਸੁਧੀਰ ਬੇਦੀ, ਅਮਨ ਜੰਡਿਆਲ, ਦੀਪਕ ਸ਼ਰਮਾ, ਸਾਬਕਾ ਕੌਂਸਲਰ ਸੱਤਪਾਲ ਸ਼ੌਂਕੀ, ਸਾਬਕਾ ਕੌਂਸਲਰ ਸੁਨੀਲਾ ਰਾਣੀ ਸਹਿਗਲ, ਪ੍ਰਿੰਸੀਪਲ ਰਾਕੇਸ਼ ਕੁਮਾਰ ਮਹਾਜਨ, ਸਾਬਕਾ ਕੌਂਸਲਰ ਦਲਜੀਤ ਸਿੰਘ ਜੋਸ, ਸਾਬਕਾ ਕੌਂਸਲਰ ਡਾਕਟਰ ਅਸ਼ੋਕ ਸੋਨੀ, ਰਤਨ ਪਾਲ ਮੈਨੇਜਰ, ਬਲਦੇਵ ਰਾਜ ਡਾਇਮੰਡ, ਮਾਸਟਰ ਸਵਿੰਦਰ ਸਿੰਘ, ਜੇਈ ਹਰਜੀਤ ਸਿੰਘ ਜੋਸ, ਜੇਈ ਚੰਦਰ ਮੋਹਨ ਮਹਾਜਨ, ਜੇਈ ਜਸਪਾਲ ਸਿੰਘ ਬੇਦੀ, ਜੇਈ ਬਲਦੇਵ ਰਾਜ, ਬਿੱਟੂ ਸ਼ਰਮਾ, ਡਾ: ਰੂਬੀ ਮਹਿਤਾ, ਪ੍ਰਿੰ: ਹਰਜੀਤ ਸਿੰਘ ਬੇਦੀ, ਅਸ਼ੋਕ ਮਰਵਾਹਾ, ਰਿੰਪੂ ਮਰਵਾਹਾ, ਅਮਿਤ ਮਹਾਜਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚ, ਸੰਮਤੀ ਮੈਂਬਰ, ਜ਼ਿਲਾ ਪ੍ਰੀਸ਼ਦ ਮੈਂਬਰ ਤੇ ਮਹਾਜਨ ਪਰਿਵਾਰ ਦੇ ਰਿਸ਼ਤੇਦਾਰ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ 'ਚ ਤਾਇਨਾਤ ਕੀਤੇ ਪੰਜ ਗਾਈਡ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀ ਦੇਸ਼ ਵਿਦੇਸ਼ ਦੀ ਸੰਗਤ ਨੂੰ ਲੋੜੀਂਦੀ ਜਾਣਕਾਰੀ ਦੇਣ ਲਈ ਪਰਿਕਰਮਾ ਅੰਦਰ ਪੰਜ ਗਾਈਡ ਤਾਇਨਾਤ ਕੀਤੇ ਹਨ। ਬੀਤੇ ਕੁਝ ਦਿਨ ਪਹਿਲਾਂ ਲਗਾਏ ਗਏ ਇਨ੍ਹਾਂ ਕਰਮਚਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਪੰਜਾਬ ਤੋਂ ਬਾਹਰੋਂ ਪੁੱਜਦੀ ਸੰਗਤ ਨੂੰ ਸਿੱਖ ਇਤਿਹਾਸ ਅਤੇ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਇਤਿਹਾਸਕ ਅਸਥਾਨਾਂ, ਰਿਹਾਇਸ਼ ਅਤੇ ਲੰਗਰ ਆਦਿ ਬਾਰੇ ਜਾਣਕਾਰੀ ਦੇਣ ਲਈ ਜ਼ੁੰਮੇਵਾਰੀ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਦਬ-ਸਤਿਕਾਰ ਅਤੇ ਮਰਯਾਦਾ ਬਾਰੇ ਵੀ ਸੰਗਤ ਨੂੰ ਜਾਗਰੂਕ ਕਰਦੇ ਰਹਿਣ ਲਈ ਆਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਨ੍ਹਾਂ ਗਾਈਡਾਂ ਨੂੰ ਮਿਲ ਕੇ ਲੋੜੀਂਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਐਡਵੋਕੇਟ ਧਾਮੀ ਨੇ ਇਨ੍ਹਾਂ ਨੂੰ ਆਖਿਆ ਕਿ ਹਰ ਸ਼ਰਧਾਲੂ ਨੂੰ ਅਦਬ ਸਹਿਤ ਲੋੜੀਂਦੀ ਜਾਣਕਾਰੀ ਦਿੱਤੀ ਜਾਵੇ ਅਤੇ ਸਿੱਖ ਸੱਭਿਆਚਾਰ ਅਤੇ ਮਰਯਾਦਾ ਤੋਂ ਅਣਜਾਣ ਸ਼ਰਧਾਲੂਆਂ ਨੂੰ ਗੁਰੂ ਘਰ ਅੰਦਰ ਸ਼ਰਧਾ ਤੇ ਸਤਿਕਾਰ ਭੇਟ ਕਰਨ ਮੌਕੇ ਇਥੋਂ ਦੀਆਂ ਰਵਾਇਤਾਂ ਅਤੇ ਪ੍ਰੰਪਰਾਵਾਂ ਦਾ ਪਾਲਣ ਕਰਨ ਲਈ ਪ੍ਰੇਰਿਆ ਜਾਵੇ। ਇਸ ਸਬੰਧ ਵਿਚ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੂਰੀ ਦੁਨੀਆਂ ਵਿੱਚੋਂ ਸ਼ਰਧਾਲੂ ਪੁੱਜਦੇ ਹਨ, ਜਿਨ੍ਹਾਂ ਨੂੰ ਇਥੋਂ ਦੀ ਮਰਯਾਦਾ ਅਤੇ ਅਦਬ-ਸਤਿਕਾਰ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਇਥੇ ਸ਼ਰਧਾਲੂਆਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਬਾਰੇ ਜਾਗਰੂਕਤਾ ਦੇ ਮੱਦੇਨਜ਼ਰ ਗਾਈਡ ਤੈਨਾਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਗਾਈਡ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਅਨੁਸਾਰ ਪਹਿਲਾਂ ਤੋਂ ਹੀ ਕਾਰਜਸ਼ੀਲ ਸ੍ਰੀ ਦਰਬਾਰ ਸਾਹਿਬ ਦੇ ਉਨ੍ਹਾਂ ਕਰਮਚਾਰੀਆਂ ਵਿੱਚੋਂ ਚੁਣੇ ਗਏ ਹਨ, ਜਿਨ੍ਹਾਂ ਦੀ ਯੋਗਤਾ ਤਸੱਲੀਬਖ਼ਸ਼ ਹੈ। ਉਨ੍ਹਾਂ ਕਿਹਾ ਕਿ ਇਹ ਗਾਈਡ ਲਗਾਉਣ ਤੋਂ ਬਾਅਦ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ ਅਤੇ ਸੰਗਤਾਂ ਦੀ ਸੰਤੁਸ਼ਟ ਹਨ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਪ੍ਰੀਤਮ ਸਿੰਘ ਮਲਸੀਆਂ, ਓਐੱਸਡੀ ਸਤਬੀਰ ਸਿੰਘ ਧਾਮੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਨਿਸ਼ਾਨ ਸਿੰਘ ਅਤੇ ਬਿਕਰਮਜੀਤ ਸਿੰਘ ਝੰਗੀ ਹਾਜ਼ਰ ਸਨ।

ਗਵਰਨਰ ਪੰਜਾਬ ਵੱਲੋਂ ਬਾਰਡਰ ਰੇਂਜ ਦੇ ਪਿੰਡਾਂ ਦੇ ਸਰਪੰਚਾਂ-ਪੰਚਾਂ ਨਾਲ ਵਿਸ਼ੇਸ਼ ਮੀਟਿੰਗ

ਨਸ਼ਿਆਂ ਦੇ ਖਾਤਮੇ ਲਈ ਪੰਚਾਇਤਾਂ ਨੂੰ ਹੋਰ ਸਰਗਰਮ ਹੋਣ ਲਈ ਕੀਤਾ ਪ੍ਰੇਰਿਤ

ਪਠਾਨਕੋਟ (ਦਵਿੰਦਰ ਸਿੰਘ)-ਦੇਸ਼ ਦੀ ਸੁਰੱਖਿਆ ਪ੍ਰਤੀ ਜਾਗਰੂਕ ਰਹਿਣ ਦੇ ਲਈ ਬਾਰਡਰ ਦੇ ਨਾਲ ਲੱਗਦੇ ਪਿੰਡਾਂ ਦਾ ਜਾਗਰੂਕ ਹੋਣਾ ਬਹੁਤ ਹੀ ਜ਼ਰੂਰੀ ਹੈ ਅਤੇ ਇਸ ਦੇ ਲਈ ਸਮੇਂ ਦੀ ਲੋੜ ਹੈ ਕਿ ਪਿੰਡਾਂ ਅੰਦਰ ਸੁਰੱਖਿਆ ਸਮਿਤੀਆਂ ਗਠਿਤ ਕੀਤੀਆ ਗਈਆਂ ਹਨ ਅਤੇ ਪੰਚਾਂ-ਸਰਪੰਚਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਸ਼ੇ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਇਹ ਪ੍ਰਗਟਾਵਾ ਸ਼੍ਰੀ ਬਨਵਾਰੀ ਲਾਲ ਪਰੋਹਿਤ ਗਵਰਨਰ ਪੰਜਾਬ ਨੇ ਅੱਜ ਪਠਾਨਕੋਟ ਵਿਖੇ ਪੰਡਿਤ ਦੀਨ ਦਿਆਲ ਉਪਾਧਿਆਏ ਆਡੀਟੋਰੀਅਮ ਵਿੱਚ ਜ਼ਿਲ੍ਹਾ ਪਠਾਨਕੋਟ ਅਧੀਨ ਬਾਰਡਰ ਨਾਲ ਲੱਗਦੇ ਪਿੰਡਾਂ ਦੇ ਸਰਪੰਚਾਂ ਅਤੇ ਪੰਚਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਹਿੰਦ-ਪਾਕਿ ਬਾਰਡਰ ਦੇ ਨਾਲ ਲੱਗਦੇ ਪਿੰਡਾਂ ਨਾਲ ਲਗਾਤਾਰ ਸੰਪਰਕ ਬਣਿਆ ਹੋਇਆ ਹੈ। ਪਹਿਲੇ ਦੌਰੇ ਦੌਰਾਨ ਉਨ੍ਹਾਂ ਬਾਰਡਰ ਦੇ ਨਾਲ ਲੱਗਦੇ ਪਿੰਡਾਂ ਵਿੱਚ ਸੁਰੱਖਿਆ ਸਮਿਤੀਆਂ ਬਣਾਉਣ ਦੀ ਅਪੀਲ ਕੀਤੀ ਸੀ ਜਿਸ 'ਤੇ ਕੰਮ ਕਰਦਿਆਂ ਜ਼ਿਲ੍ਹਾ ਪਠਾਨਕੋਟ ਦੇ ਬਾਰਡਰ ਨਾਲ ਲੱਗਦੇ 12 ਪਿੰਡਾਂ ਤੋਂ ਇਲਾਵਾ 44 ਪਿੰਡਾਂ ਅੰਦਰ ਸੁਰੱਖਿਆ ਸਮਿਤੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬਾਰਡਰ ਦੇ ਨਾਲ ਲੱਗਦੇ ਪਿੰਡਾਂ ਦੀਆਂ ਹੱਦਾਂ ਅੰਦਰ ਨਸ਼ੇ ਦਾ ਮੁੱਦਾ ਬਹੁਤ ਵੱਡਾ ਹੈ ਅਤੇ ਤਾਰ ਤੋਂ ਪਾਰ ਦੀ ਕਾਰਵਾਈ ਦੇਸ਼ ਦੇ ਲਈ ਖਤਰਾ ਬਣਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਬਾਰਡਰ ਦੇ ਨਾਲ ਨਾਲ ਪਾਕਿਸਤਾਨ ਵੱਲੋਂ ਨਸ਼ੇ ਦੀ ਸਪਲਾਈ ਜ਼ੋਰ ਫੜਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਜ਼ਿੰਮੇਵਾਰੀ ਨਾਲ ਅਪਣੀ ਡਿਊਟੀ ਨਿਭਾ ਰਹੇ ਹਨ ਪਰ ਹੋਰ ਵੀ ਜ਼ਿਆਦਾ ਜਾਗਰੂਕ ਹੋ ਕੇ ਕੰਮ ਕਰਨ ਦੀ ਲੋੜ ਹੈ। ਅਗਰ ਪਿੰਡਾਂ ਅੰਦਰ ਬਣਾਈਆਂ ਸੁਰੱਖਿਆ ਸਮਿਤੀਆਂ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਸਬੰਧੀ ਜਾਣਕਾਰੀ ਪੁਲਸ ਤੱਕ ਪਹੁੰਚਾਉਂਦੇ ਹਨ ਤਾਂ ਹੋਰ ਵੀ ਜ਼ਿਆਦਾ ਨਸ਼ੇ 'ਤੇ ਠੱਲ ਪਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਬਾਰਡਰ ਦੇ ਨਾਲ ਲੱਗਦੇ 6 ਜ਼ਿਲ੍ਹਿਆਂ ਅੰਦਰ ਇਕ ਲਹਿਰ ਲਿਆਉਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਅਗਰ ਲੋਕ ਜਾਗਰੂਕ ਹੁੰਦੇ ਹਨ ਤਾਂ ਪੰਜਾਬ ਦੇ ਨੌਜਵਾਨਾਂ ਨੂੰ ਨਸ਼ੇ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਜ਼ਰੂਰਤ ਹੈ ਕਿ ਅਸੀਂ ਦੇਸ਼ ਦੀ ਸੁਰੱਖਿਆ ਲਈ ਜਾਗਰੂਕ ਹੋ ਕੇ ਚੱਲੀਏ ਅਤੇ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਬਾਰੇ ਪੁਲਸ ਅਤੇ ਪ੍ਰਸ਼ਾਸਨ ਨੂੰ ਸਰਪੰਚ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਵੇ।

ਸਮਾਗਮ ਦਾ ਸ਼ੁੱਭ ਆਰੰਭ ਸਰਕਾਰੀ ਹਾਈ ਸਕੂਲ ਸੈਲੀ ਕੁੱਲੀਆਂ ਦੀਆਂ ਵਿਦਿਆਰਥਣਾਂ ਵੱਲੋਂ ਰਾਸ਼ਟਰੀ ਗਾਇਨ ਨਾਲ ਕੀਤਾ ਗਿਆ। ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਨੇ ਸਮਾਗਮ ਵਿੱਚ ਹਾਜ਼ਰ ਮਹਿਮਾਨਾਂ ਦਾ ਪਠਾਨਕੋਟ ਪਹੁੰਚਣ 'ਤੇ ਸਵਾਗਤ ਕੀਤਾ। ਸਮਾਰੋਹ ਦੌਰਾਨ ਵਿਜੇ ਕੁਮਾਰ ਜੰਜੂਆ ਮੁੱਖ ਸਕੱਤਰ ਪੰਜਾਬ ਵੱਲੋਂ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ ਅਤੇ ਪੰਜਾਬ ਦੇ ਗੌਰਵਮਈ ਇਤਿਹਾਸ 'ਤੇ ਰੋਸ਼ਨੀ ਪਾਈ ਗਈ। ਸਮਾਰੋਹ ਦੇ ਅੰਤ 'ਚ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਪਠਾਨਕੋਟ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੈ ਕੁਮਾਰ ਜੰਜੂਆ ਮੁੱਖ ਸਕੱਤਰ ਪੰਜਾਬ, ਗੌਰਵ ਯਾਦਵ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ, ਰਾਖੀ ਗੁਪਤਾ ਭੰਡਾਰੀ ਪ੍ਰਿੰਸੀਪਲ ਸੈਕਟਰੀ ਟੂ ਗਵਰਨਰ ਪੰਜਾਬ, ਨੀਲਕੰਠ ਅਵਹਦ ਪ੍ਰਿੰਸੀਪਲ ਸੈਕਟਰੀ ਡਿਪਾਰਟਮੈਂਟ ਆਫ ਪਬਲਿਕ ਵਰਕ, ਮੋਹਨੀਸ ਚਾਵਲਾ ਆਈ. ਜੀ. ਬਾਰਡਰ ਰੇਂਜ ਅੰਮ੍ਰਿਤਸਰ, ਹਰਕਮਲਪ੍ਰੀਤ ਸਿੰਘ ਖੱਖ ਐੱਸਐੱਸਪੀ ਪਠਾਨਕੋਟ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ।

ਰਵਿਦਾਸੀਆ ਧਰਮ ਦੀ ਸਥਾਪਨਾ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗਰੰਥ ਦੇ ਪ੍ਰਕਾਸ਼ ਦਿਵਸ ਦੇ 14ਵੇਂ ਸਾਲ ਮੌਕੇ ਜਲੰਧਰ ਤੋਂ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਵਿਸ਼ੇਸ਼ ਸਪਲੀਮੈਂਟ

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗਰੰਥ ਤੇ ਰਵਿਦਾਸੀਆ ਧਰਮ ਦਾ ਝੰਡਾ ਝੁਲਾਈਏ

ਆਓ, ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦਾ ਆਇਆ ਚੌਦਵਾਂ ਸਾਲ ਤੇ ਸਥਾਪਨਾ ਦਿਵਸ ਰਵਿਦਾਸੀਆ ਧਰਮ ਦਾ ਮਨਾਈਏ,

ਸ੍ਰੀ ਗੁਰੂ ਰਵਿਦਾਸ ਜੀ ਖੁਸ਼ੀਆਂ ਨਾਲ ਭਰ ਝੋਲੀਆਂ, ਜੈਕਾਰੇ ਲਾਈਏ।

'ਐਸੀ ਲਾਲ ਤੁਧ ਬਿਨ ਕਾਉਨ ਕਰੈ....॥'

ਅੱਜ ਤੁਸੀਂ ਸਾਰੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਤੇ ਰਵਿਦਾਸੀਆ ਧਰਮ ਸਥਾਪਨਾ ਦੇ 14ਵੇਂ ਸਾਲ ਨੂੰ ਸ੍ਰੀ ਗੁਰੂ ਰਵਿਦਾਸ ਰਵਿਦਾਸ ਜੀ ਦੇ 646ਵੇਂ ਪ੍ਰਕਾਸ਼ ਦਿਹਾੜਾ ਮਨਾ ਰਹੇ ਹਾਂ। ਰਵਿਦਾਸੀਆ ਧਰਮ ਸਥਾਪਨਾ ਦੇ ਨਾਲ ਹੀ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦਾ ਪ੍ਰਕਾਸ਼ ਕਰਕੇ ਇੱਕ ਵੱਖਰੀ ਕੌਮ ਤੇ ਵੱਖਰੇ ਗ੍ਰੰਥ ਨਾਲ ਪੂਰੀ ਦੁਨੀਆ ਵਿੱਚ ਇਸ ਰਵਿਦਾਸੀਆ ਸਮਾਜ ਦੀ ਵੱਖਰੀ ਪਹਿਚਾਣ ਸੰਤ ਨਿੰਰਜਣ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਸੀਰ ਹਰਗੋਵਰਧਨਪੁਰ ਕਾਸ਼ੀ ਵਿਖੇ ਐਲਾਨ ਕੀਤਾ ਤਾਂ ਪੂਰੀ ਦੁਨੀਆ 'ਚ ਰਹਿਣ ਵਾਲੇ ਇਸ ਵਰਗ ਦੇ ਲੋਕਾਂ ਦਾ ਸਿਰ ਮਾਣ ਨਾਲ ਉਚਾ ਹੋ ਗਿਆ। ਉਹ ਹੁਣ ਕਿਸੇ ਧਰਮ ਦੀ ਈਨ ਨਹੀਂ ਮੰਨਣਗੇ ਤੇ ਬਾਕੀ ਧਰਮ ਦੇ ਠੇਕੇਦਾਰਾਂ ਵੱਲ ਇਸ ਲਈ ਦੇਖਣਗੇ ਕਿ ਉਹ ਉਨ੍ਹਾ ਆਪਣੇ ਧਰਮ 'ਚ ਮਿਲਾ ਲੈਣ ਤਾਂ ਉਨ੍ਹਾ ਦਾ ਉਧਾਰ ਹੋਏਗਾ। ਉਦੋਂ ਤੋਂ ਲੈ ਕਿ ਅੱਜ 2023 ਤੱਕ ਇਸ ਧਰਮ ਦੀ ਪੂਰੀ ਦੁਨੀਆ ਵਿੱਚ ਜੈ-ਜੈ ਕਾਰ ਹੋ ਰਹੀ ਹੈ।

ਇਸ ਵਾਰ ਸ੍ਰੀ ਗੁਰੂ ਰਵਿਦਾਸ ਜੀ ਦਾ 646ਵਾਂ ਪ੍ਰਕਾਸ਼ ਦਿਹਾੜਾ ਵੱਡੇ ਪੱਧਰ 'ਤੇ ਮਨਾਉਣ ਲਈ ਬੇਸਬਰੀ ਨਾਲ 5 ਫਰਵਰੀ ਦਾ ਇੰਤਜਾਰ ਰਵਿਦਾਸੀਆ ਵਰਗ ਕਰ ਰਿਹਾ ਹੈ। ਇਸ ਵਾਰ ਵੀ ਮੈਂ ਆਪਣੇ ਵਰਗ ਦੇ ਲੋਕਾਂ ਦੇ ਦੇਸ਼ ਵਿੱਚ ਹੁੰਦੇ ਇਨ੍ਹਾਂ ਦੇ ਹੱਕਾਂ ਦੇ ਘਾਣ ਤੇ ਇਨ੍ਹਾਂ 'ਤੇ ਹੁੰਦੇ ਅੱਤਿਆਚਾਰਾਂ ਤੇ ਇਨ੍ਹਾਂ ਨੂੰ ਮੌਜੂਦਾ ਸਰਕਾਰਾਂ ਨੇ ਹਰ ਹਰਬਾ ਵਰਤ ਕੇ ਇਨ੍ਹਾਂ ਨੂੰ ਮੁੜ ਤੋਂ ਗੁਲਾਮੀ ਵੱਲ ਧੱਕਣ ਲਈ ਕੀਤੇ ਜਾ ਰਹੇ ਯਤਨਾਂ ਦਾ ਇਸ ਵਰਗ ਨਾਲ ਹੀ ਸਰੋਕਾਰ ਹੈ। ਉਹ ਇਹ ਹਨ ਕਿ 2014 ਤੋਂ ਬਾਅਦ ਪਿੱਛਲੇ 9 ਸਾਲਾਂ ਤੋਂ ਮੌਜੂਦਾ ਕੇਂਦਰ ਦੀ ਸਰਕਾਰ ਨੇ ਇਸ ਵਰਗ ਦੇ ਬਹੁਤ ਸਾਰੇ ਹੱਕਾਂ ਨੂੰ ਖਤਮ ਕਰਨ ਵਿੱਚ ਇੱਕ ਅਹਿਮ ਰੋਲ ਨਿਭਾਇਆ ਹੈ। ਜਿਵੇਂ ਭਾਰਤ ਦੇ ਬਹੁਤ ਸਾਰੇ ਪ੍ਰਦੇਸ਼ਾਂ ਵਿੱਚ ਜਿੱਥੇ ਬੀ ਜੇ ਪੀ ਦੀਆਂ ਸਰਕਾਰਾਂ ਹਨ, ਵਿੱਚ ਇਨ੍ਹਾਂ ਲੱਗਭੱਗ ਕਈ ਹਜ਼ਾਰਾਂ ਸਾਲਾਂ ਤੋਂ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਉਪਰ ਚੁੱਕਣ ਲਈ ਸਾਡੇ ਰਹਿਬਰ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਸਾਹਿਬ ਵੱਲੋਂ ਸਾਰੇ ਵਰਗਾਂ ਨੂੰ ਵੱਧ ਤੇ ਇਸ ਵਰਗ ਨੂੰ ਸੰਵਿਧਾਨ ਬਣਾ ਕੇ 26 ਨਵੰਬਰ 1950 ਨੂੰ ਲਾਗੂ ਸੰਵਿਧਾਨ ਵਿੱਚ ਦਿੱਤੇ। ਅਨੁਸੂਚਿਤ ਵਰਗ ਦੇ ਅਧਿਕਾਰਾਂ ਨੂੰ ਲੱਗਭੱਗ ਪੂਰੀ ਤਰ੍ਹਾਂ ਖਤਮ ਕਰ ਦਿੱਤਾ, ਉਥੇ ਇਨ੍ਹਾਂ ਵਰਗਾਂ ਨੂੰ ਮਿਲੇ ਸਿੱਖਿਆ ਦੇ ਅਧਿਕਾਰਾਂ 'ਤੇ ਡਾਕਾ ਮਾਰਿਆ ਗਿਆ ਹੈ। ਇਨ੍ਹਾਂ ਨੂੰ ਮਿਲਣ ਵਾਲੇ ਨੌਕਰੀਆਂ, ਵਿੱਦਿਆ ਵਿੱਚ ਮਿਲਦੀ ਸਕਾਲਰਸ਼ਿਪ ਤੇ ਨੌਕਰੀਆਂ 'ਚ ਰਾਖਵਾਂਕਰਨ ਨੂੰ ਖਤਮ ਹੀ ਕਰ ਦਿੱਤਾ ਹੈ। ਇਸ ਕੱਟੜ ਹਿੰਦੂਵਾਦੀ ਸਰਕਾਰ ਨੇ ਸਾਰੇ ਵਰਗਾਂ ਦਾ ਆਪਣੇ ਚੱਲ ਰਹੇ ਰਾਜ ਵਿੱਚ ਜਿਉਣਾ ਮੁਹਾਲ ਕਰ ਦਿੱਤਾ ਹੈ। ਜਿਨ੍ਹਾਂ ਸਰਕਾਰੀਆਂ ਅਦਾਰਿਆਂ ਵਿੱਚ ਰਵਿਦਾਸੀਆ ਵਰਗ ਤੇ ਹੋਰ ਐੱਸ ਸੀ/ ਐੱਸ ਟੀ ਵਰਗ ਤੇ ਓ ਬੀ ਸੀ ਵਰਗ ਨੂੰ ਨੌਕਰੀਆਂ ਮਿਲਣੀਆਂ ਸਨ, ਉਨ੍ਹਾਂ ਵਿੱਚ ਕਾਰਪੋਰੇਟ ਘਰਾਣਿਆਂ ਵਿਚਲੀਆਂ ਕੰਪਨੀਆ 'ਚੋਂ ਲਿਆ ਕੇ ਬਿਨ੍ਹਾਂ ਕਿਸੇ ਲਿਖਤੀ ਪ੍ਰੀਖਿਆ ਤੋਂ ਸਿਖਰਲੀ ਕੁਰਸੀ 'ਤੇ ਬਿਠਾਅ ਦਿੱਤਾ ਹੈ, ਜਿਸ ਕਰਕੇ ਇਨ੍ਹਾਂ ਸੀਟਾਂ 'ਤੇ ਬੈਠੇ ਚਾਲਬਾਜ਼ ਸ਼ਾਤਿਰ ਸੈਕਟਰੀ, ਅੰਡਰ ਸੈਕਟਰੀ ਪੱਧਰ 'ਤੇ ਭਾਜਪਾ ਵੱਲੋਂ ਥੋਪੇ ਅਧਿਕਾਰੀ ਇਸ ਐੱਸ ਸੀ/ ਐੱਸ ਟੀ ਵਰਗ, ਓ ਬੀ ਸੀ ਤੇ ਬੀ ਸੀ ਵਰਗ ਦੇ ਲੋਕਾਂ ਨੂੰ ਇਹ ਕਹਿ ਕੇ ਇੱਥੋਂ ਦੀਆਂ ਨੌਕਰੀਆਂ ਤੋਂ ਬਾਹਰ ਦਾ ਰਸਤਾ ਦਿਖਾ ਰਹੇ ਹਨ। ਇਹਨਾਂ ਵਰਗਾਂ ਵਿੱਚ ਇਸ ਅਹੁਦੇ ਲਾਇਕ ਕੋਈ ਵੀ ਵਿਅਕਤੀ ਨਹੀ ਹੈ। ਜਿਸ ਤਰ੍ਹਾਂ ਪੰਜਾਬ ਵਿੱਚ ਬਣੀ 16 ਮਾਰਚ 2022 ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਪੰਜਾਬ ਸਰਕਾਰ ਵੱਲੋਂ ਆਪਣੀ ਸਰਕਾਰ ਵਿੱਚ ਲਾਏ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸੰਧੂ ਵੱਲੋਂ ਹਾਈ ਕੋਰਟ ਵਿੱਚ ਇੱਕ ਹਲਫਨਾਮਾ ਦਾਇਰ ਕਰਕੇ ਇਹ ਕਿਹਾ ਕਿ ਪੰਜਾਬ ਸਰਕਾਰ ਦੇ ਇੱਸ ਐਡਵੋਕੇਟ ਜਨਰਲ ਦਫਤਰ ਵਿੱਚ ਐਡਵੋਕੇਟ ਜਨਰਲ ਤੇ ਸਹਾਇਕ ਐਡਵੋਕੇਟ ਜਨਰਲ ਬਣਨ ਦੇ ਕਾਬਿਲ ਐੱਸ ਸੀ, ਐੱਸ ਟੀ, ਓ ਬੀ ਸੀ ਤੇ ਬੀ ਸੀ ਵਰਗ ਵਿੱਚ ਕੋਈ ਯੋਗ ਉਮੀਦਵਾਰ ਹੀ ਨਹੀਂ ਹੈ, ਇਸ ਲਈ ਇਹ ਪੋਸਟਾਂ ਹੋਰ ਵਰਗਾਂ ਵਿੱਚੋਂ ਭਰੀਆ ਜਾਣ। ਜਦੋਂ ਇਸ ਦਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਰਾਜ ਦੌਰਾਨ ਪੰਜਾਬ ਵਿੱਚ ਰਹਿਣ ਵਾਲੇ ਐੱਸ ਸੀ, ਐੱਸ ਟੀ ਵਰਗ ਦੀ 34 ਪ੍ਰਤੀਸ਼ਤ ਗਿਣਤੀ ਨੇ ਪੂਰੇ ਪੰਜਾਬ ਸਮੇਤ ਭਾਰਤ ਵਿੱਚ ਵਿਰੋਧ ਕੀਤਾ ਤਾਂ ਮਾਨ ਸਰਕਾਰ ਦੀ ਨੀਂਦ ਟੁੱਟੀ ਤਾਂ ਅਨਮੋਲ ਰਤਨ ਸਿੰਘ ਸੰਧੂ ਨੂੰ ਉਸ ਦੇ ਪੰਜਾਬ ਦੇ ਐਡਵੋਕੇਟ ਜਨਰਲ ਦੇ ਅਹੁਦੇ ਤੋਂ ਚਲਦਾ ਕਰਨ ਲਈ ਮਜਬੂਰ ਹੋਣਾ ਪਿਆ। ਕੇਂਦਰ ਸਰਕਾਰ ਨੇ ਆਉਣ ਵਾਲੇ ਸਿੱਖਿਆ ਸੈਸ਼ਨ ਵਿੱਚ ਜਿਹੜੀ ਪਹਿਲਾਂ ਗਰੈਜੂਏਸ਼ਨ ਤਿੰਨ ਸਾਲਾਂ ਵਿੱਚ ਪੂਰੀ ਕਰਕੇ ਇਸ (• ਬਾਕੀ ਸਫ਼ਾ 8 'ਤੇ)

ਸੁਰਿੰਦਰ ਕੁਮਾਰ ਬੱਫ਼ਪੱਗਾ
ਪੱਤਰਕਾਰ ਰੋਜ਼ਾਨਾ 'ਨਵਾਂ ਜ਼ਮਾਨਾ' ਜਲੰਧਰ
ਮੈਨੂੰ ਮਿਲਣ ਲਈ ਮਿਲਾਓ-
85287-18653, 98881-57138
surinderkumar977@gmail.com
skreporter09@gmail.com

'ਨਵਾਂ ਜ਼ਮਾਨਾ' ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 14ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ | ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ | ਰਵਿਦਾਸੀਆ ਧਰਮ ਦੇ (ਅਮਰ ਸ਼ਹੀਦ) ਸ੍ਰੀ 108 ਸੰਤ ਰਾਮਾ ਨੰਦ ਦਾਸ ਜੀ | ਬ੍ਰਹਮਲੀਨ ਸ੍ਰੀ 108 ਸੰਤ ਹਰੀ ਦਾਸ ਜੀ | ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ | ਡਾ. ਬੀ ਆਰ ਅੰਬੇਡਕਰ | ਮਨੋਹਰ ਲਾਲ ਅਗਰਵਾਲ | ਅਨੀਸ਼ ਅੱਗਰਵਾਲ | ਨਿਤਿਨ ਅਗਰਵਾਲ | ਕਨਿਸ਼ਾ ਅਗਰਵਾਲ | ਰਿਸ਼ਿਕ ਅਗਰਵਾਲ | ਰਵੀ ਕੁਮਾਰ ਤੇ ਪ੍ਰੀਤੀ ਬਡ਼ਪੱਗਾ, ਲੁਧਿਆਣਾ | ਠੇਕੇਦਾਰ ਰਵਿੰਦਰ ਕੁਮਾਰ ਪੰਬੀ | ਵਰਿੰਦਰ ਖੇੜਾ | ਕਮਲੇਸ਼ ਖੇੜਾ | ਸੋਨੀਆ ਬਨੋਤਰਾ ਅਧਿਆਪਕ | ਰੁਪਿੰਦਰ ਮਿਨਹਾਸ ਡੀ ਐਸ ਓ, ਨਵਾਂ ਸ਼ਹਿਰ

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 14ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

Jalandhar
Hungry kya
100 % Pure Veg
Pizza, Burger, S M L, Sandwich, Soya Chaap
Home Delivery Also Available in Eboyo and Swiggy
ਅਮਰੀਕ ਸਿੰਘ, ਰਾਮਾ ਮੰਡੀ | ਹਰਮੀਨ ਕੌਰ | ਸਾਹਿਬਕੀਰਤ ਸਿੰਘ | ਗੁਰਵਿੰਦਰ ਸਿੰਘ, ਰਾਮਾ ਮੰਡੀ
Rama Mandi Hoshiapur Road, Jalandhar
Also Available Tiffn Service, Zomato & Swiggy Cont : 75269-33330, 97813-91333

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 14ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

ਮੰਗਲ ਰਾਮ ਮਹਿਰਾ ਪ੍ਰਧਾਨ | ਹਰੀ ਕ੍ਰਿਸ਼ਨ ਗੁਲਾਟੀ ਸਬਜ਼ੀ ਮੰਡੀ, ਆਦਮਪੁਰ | ਪ੍ਰਿੰਸ ਗੁਲਾਟੀ ਸਬਜ਼ੀ ਮੰਡੀ, ਆਦਮਪੁਰ | ਪ੍ਰਤੀਕ ਗੁਲਾਟੀ ਆਦਮਪੁਰ
GULATI BROTHERS
FRUITS & VEGETABLES COMMISSION AGENT
Pal Gulati 98769-42735, Synny Gulati 90416-56961

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀਦੇ 646ਵੇਂ ਪ੍ਰਗਟ ਦਿਵਸ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਐਡਵੋਕੇਟ ਜਸਪ੍ਰੀਤ ਸਿੰਘ ਭੱਲਾ ਲੁਧਿਆਣਾ | ਰਜੀਵ ਗਰਗ ਐਡਵੋਕੇਟ

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 14ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

R.K. HANDA DAIRY

ਗੌਰਵ ਹਾਂਡਾ | ਆਰ ਕੇ ਹਾਂਡਾ
MILAP ROAD, JALANDHAR CITY
Ph.: 0181-2226985 (M) 98720-18446

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 14ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

ਬਲਵੰਤ ਰਾਏ, ਮਹਿੰਦਰ ਕੌਰ ਬੜਪੱਗਾ ਸੁਭਾਸ਼ ਨਗਰ, ਰਾਹੋਂ ਰੋਡ ਲੁਧਿਆਣਾ | ਸੁਦੇਸ਼ ਕੁਮਾਰ ਰਿੰਕੂ, ਨਵਨੀਤ ਕੌਰ ਨੀਤੂ ਬੜਪੱਗਾ ਸੁਭਾਸ਼ ਨਗਰ, ਰਾਹੋਂ ਰੋਡ, ਲੁਧਿਆਣਾ | ਅਰਸ਼ਿਤਾ, ਅਨਿਸ਼, ਹਿਤਨ ਕੁਮਾਰ, ਅਰਮਾਨ, ਰਿਧੀ, ਪਰਵੀਨ ਕੁਮਾਰ, ਪਾਰਸ ਕੁਮਾਰ ਬੜਪੱਗਾ ਫੈਮਲੀ, ਲੁਧਿਆਣਾ | ਲੱਕੀ, ਕੇਸ਼ਵ ਕੁਮਾਰ, ਸਪਨਾ ਰਾਣੀ ਬੜਪੱਗਾ, ਤਿਲਕ ਨਗਰ ਲੁਧਿਆਣਾ | ਕਮਲ ਕੁਮਾਰ, ਅਨੀਸ਼, ਰੀਟਾ ਰਾਣੀ, ਤੁਸ਼ਾਰ ਬੜਪੱਗਾ ਤਿਲਕ ਨਗਰ ਰਾਹੋਂ ਰੋਡ, ਲੁਧਿਆਣਾ

ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀਦੇ 646ਵੇਂ ਪ੍ਰਗਟ ਦਿਵਸ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ
Sunshine Dental Care
Dr. Sohalpreet Khera (Dental Surgeon) (MIDA)
ਡਾ. ਸੋਹਲਪ੍ਰੀਤ ਖੇੜਾ ਸਨਸ਼ਾਇਨ ਡੈਂਟਲ ਕੇਅਰ
M: 98141-85905, 92053-17137

Late Dr. Pardeep Verma | Dr. (Mrs.) Bobby Verma | Dr. Pria Varma MBBS
ਅਰਮਾਨ (ਨੱਕ-ਕੰਨ-ਗਲਾ ਤੇ ਡਾਇਬਟਿਕ ਕੇਅਰ)
Facilites, Available : All ENT Surgeries, Functional Endoscopic Sinus Surgery, Microscopic Ear Surgeries, Voice Clinic, Early Detection of Cancer of Head & neck Surgeries, Audiometry/Hearing Aid Disposal, Foreign Body Romoval, Padiatric ENT Problems, Speed Therapy, Diabetes, Screening, Education Diet & Treatment.
ਡਾ. ਸੁਮਿਤ ਬੌਬੀ ਵਰਮਾ, ਐਮ ਬੀ ਬੀ ਐਸ ਡੀ ਐਨ ਡੀ ਐਲਬੀ, ਸਾਬਕਾ ਰਜਿਸਟਰਾਰ ਸਰਕਾਰੀ ਈ ਐਨ ਟੀ ਹਸਪਤਾਲ ਓਸਮਾਨਿਆ ਮੈਡੀਕਲ ਕਾਲਜ, ਹੈਦਰਾਬਾਦ, ਸਾਬਕਾ ਰਜਿਸਟਰਾਜ ਡੀ ਐਮ ਸੀ ਲੁਧਿਆਣਾ, ਕੰਸਲਟੈਂਟ ਸੈਕਟਰ ਹਾਰਟ ਹਸਪਤਾਲ, ਮਕਸੂਦਾਂ ਜਲੰਧਰ
Tanda Road, Opp. K.M.V. College, Jalandahr City Ph. (C) 0181-2291940, Moblie 93161-49141

ਨਵਾਂ ਜ਼ਮਾਨਾ ਦੇ ਪੱਤਰਕਾਰ ਸੁਰਿੰਦਰ ਕੁਮਾਰ ਵੱਲੋਂ ਰਵਿਦਾਸੀਆ ਧਰਮ ਦੀ ਸਥਾਪਨਾ ਦਿਵਸ 'ਤੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਗ੍ਰੰਥ ਦੇ 14ਵੇਂ ਸਾਲ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਦੁਨੀਆ 'ਚ ਰਹਿੰਦੇ ਰਵਿਦਾਸੀਆ ਸਮਾਜ ਨੂੰ ਲੱਖ-ਲੱਖ ਵਧਾਈ

ਸੁਰਿੰਦਰਪਾਲ ਸਿੰਘ DSP crime against property Jal (R) | ਸ੍ਰੀਮਤੀ ਰਾਜਵਿੰਦਰ ਕੌਰ | ਐਡਵੋਕੇਟ ਬਲਰਾਜ ਸਿੰਘ ਕਾਹਲੋਂ ਜਲੰਧਰ | ਸਿਦਮਨ ਸਿੰਘ ਕਾਹਲੋਂ | ਨਿਸਚੇਜੀਤ ਸਿੰਘ ਕਾਹਲੋਂ

Rakesh Kumar (Sarpanch Kahanpur) | Raman Kumar Kahanpur | Pawan Kumar Kahanpur
Sahota Indane
Park Avenue, Deep Nagar, Jalandhar Cantt.
Ph. 0181-2263400, 5047947
Mob. 98784-47947, 98158-47947
Email : sahotaindanegas47@gmail.com

ਗੁਰਵਿੰਦਰਜੀਤ ਸਿੰਘ | ਸ਼ਕੀਲ ਅਹਿਮਦ | ਸੁਰਜੀਤ | ਡਾ. ਨਿਸ਼ਾਂਤ ਮਿਨਹਾਸ | ਤਰਲੋਕ ਸਿੰਘ ਰੇਰੂ

Govt. Lic. No. 749/ALC-4/LA/FN:926
DASS Visa Consultant
ਇੱਥੇ U.K. Embassy ਦੇ ਫਾਰਮ ਭਰੇ ਜਾਂਦੇ ਹਨ ਤੇ ਫਾਈਲ ਤਿਆਰ ਕੀਤੀ ਜਾਂਦੀ ਹੈ।
Passport Appointment, Family Visitor Visa, UK Form Filling, File Preparation, UK, Canda,Europe & U.S.A Appointments & Refusal File, Travel Insurance, Air Ticket & Hotel Booking
Off. No. 5 Basement Alfa Esate Building, Near UK Embassy, Opp. Bus Stand, Jalandhar, Email: dass.visa@gmail.com
ਤੁਲਸੀ ਦਾਸ
Mob. 98724-24465

ਹਰਮਨਜੋਤ ਸਿੰਘ ਪਾਲ, ਪਲਕ ਪਾਲ (ਲੁਧਿਆਣਾ)

ਮਨਜੀਤ ਕੌਰ ਪਾਲ ਐਮ ਡੀ | ਸੁਨੀਤਾ ਬੜਪੱਗਾ

ਸੁਮਨ ਸ਼ਰਮਾ | ਜੀਵਨ ਕੁਮਾਰ ਸ਼ਰਮਾ

ਐਡਵੋਕੇਟ ਗੁਰਪ੍ਰੀਤ ਖੇੜਾ | ਪਵਿੱਤਰ ਸਿੰਘ ਜੌੜਾ | ਜੋਗਿੰਦਰ ਪਾਲ

B.S. ENGG. WORKS
Manufacturers, Traders & General Order Suppliers
C.I. Sluice Valves, N.R. Valves Butterfly Valves & Full Range of Water Work Fitting
Hargobind Nagar, Village Nurpur, Near Water Tank, Jalandhar
Email Bootasingh1511956@gmail.com
ਐਸ ਬੂਟਾ ਸਿੰਘ | ਸਰਬਜੀਤ ਕੌਰ
Mob. 94176-33236

ਤੇਜਵੀਰ ਸਿੰਘ ਸੋਢੀ ਬਰਾਂਚ ਹੈਡ, ਜਲੰਧਰ | ਰੇਸ਼ਮ ਸਾਬਕਾ ਸਰਪੰਚ, ਰਾਓਵਾਲੀ | ਦਲਜਿੰਦਰ ਕੌਰ ਸਾਬਕਾ ਸਰਪੰਚ, ਰਾਓਵਾਲੀ | ਅਵਤਾਰ ਸਿੰਘ ਸੀ ਆਈ ਡੀ ਜਲੰਧਰ | ਜੋਗਿੰਦਰਪਾਲ ਬੜਪੱਗਾ ਪੁਲਿਸ ਤਿਲਕ ਨਗਰ, ਲੁਧਿਆਣਾ

(ਬੜਪੱਗਾ ਫੈਮਿਲੀ) ਕੇਸ਼ਵ ਕੁਮਾਰ ਕੌਸ਼ਲ, ਅਸ਼ੋਕ ਕੁਮਾਰ, ਤਬੀਸ਼ੇਕ, ਓਨੀਕਯੂਨੀਕ, ਬਲਵਿੰਦਰ ਕੁਮਾਰ ਰਵੀ

VINAY SIMAR
SALES MANAGER
98157-73035,98157-80583
Star Health and Allied Insurance Co. Ltd
Branch Office, EH 198, 2nd Floor, Nirmal Comples, G.T. Road, Jalandhar. Ph. 0181-4606268, 46-6270
Email. vsimaraj@gmail.com

ਚੰਡੀਗੜ੍ਹ ਵਿਖੇ ਡੇਰਾ ਸੱਚਖੰਡ ਬੱਲਾਂ ਤੋਂ ਸੰਤ ਮਨਦੀਪ ਦਾਸ ਕਮੇਟੀ ਮੈਂਬਰ, ਐਮ .ਐਲ.ਏ ਬਲਕਾਰ ਸਿੰਘ, ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ ਤੇ ਐਮ.ਐਲ.ਏ ਚਰਨਜੀਤ ਸਿੰਘ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ 'ਤੇ ਜਲੰਧਰ ਤੋਂ ਕਾਸ਼ੀ (ਬਨਾਰਸ) ਜਾਣ ਵਾਲੀ ਟਰੇਨ ਦੀ ਰਵਾਨਗੀ ਸਮੇਂ 2 ਤਰੀਕ ਨੂੰ ਜਲੰਧਰ ਵਿਖੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਦਿੰਦੇ ਹੋਏ।

(ਫੋਟੋ ਤੇ ਵੇਰਵਾ : ਗੁਰਪ੍ਰੀਤ ਸਿੰਘ ਭੋਗਲ)

ਸੰਤ ਪ੍ਰੇਮ ਦਾਸ ਦੇ ਬਰਸੀ ਸਮਾਗਮ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਸ਼ਰਧਾਪੂਰਵਕ ਮਨਾਏ

ਹੁਸ਼ਿਆਰਪੁਰ (ਓ ਪੀ ਰਾਣਾ)

ਸ਼ਾਂਤੀ ਦੇ ਪੁੰਜ,ਬ੍ਰਹਮਲੀਨ ਸੰਤ ਪ੍ਰੇਮ ਦਾਸ ਜੀ ਦੇ ਬਰਸੀ ਸਮਾਗਮ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਮੌਜੂਦਾ ਸੰਚਾਲਕ ਸੰਤ ਸਰਵਣ ਦਾਸ ਦੀ ਅਗਵਾਈ ਹੇਠ ਬੜੀ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸੰਤ ਸਮਾਗਮ ਅਤੇ ਕੀਰਤਨ ਦੇ ਦੀਵਾਨ ਸਜਾਏ ਗਏ।

ਇਸ ਸਮੇਂ ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਆਦਿ ਧਰਮ ਗੁਰੂ ਸੰਤ ਸਰਵਣ ਦਾਸ ਰਾਸ਼ਟਰੀ ਪ੍ਰਧਾਨ ਆਦਿ ਧਰਮ ਸਾਧੂ ਸਮਾਜ,ਸੰਤ ਪਰਮਜੀਤ ਦਾਸ ਨਗਰ,ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਧਰਮਪਾਲ ਸ਼ੇਰਗੜ, ਸੰਤ ਬਲਵੰਤ ਸਿੰਘ ਡੀਗਰੀਆਂ,ਮਹੰਤ ਪਰਸ਼ੋਤਮ ਲਾਲ ਚੱਕ ਹਕੀਮ,ਸੰਤ ਹਰੀ ਕਿਸ਼ਨ ਸਿੰਘ ਸੋਢੀ,ਸੰਤ ਸਤਨਾਮ ਦਾਸ ਵਿਛੋਹੀ,ਸੰਤ ਟਹਿਲ ਦਾਸ ਫਗਵਾੜਾ, ਸੰਤ ਰਜੇਸ਼ ਦਾਸ ਬਜਵਾੜਾ, ਜਥੇਦਾਰ ਗੁਰਦੇਵ ਸਿੰਘ ਮੁਖੀ ਸਾਹਿਬਜਾਦਾ ਫਤਿਹ ਸਿੰਘ ਤਰਨਾ ਦਲ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਪ੍ਰਮੇਸ਼ਵਰੀ ਦਾਸ ਸੇਖੈ, ਸੰਤ ਸੰਤ ਸੰਤੋਖ ਦਾਸ ਭਾਰਟਾ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਸੰਤ ਨਿਰੰਜਨ ਦਾਸ, ਸੰਤ ਦਿਨੇਸ਼ ਗਿਰ, ਸੰਤ ਗੁਰਮੇਲ ਦਾਸ, ਰਾਗੀ ਜਥੇ ਭਾਈ ਸਾਹਿਬ ਸਿੰਘ ਬਜਵਾੜਾ, ਗੁਰਮੇਲ ਸਿੰਘ ਰਾਜਪੁਰਾ ਭਾਈਆਂ,ਲਵਪ੍ਰੀਤ ਲੱਭਾ ਦੇ ਜਥਿਆਂ ਨੇ ਕੀਰਤਨ ਕਥਾ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਸਰਵਣ ਦਾਸ ਜੀ ਵਲੋਂ ਸੰਤਾਂ, ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਅਤੇ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸਖਸ਼ੀਅਤਾਂ ਨੂੰ ਸਿਰਪਾਓ ਭੇਟ ਕਰਕੇ ਵਿਸ਼ੇਸ਼ ਸਨਮਾਨਿਤ ਕੀਤਾ। ਸਟੇਜ ਸਕੱਤਰ ਦੀ ਸੇਵਾ ਓਮ ਪ੍ਰਕਾਸ਼ ਰਾਣਾ ਨੇ ਨਿਭਾਈ। ਇਸ ਮੌਕੇ ਰਜਿੰਦਰ ਕੁਮਾਰ ਭਾਟੀਆ, ਇੰਜ.ਮਨਰੂਪ ਸਿੰਘ, ਡਾ. ਜਸਵੰਤ ਥਿੰਦ, ਕੁਲਵੰਤ ਰਾਏ,ਲੰਬੜਦਾਰ ਬ੍ਰਿਜ ਲਾਲ, ਲੰਬੜਦਾਰ ਹਰਭਜਨ ਕਰਾੜੀ, ਯੋਗ ਰਾਜ ਚੋਪੜਾ, ਰਤਨ ਚੰਦ ਪਿੱਪਲਾਂਵਾਲਾ, ਗਿਆਨੀ ਰਵਿੰਦਰ ਸਿੰਘ, ਗਿਆਨੀ ਦਲਜੀਤ ਸਿੰਘ,ਜੋਲੀ ਸਿੰਘ, ਭਿੰਦਾ ਬੋਹਣ, ਹਰਿਸ਼, ਅਸ਼ੋਕ ਬੱਧਣ,ਸੋਨੂੰ ਪ੍ਰਧਾਨ ਬੋਹਣ, ਹੈਰੀ, ਅਜੇ ਕੁਮਾਰ ਵੀ ਹਾਜਰ ਸਨ।

ਸੀ ਟੀ ਗਰੁੱਪ ਨੇ ਰਾਸ਼ਟਰੀ ਮੱਤਦਾਨ ਦਿਵਸ ਮਨਾਇਆ

ਜਲੰਧਰ (ਸ਼ੈਲੀ ਐਲਬਰਟ)-ਸੀਟੀ ਇੰਸਟੀਟਿਊਟ ਆਫ ਲਾ ਨੇ ਨਥਿੰਗ ਲਾਈਕਿੰਗ ਥੀਮ 'ਤੇ ਰਾਸ਼ਟਰੀ ਮੱਤਦਾਨ ਦਿਵਸ ਮਨਾਇਆ।ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ ਦੇ ਉਪਲਕਸ਼ਯ ਦੇ ਭਾਸ਼ਣ ਮੁਕਾਬਲਿਆਂ ਵਿੱਚ ਭਾਗ ਲਿਆ।ਇਸ ਦਿਨ ਨੂੰ ਮਨਾਨੇ ਦਾ ਵਿਦਿਆਰਥੀ ਦਾ ਉਨ੍ਹਾਂ ਦੇ ਵਿਚਾਰ ਦਾ ਪ੍ਰਤੀਕ ਸਮਝਣਾ ਸੀ। ਵਿਦਿਆਰਥੀਆਂ ਨੇ ਨੁੱਕੜ ਨਾਟਕ ਵੀ ਹਮਲਾ ਅਤੇ ਪਾਲਾਨੇ ਕੇ ਮਾਧਿਅਮ ਤੋਂ ਨੌਜਵਾਨ ਨੂੰ ਆਪਣੇ ਹੱਥਾਂ ਵਿੱਚ ਹਥਿਆਰਾਂ ਬਾਰੇ ਦੱਸਿਆ। ਇਸ ਦੌਰਾਨ ਭਾਸ਼ਣ ਮੁਕਾਬਲੇਬਾਜ਼ੀ ਦੀ ਚਰਚਾ ਵੀ ਕੀਤੀ ਗਈ ਜੋ ਕਿ ਨਾਥਿੰਗ ਲਾਈਕਿੰਗ ਆਈ ਲਈ ਸ਼ੋਰਮ ਤੇ ਆਧਾਰਿਤ ਥੀਮ ਸੀ ਜਿਸ ਵਿੱਚ ਅਰਸ਼ਨ ਨੇ ਪਹਿਲਾ, ਨੇਹਾ ਨੇ ਦੂਜਾ ਅਤੇ ਵਿੱਚ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਸਵਾਲ ਦੇ ਚਲਦੇ ਸਾਰੇ ਨੇ ਮੱਤਦਾਨ ਦਿਵਸ ਪਰ ਬਿਆਨ ਵੀ ਲਿਆ। ਐਡਵੋ ਮਧੂ ਰਚਨਾ ਜੋ ਸਮਾਜਿਕ ਕਾਰਜਕਰਤਾ ਹਨ ਉਹ ਵਿਦਿਆਰਥੀ ਨੂੰ ਆਪਣੇ ਅਧਿਕਾਰ ਦੀ ਵਰਤੋਂ ਕਰਨ ਲਈ ਸਲਾਹਕਾਰ ਬਣਾਉਣ ਲਈ ਸਮਾਜ ਨੂੰ ਬਿਹਤਰ ਬਣਾ ਸਕਦੇ ਹਨ। ਐਡਵੋਕੇਟ ਹਸਤੀ ਭੱਠਾ, ਜੋ ਜਿਲਾ ਬਾਰ ਐਸੋਸੀਏਸ਼ਨ ਜਾਲੰਧਰ ਦੇ ਪੂਰਵ ਸੰਯੁਕਤ ਸਕੱਤਰ ਨੇ ਇਸ ਮੌਕੇ ਤੇ ਸਨਮਾਨਿਤ ਮਹਿਮਾਨ ਦੇ ਰੂਪ ਵਿੱਚ ਸ਼ਿਰਕਤ ਦੀ ਅਤੇ ਵਿਦਿਆਰਥੀਆਂ ਨੂੰ ਉਹਨਾਂ ਦੀ ਕੀਮਤ ਤੋਂ ਅਵਗਤ ਕੀਤਾ । ਸੀਟੀ ਇੰਸਟੀਟਿਊਟ ਆਫ ਲਾ ਦੇ ਪ੍ਰਿੰਸਿਪਲ ਡਾ. ਕੌਰ ਨੇ ਵਿਦਿਆਰਥੀ ਕੋਯੁਗਦੀਪ ਭਾਰਤ ਵਿੱਚ ਇਸ ਤਰ੍ਹਾਂ ਦੇ ਬਹੁਤ ਸਾਰੇ ਲੋਕ ਜੋ ਨਿਰਕਸ਼ਤਾ ਅਤੇ ਗਰੀਬੀ ਦੇ ਕਾਰਨ ਆਪਣੇ ਆਪ ਨੂੰ ਅਨਜਾਨ ਦਿੰਦੇ ਹਨ ਪਰ ਸਮਾਜ ਦਾ ਸ਼ਿਕਸ਼ਤ ਵਰਗ ਪੈਦਾ ਹੁੰਦਾ ਹੈ ਜੋ ਨੌਜਵਾਨ ਦਾ ਰਿਸ਼ਤਾ ਪੈਦਾ ਕਰਦਾ ਹੈ ਇਹ ਪ੍ਰਮੁੱਖ ਕਾਰਜ ਹੈ।

ਸੰਗਰੂਰ ਮਹਾਂ ਰੈਲੀ 'ਚ ਪੈਨਸ਼ਨਰਾਂ ਵੱਲੋਂ ਵੱਧ ਚੜ੍ਹ ਕੇ ਸ਼ਾਮਲ ਹੋਣ 'ਤੇ ਧੰਨਵਾਦ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ) - ਪੰਜਾਬ ਪੈਨਸ਼ਨਰਜ਼ ਯੂਨੀਅਨ (ਰਜਿ.) ਏਟਕ ਦੇ ਸਰਪ੍ਰਸਤ ਚਰਨ ਸਿੰਘ ਸਰਾਭਾ, ਚੇਅਰਮੈਨ ਗੁਰਦੀਪ ਸਿੰਘ ਮੋਤੀ, ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਮੁੱਖ ਜੱਥੇਬੰਦਕ ਸਕੱਤਰ ਜਗਦੀਸ਼ ਸਿੰਘ ਚਾਹਲ, ਜਨਰਲ ਸਕੱਤਰ ਅਵਤਾਰ ਸਿੰਘ ਗਗੜਾ, ਪਾਵਰ ਐਂਡ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਦੇ ਪ੍ਰਧਾਨ ਰਾਧੇ ਸ਼ਿਆਮ, ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ, ਸਕੱਤਰ ਐਸ ਪੀ ਸਿੰਘ, ਪੀ ਏ ਯੂ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਡੀ ਪੀ ਮੌੜ, ਜਨਰਲ ਸਕੱਤਰ ਜੇ ਐੱਲ ਨਾਰੰਗ ਪੈਨਸ਼ਨਰਜ਼ ਭਾਈਚਾਰਾ ਪੀ ਆਰ ਟੀ ਸੀ ਖਲੀਲ ਮੁਹੰਮਦ, ਉੱਤਮ ਸਿੰਘ ਬਾਗੜੀ ਨੇ ਸਾਂਝੇ ਬਿਆਨ 'ਚ 29 ਜਨਵਰੀ ਦੇ ਸੰਗਰੂਰ ਮਹਾਂਰੈਲੀ ਵਿੱਚ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਇਸ ਮਹਾਂਰੈਲੀ ਵਿੱਚ ਅਜਿਹੇ ਪੈਨਸ਼ਨਰਜ਼ ਵੀ ਸ਼ਾਮਲ ਹੋਏ ਜਿਹੜੇ ਖੂੰਡੀ ਦੀ ਸਹਾਇਤਾ ਨਾਲ ਚੱਲ ਰਹੇ ਸਨ। ਇਸ ਰੈਲੀ ਨੂੰ ਕਾਮਯਾਬ ਕਰਨ ਵਿੱਚ ਪੈਨਸ਼ਨਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

ਗੁਰਦੀਪ ਸਿੰਘ ਮੋਤੀ | ਗੁਰਮੇਲ ਸਿੰਘ ਮੈਲਡੇ | ਜਗਦੀਸ਼ ਸਿੰਘ ਚਾਹਲ | ਅਵਤਾਰ ਸਿੰਘ ਗਗੜਾ

ਆਸ ਕਰਦੇ ਹਾਂ ਕਿ ਅੱਗੇ ਨੂੰ ਵੀ ਪੈਨਸ਼ਨਰਜ਼ ਸਾਂਝੇ ਸੰਘਰਸ਼ ਵਿਚ ਵੱਧ ਚੜ੍ਹ ਕੇ ਸ਼ਾਮਲ ਹੋਣਗੇ। ਪੈਨਸ਼ਨ ਸੋਧ ਫਾਰਮੂਲਾ 2.59 ਦੀ ਪ੍ਰਾਪਤੀ ਲਈ ਸੰਘਰਸ਼ ਲਗਾਤਾਰ ਜਾਰੀ ਰਹੇਗਾ।

ਦਿ ਰੈਵੀਨਿਊ ਪਟਵਾਰ ਯੂਨੀਅਨ ਪੰਜਾਬ (ਰਜਿ) ਵੱਲੋਂ ਜ਼ਿਲ੍ਹਾ ਜਲੰਧਰ ਦੀ ਸਾਲ 2023 ਦੀ ਡਾਇਰੀ ਏ.ਡੀ.ਸੀ ਜਲੰਧਰ ਮੇਜਰ ਅਮਿਤ ਮਹਾਜਨ, ਐਸ.ਡੀ.ਐਮ ਜਲੰਧਰ-1 ਜੈ ਇੰਦਰ, ਐਸ.ਡੀ.ਐਮ ਜਲੰਧਰ-2 ਬਲਵੀਰ ਰਾਜ ਸਿੰਘ, ਹਰਸਿਮਰਨਜੀਤ ਕੌਰ ਪੀ.ਸੀ.ਐਸ (ਯੂ.ਟੀ), ਗੁਰਮਿੰਦਰ ਸਿੰਘ ਸੰਘੇੜਾ ਪ੍ਰਧਾਨ ਜ਼ਿਲ੍ਹਾ ਜਲੰਧਰ ਅਤੇ ਹੋਰ ਹਾਜ਼ਰ ਸਨ। ਇਹ ਜਾਣਕਾਰੀ ਤਹਿਸੀਲ ਪਟਵਾਰ ਯੂਨੀਅਨ ਫਿਲੌਰ ਸੰਦੀਪ ਕੁਮਾਰ ਵੱਲੋਂ ਦਿੱਤੀ ਗਈ।

(ਫੋਟੋ ਤੇ ਵੇਰਵਾ : ਨਿਰਮਲ ਫਿਲੌਰ)